
SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ
ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938

ਹਫਤਾਵਾਰੀ

# ਦੇਸ਼ ਦੁਆਬਾ

VOL - 7 ISSUE - 15
July 25, 2018
Postal Address
5101 Doe Hollow Pl., Antelope, CA-95843
www.deshdoaba.com
www.ambedkartimes.com

Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ



ਮਹਾਨ ਸ਼ਹੀਦ, ਸ਼ਹੀਦ ਊਧਮ ਸਿੰਘ ਦੀ ਮਹਾਨ ਸ਼ਹਾਦਤ ਨੂੰ ਯਾਦ ਕਰਦਿਆਂ ਅਦਾਰਾ 'ਦੇਸ਼ ਦੁਆਬਾ' ਦਿਲੀ ਪ੍ਰਣਾਮ ਕਰਦਾ ਹੈ। ਸ਼ਹੀਦ ਊਧਮ ਸਿੰਘ ਦੇ ਸ਼ਹੀਦੀ ਦਿਵਸ ਨੂੰ ਸਮਰਪਿਤ **ਲੇਖ ਦੇਖੋ ਸਫਾ 6 'ਤੇ)**




21 ਜੁਲਾਈ 2018 ਨੂੰ ਜਵਾਹਰ ਨਵੋਦਿਆ ਵਿਦਿਆਲਿਆ ਰੱਖ ਜਗਾਣੂ (ਊਧਮਪੁਰ) 'ਚ ਵਣ ਮਹਾਂਉਤਸਵ ਮਨਾਇਆ ਗਿਆ। ਹੋਰ ਜਾਣਕਾਰੀ ਲਈ **(ਦੇਖੋ ਸਫਾ 13 'ਤੇ)**

# ਅਮਰੀਕਾ-ਮੈਕਸਿਕੋ ਸਰਹੱਦ 'ਤੇ ਬੰਦੀ 60 ਹਜ਼ਾਰ ਭਾਰਤੀਆਂ 'ਚੋਂ 90 ਫ਼ੀਸਦੀ ਪੰਜਾਬੀ

**ਲੁਧਿਆਣਾ (ਬਿਊਰੋ)-** ਸੀਨੀਅਰ ਕਾਂਗਰਸੀ ਆਗੂ ਅਤੇ ਸਾਬਕਾ ਕੇਂਦਰੀ ਮੰਤਰੀ ਮਨੀਸ਼ ਤਿਵਾੜੀ ਨੇ ਕਿਹਾ ਕਿ ਅਮਰੀਕਾ ਵਿੱਚ ਮੁਲਕ ਦੀ ਮੈਕਸਿਕੋ ਨਾਲ ਲੱਗਦੀ ਸਰਹੱਦ ਉਤੇ 60 ਹਜ਼ਾਰ ਦੇ ਕਰੀਬ ਭਾਰਤੀ ਨੌਜਵਾਨਾਂ ਨੂੰ ਬੰਦੀ ਬਣਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਵਿੱਚ ਵੱਡੀ ਗਿਣਤੀ ਪੰਜਾਬੀਆਂ ਦੀ ਹੈ। ਉਨ੍ਹਾਂ ਕਿਹਾ ਕਿ ਆਪਣੀ ਹਾਲੀਆ ਅਮਰੀਕਾ ਫੇਰੀ ਦੌਰਾਨ ਉਹ ਖ਼ੁਦ ਇਨ੍ਹਾਂ ਜੇਲ੍ਹਖ਼ਾਨਿਆਂ ਵਿੱਚ ਗਏ ਸਨ ਤੇ ਉਥੇ ਹਾਲਾਤ ਬਹੁਤ ਚਿੰਤਾਜਨਕ ਹਨ। ਉਨ੍ਹਾਂ ਕਿਹਾ ਕਿ ਇਸ ਮੌਕੇ ਉਨ੍ਹਾਂ ਨੂੰ ਦੱਸਿਆ ਗਿਆ ਕਿ ਅਮਰੀਕੀ ਜੇਲ੍ਹਾਂ ਵਿੱਚ ਅਜਿਹੇ 60 ਹਜ਼ਾਰ ਭਾਰਤੀ ਨੌਜਵਾਨ ਬੰਦੀ ਹਨ, ਜਿਹੜੇ ਗ਼ੈਰਕਾਨੂੰਨੀ ਢੰਗ ਨਾਲ ਮੈਕਸਿਕੋ ਤੋਂ ਅਮਰੀਕਾ ਵਿੱਚ ਦਾਖ਼ਲ ਹੋਣ ਦੀ ਕੋਸ਼ਿਸ਼ ਕਰਦਿਆਂ ਫੜੇ ਗਏ। ਉਨ੍ਹਾਂ ਕਿਹਾ, ''ਇਨ੍ਹਾਂ ਵਿੱਚੋਂ 90 ਫ਼ੀਸਦੀ ਪੰਜਾਬੀ ਹਨ।'' ਸ੍ਰੀ ਤਿਵਾੜੀ ਇਥੇ ਪੰਜਾਬ ਕਾਂਗਰਸ ਦੇ ਸਕੱਤਰ ਸਤਵਿੰਦਰ ਜਵੱਦੀ ਵੱਲੋਂ ਸੱਦੀ ਪਾਰਟੀ ਵਰਕਰਾਂ ਦੀ ਮੀਟਿੰਗ ਨੂੰ ਸੰਬੋਧਨ ਕਰ ਰਹੇ ਸਨ। ਆਪਣਾ ਘਰ-ਬਾਰ ਛੱਡ ਕੇ ਵਿਦੇਸ਼ੀ ਜੇਲ੍ਹਾਂ ਵਿੱਚ ਰੁਲ ਰਹੇ ਇਨ੍ਹਾਂ ਪੰਜਾਬੀਆਂ ਦੀ ਤਰਸਯੋਗ ਹਾਲਤ 'ਤੇ ਚਿੰਤਾ ਜ਼ਾਹਰ ਕਰਦਿਆਂ ਉਨ੍ਹਾਂ ਕਿਹਾ ਕਿ ਇਨ੍ਹਾਂ ਦੀ ਰਿਹਾਈ ਲਈ ਵਿਦੇਸ਼ ਮੰਤਰਾਲੇ ਦੇ ਪੱਧਰ 'ਤੇ ਕੋਸ਼ਿਸ਼ਾਂ ਹੋਣੀਆਂ ਚਾਹੀਦੀਆਂ ਹਨ ਅਤੇ ਉਹ ਉਥੇ ਇਹ ਮੁੱਦਾ ਉਠਾ ਚੁੱਕੇ ਹਨ।



# ਨਿਊਯਾਰਕ ਦੇ ਸਕੂਲ ਪੜ੍ਹਾਉਣਗੇ ਅਮਰੀਕੀਆਂ ਨੂੰ ਸਿੱਖੀ ਦਾ ਪਾਠ

**ਨਿਊ ਯਾਰਕ (ਬਿਊਰੋ)-** ਅਮਰੀਕਾ ਵਿੱਚ ਰਹਿੰਦੇ 70 ਫ਼ੀਸਦ ਲੋਕ ਸਿੱਖੀ ਦੇ ਫ਼ਲਸਫ਼ੇ ਤੋਂ ਅਨਜਾਣ ਹਨ। ਲਿਹਾਜ਼ਾ ਵਿਦਿਆਰਥੀਆਂ ਨੂੰ ਹੁਣ ਸਿੱਖੀ, ਸਿੱਖ ਧਰਮ ਤੇ ਉਨ੍ਹਾਂ ਦੀਆਂ ਰਵਾਇਤਾਂ ਬਾਰੇ ਸਿੱਖਿਅਤ ਕਰਨ ਲਈ ਨਿਊ ਯਾਰਕ ਦੇ ਸਕੂਲਾਂ ਵੱਲੋਂ ਆਪਣੇ ਪਾਠਕ੍ਰਮ ਵਿੱਚ ਘੱਟਗਿਣਤੀ ਭਾਈਚਾਰੇ ਬਾਰੇ ਸਬਕ ਸ਼ਾਮਲ ਕੀਤੇ ਜਾਣਗੇ। ਇਹ ਦਾਅਵਾ ਇਕ ਮੀਡੀਆ ਰਿਪੋਰਟ 'ਚ ਕੀਤਾ ਗਿਆ ਹੈ।

ਫੌਕਸ 5 ਐਨਵਾਈ ਦੀ ਰਿਪੋਰਟ ਮੁਤਾਬਕ ਇਕ ਗੈਰ ਲਾਭਕਾਰੀ ਸਿੱਖ ਜਥੇਬੰਦੀ 'ਦਿ ਯੂਨਾਈਟਿਡ ਸਿੱਖਜ਼' ਨੇ ਨਿਊ ਯਾਰਕ ਸ਼ਹਿਰ ਦੇ ਸਿੱਖਿਆ ਵਿਭਾਗ ਦੇ ਸਹਿਯੋਗ ਨਾਲ ਅਮਰੀਕੀ ਵਿਦਿਆਰਥੀਆਂ ਨੂੰ ਸਿੱਖੀ ਦਾ ਪਾਠ ਪੜ੍ਹਾਉਣ ਦਾ ਬੀੜਾ ਚੁੱਕਿਆ ਹੈ। ਰਿਪੋਰਟ 'ਚ ਕਿਹਾ ਗਿਆ ਹੈ ਕਿ ਉਹ ਨਿਊ ਯਾਰਕ ਦੇ ਪੰਜ ਸਕੂਲਾਂ 'ਚ ਪੰਜਵੀਂ ਤੇ ਛੇਵੀਂ ਜਮਾਤ ਤੋਂ ਇਸ ਨਵੇਂ ਪਾਠਕ੍ਰਮ ਨੂੰ ਸ਼ਾਮਲ ਕਰਨਗੇ। 'ਦਿ ਯੂਨਾਈਟਿਡ ਸਿੱਖਜ਼' ਦੇ ਸੀਨੀਅਰ ਪਾਲਿਸੀ ਸਲਾਹਕਾਰ ਪ੍ਰਿਤਪਾਲ ਸਿੰਘ ਨੇ ਕਿਹਾ ਕਿ ਉਨ੍ਹਾਂ ਦੀ ਜਥੇਬੰਦੀ ਵੱਲੋਂ ਕੀਤੇ ਅਧਿਐਨ 'ਚ ਪਤਾ ਲੱਗਾ ਹੈ ਕਿ 70 ਫੀਸਦੀ ਅਮਰੀਕੀਆਂ ਨੂੰ ਸਿੱਖਾਂ ਦੀ ਪਛਾਣ ਨਹੀਂ ਹੈ। ਅਮਰੀਕੀ ਵਿਦਿਆਰਥੀ ਆਪਣੇ ਸਿੱਖ ਜਮਾਤੀਆਂ ਬਾਰੇ ਵੀ ਕੋਰੇ ਹਨ। ਰਿਪੋਰਟ 'ਚ ਸਿੰਘ ਦੇ ਹਵਾਲੇ ਨਾਲ ਕਿਹਾ, 'ਉਨ੍ਹਾਂ ਨੂੰ ਇਸ ਗੱਲ ਦੀ ਕੋਈ ਸੋਝੀ ਨਹੀਂ ਕਿ ਅਸੀਂ ਕੌਣ ਹਾਂ, ਸਾਡੀ ਹੋਂਦ ਕੀ ਹੈ, ਅਸੀਂ ਕਿੱਥੋਂ ਆਏ ਹਾਂ ਜਾਂ ਅਸੀਂ ਕਿਸ ਮੁਲਕ 'ਚੋਂ ਆਉਂਦੇ ਹਾਂ। ਇਹ ਤੱਥ ਕਿ ਅਸੀਂ ਭਾਰਤ ਨਾਲ ਸਬੰਧ ਰੱਖਦੇ ਹਾਂ, ਨੂੰ ਠੀਕ ਢੰਗ ਨਾਲ ਨਹੀਂ ਸਮਝਿਆ ਜਾਂਦਾ।' ਨਵੇਂ ਪਾਠਕ੍ਰਮ ਦਾ ਰਸਮੀ ਐਲਾਨ ਭਾਵੇਂ ਸ਼ੁੱਕਰਵਾਰ ਨੂੰ ਕੀਤਾ ਗਿਆ ਸੀ, ਪਰ ਅਸਲ ਵਿੱਚ ਸ਼ਹਿਰ ਦੇ ਕੁਝ ਸਕੂਲਾਂ ਦੀਆਂ ਜਮਾਤਾਂ ਵਿੱਚ ਇਸ ਦੀ ਪਲੇਠੀ ਸ਼ੁਰੂਆਤ ਸਤੰਬਰ 2016 ਵਿੱਚ ਹੋਈ ਸੀ।


MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
ਵੀਜ਼ਾ
WE OPEN 7-DAYS A WEEK
Note: I am not an Immigration Attorney.
msandhu2014@gmail.com
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
6930 65TH STREET # 115 SACRAMENTO CA 95823

Sandeep Jony Bagga


RAMESH SUMAN
Broker Realtor
RCS-D TM
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.

* Please call us for Professional & reliable services at reasonable rates.
959 Corporate Way, Fremont, CA. 94539


BERKSHIRE HATHAWAY Home Services
ELITE REAL ESTATE
* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ
ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ-ਵੇਚ,
ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ;
Shangara Ram
Realtor CalBRE# 01969522
Cell: 916-479-5587
Fax # 916-721-2373
Office: 916-681-5112
shangararam2@gmail.com
7412 Elsie Ave., Sacramento, CA 95828


LIC# 01959890
Independently Owned & Operated
Jiwan Rattu
Jiwan.realtor@gmail.com
Realtor2081 Arena Boulevard Suite # 100
Sacramento, CA 95834
RE/MAX GOLD
Cell: (703) 546-6755, Office: (916) 285-1000, Fax: (916) 285-1010
* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ-ਵੇਚ, ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ

ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ

Kash FABRICS



ਸਾਡੀ ਸਪੈਸ਼ਲਟੀ

* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।

Appointments & Walk-Ins Welcome
Tuesday - Sunday: 11 AM - 8 PM



ਕਸ਼ਮੀਰ ਸਿਘ ਦੁੱਗਾ ਅਤੇ ਗੁਰਜੀਤ ਕੌਰ ਦੁੱਗਾ

Threading Salon
Specializing in:
Eyebrow Threading .... $5
Full Face Threading, Facial,
Unique Mehndi Designs,
Natural Henna for Hair



KASH FABRICS
ONE STOP SHOPPING CENTRE
29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com
Like us on Facebook | Follow us on Instagram



INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
CHAAT PLATE ONLY FOR $2.99
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ

WE HAVE LARGEST COLLECTION FOR INDIAN FIJIAN & PAKISTANI GROCERY

MUSIC, FABRIC ARTIFICIAL JEWELRY, SWEETS, FRESH VEGETABLES & MORE..




ਕਸ਼ਮੀਰ ਸਿੰਘ ਹੀਰਾ



ਬਰਿੰਦਰ ਬੰਗੜ

Super Eyebrow Threading Now Open
Eyebrow Threading & Henna Tattoo
7 times, Get 8th one free!



Inside India Market

SACRAMENTO
5203 EKLHORN BLVD
SACRAMENTO CA 95842
916- 338-5511

WALK INS WELCOME

ROSEVILLE
1265 PLEASANT GROVE BLVD.
# 100 ROSEVILLE, CA 95747
916- 786-7666

Cell : 916-798-8142
Email: IndiaMarketRoseville@gmail.com



Raja SWEETS & CATERING
AUTHORIZED CATERER FOR MAJOR 5-STAR HOTELS



ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

ADDITIONAL SERVICE
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619

Email: msbains@rajasweets.com
www.rajasweets.com
Find us on facebook rajasweetsandcatering
Follow us on Twitter rajasweets



INDIA BAZAAR



Jai Ram Gaught
Harjit Gaught (Happy)

INDIAN, PAKISTANI & FIJJIAN GROCERIES

WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS

CALL TO HAPPY
Cell: (209)-487-2127
Ph: (209) 478-0285
Fax: (209) 477-3206

ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।

EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com

# 14ਵੇਂ ਵਿਸ਼ਵ ਕਬੱਡੀ ਕੱਪ ਦੀਆਂ ਤਿਆਰੀਆਂ ਜ਼ੋਰਾਂ ਸ਼ੋਰਾਂ 'ਤੇ

## 16 ਸਤੰਬਰ ਨੂੰ ਸਿਰਜਿਆ ਜਾਵੇਗਾ ਕਬੱਡੀ ਦਾ ਨਵਾਂ ਇਤਿਹਾਸ

**ਸਾਨਫਰਾਂਸਿਸਕੋ (ਬਿਓਰੋ)–** ਯੂਨਾਈਟਡ ਸਪੋਰਟਸ ਕਲੱਬ ਕੈਲੇਫੋਰਨੀਆਂ (ਅਮਰੀਕਾ) ਵਲੋਂ 16 ਸਤੰਬਰ ਦਿਨ ਐਤਵਾਰ ਨੂੰ ਯੂਨੀਅਨ ਸਿਟੀ ਦੇ ਲੋਗਨ ਹਾਈ ਸਕੂਲ ਵਿਖੇ ਕਰਵਾਏ ਜਾਣ ਵਾਲੇ 14ਵੇਂ ਵਿਸ਼ਵ ਕਬੱਡੀ ਕੱਪ ਦੀਆਂ ਤਿਆਰੀਆਂ ਅੱਜਕੱਲ ਜ਼ੋਰਾਂ ਸ਼ੋਰਾਂ ਨਾਲ ਜਾਰੀ ਹਨ। ਕਲੱਬ ਦੇ ਮੁੱਖ ਸਰਪ੍ਰਸਤ ਅਤੇ ਪ੍ਰਬੰਧਕ ਸ. ਅਮੋਲਕ ਸਿੰਘ ਗਾਖਲ ਨੇ ਕਬੱਡੀ ਕੱਪ ਵਿਚ ਭਾਗ ਲੈਣ ਵਾਲੀਆਂ ਸ਼ੇਰੇ ਪੰਜਾਬ ਸਪੋਰਟਸ ਕਲੱਬ ਲਾਸ ਬੈਨਿਸ (ਲੱਛਰ ਭਰਾ), ਰਾਇਲ ਕਿੰਗਜ਼ ਯੂ.ਐੱਸ.ਏ (ਸ਼ੱਬਾ ਥਿਆੜਾ), ਮਿਡਵੈੱਸਟ ਕਬੱਡੀ ਕਲੱਬ (ਵਿੱਕੀ ਸੰਮੀਪੁਰੀਆ ਤੇ ਤਾਰੀ) ਅਤੇ ਕਨੇਡਾ ਕਬੱਡੀ ਕਲੱਬ (ਪੰਮਾ ਦਿਓਲ ਤੇ ਸੇਵਾ ਸਿੰਘ ਰੰਧਾਵਾ) ਆਦਿ ਚਾਰ ਟੀਮਾਂ ਟੀਮਾਂ ਦਾ ਐਲਾਨ ਕਰਦਿਆਂ ਕਿਹਾ ਕਿ ਇਸ 14ਵੇਂ ਵਿਸ਼ਵ ਕਬੱਡੀ ਕੱਪ ਵਿਚ ਨਾ ਸਿਰਫ ਦਰਸ਼ਕਾਂ ਨੂੰ ਕਬੱਡੀ ਦੇ ਬਿਹਤਰੀਨ ਰੰਗ ਵੇਖਣ ਨੂੰ ਮਿਲਣਗੇ ਸਗੋਂ ਵਿਸ਼ਵ ਭਰ ਦੇ ਕਬੱਡੀ ਖਿਡਾਰੀ ਇਸ ਖੇਡ ਮੇਲੇ ਵਿਚ ਆਪਣੀ ਕਲਾ ਦੇ ਜੌਹਰ ਦਿਖਾ ਕੇ ਇਕ ਵੱਖਰਾ ਇਤਿਹਾਸ ਵੀ ਸਿਰਜਣਗੇ। ਉਨ੍ਹਾਂ ਦੱਸਿਆ ਕਿ ਵਿਸ਼ਵ ਕਬੱਡੀ ਕੱਪ ਦਾ ਉਦਘਾਟਨ ਸ. ਸੁਰਜੀਤ ਸਿੰਘ ਟੁੱਟ, ਮਲਕੀਤ ਸਿੰਘ ਬੋਪਾਰਾਏ, ਅਟਾਰਨੀ ਜਸਪ੍ਰੀਤ ਸਿੰਘ ਅਤੇ ਸਾਬਕਾ ਖਿਡਾਰੀ ਮੇਜਰ ਸਿੰਘ ਬੈਂਸ ਕਰਨਗੇ। ਸ. ਗਾਖਲ ਨੇ ਕਿਹਾ ਕਿ ਉਹ ਮਾਣ ਕਰਦੇ ਹਨ ਕਿ ਪਹਿਲਾਂ ਵਾਂਗ ਹੀ ਪਹਿਲਾ ਇਨਾਮ ਡਾਇਮੰਡ ਟਰਾਂਸਪੋਰਟ ਦੇ ਗੁਲਵਿੰਦਰ ਸਿੰਘ ਗਾਖਲ, ਪਿੰਕੀ ਅਤੇ ਨੇਕੀ ਅਟਵਾਲ ਵਲੋਂ ਅਤੇ ਦੂਸਰਾ ਇਨਾਮ ਸਹੋਤਾ ਪਰਿਵਾਰ ਦੇ ਜੁਗਰਾਜ ਸਿੰਘ ਸਹੋਤਾ ਅਤੇ ਨਰਿੰਦਰ ਸਿੰਘ ਸਹੋਤਾ ਆਪਣੇ ਪਿਤਾ ਸ.



ਕਸ਼ਮੀਰ ਸਿੰਘ ਸਹੋਤਾ ਦੀ ਯਾਦ ਵਿਚ ਦੇਣਗੇ ਜਦੋਂ ਕਿ ਅੰਡਰ-25 ਵਿਚ ਪਹਿਲਾ ਪੰਜਾਬ ਨੌਰਦਨ ਕੈਲੇਫੋਰਨੀਆਂ ਕਲੱਬ ਤੇ ਤੱਖਰ ਪਰਿਵਾਰ ਮਰਹੂਮ ਸੰਤੋਖ ਸਿੰਘ ਤੱਖਰ ਦੀ ਯਾਦ ਵਿਚ ਦੇਵੇਗਾ। ਯੂਨੀਅਨ ਸਿਟੀ ਦੇ ਰਾਜਾ ਸਵੀਟਸ ਵਿਚ ਹੋਈ ਮੀਟਿੰਗ ਜਿਸ ਵਿਚ ਕਲੱਬ ਦੇ ਚੇਅਰਮੈਨ ਮੱਖਣ ਸਿੰਘ ਬੈਂਸ, ਇਕਬਾਲ ਸਿੰਘ ਗਾਖਲ, ਪ੍ਰਧਾਨ ਬਲਵੀਰ ਸਿੰਘ ਭਾਟੀਆ, ਪਲਵਿੰਦਰ ਸਿੰਘ ਗਾਖਲ, ਜੁਗਰਾਜ ਸਿੰਘ ਸਹੋਤਾ ਤੇ ਨਰਿੰਦਰ ਸਿੰਘ ਸਹੋਤਾ ਦੀ ਹਾਜ਼ਰੀ ਵਿਚ ਫੈਸਲਾ ਕੀਤਾ ਗਿਆ ਦਰਸ਼ਕਾਂ ਨੂੰ ਹਰ ਤਰ੍ਹਾਂ ਦੀ ਸਹੂਲਤ ਪ੍ਰਦਾਨ ਕੀਤੀ ਜਾਵੇਗੀ, ਪਾਰਕਿੰਗ ਅਤੇ ਬੈਠਣ ਦਾ ਵਧੀਆ ਪ੍ਰਬੰਧ ਹੋਵੇਗਾ। ਇਸ ਟੂਰਨਾਮੈਂਟ ਨੂੰ ਪੀ.ਟੀ.ਸੀ ਚੈਨਲ ਤੋਂ ਸਿੱਧਾ ਪ੍ਰਸਾਰਿਤ ਕੀਤਾ ਜਾਵੇਗਾ ਇਸ ਲਈ ਬੀਬੀਆਂ, ਬੱਚਿਆਂ, ਬਜ਼ੁਰਗਾਂ ਅਤੇ ਅਪੰਗਾਂ ਦੇ ਬੈਠਣ ਦਾ ਖਾਸ ਪ੍ਰਬੰਧ ਕੀਤਾ ਜਾਵੇਗਾ।

ਟੂਰਨਾਮੈਂਟ ਦੇ ਜਨਰਲ ਸਕੱਤਰ ਅਤੇ ਮੀਡੀਆ ਇੰਚਾਰਜ ਐੱਸ.ਅਸ਼ੋਕ.ਭੌਰਾ ਨੇ ਕਿਹਾ ਕਿ ਯੂਨਾਈਟਡ ਸਪੋਰਟਸ ਕਲੱਬ, ਰਾਜਾ ਸਵੀਟਸ, ਗੁਰਦੁਆਰਾ ਸਾਹਿਬ ਫਰੀਮੌਂਟ, ਸੈਨਹੋਜ਼ੇ, ਸਟਾਕਟਨ ਅਤੇ ਸਿੰਘ ਸਭਾ ਮਿਲਪੀਟਸ ਦੇ ਸਹਿਯੋਗ ਨਾਲ ਸਾਰਾ ਦਿਨ ਗੁਰੂ ਕਾ ਅਤੁੱਟ ਲੰਗਰ ਵਰਤੇਗਾ। ਦਰਸ਼ਕਾਂ ਨੂੰ ਹੁੰਮ ਹੁਮਾ ਕੇ ਪਹੁੰਚਣ ਦੀ ਅਪੀਲ ਕਰਦਿਆਂ ਇਸ 14ਵੇਂ ਵਿਸ਼ਵ ਕਬੱਡੀ ਕੱਪ ਦਾ ਹਿੱਸਾ ਬਣਨ ਲਈ ਇਕ ਦਿਨ ਰਾਖਵਾਂ ਰੱਖਣ ਲਈ ਕਿਹਾ ਗਿਆ। ਹੋਰ ਜਾਣਕਾਰੀ ਲਈ 510 415 3315 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਅਮਰੀਕੀਆਂ ਨੂੰ ਠੱਗਣ ਵਾਲੇ 20 ਭਾਰਤੀਆਂ ਨੂੰ ਸਜ਼ਾ

**ਨਿਊਯਾਰਕ–** ਅਮਰੀਕਾ ਵਿੱਚ ਭਾਰਤੀ ਮੂਲ ਦੇ 20 ਵਿਅਕਤੀਆਂ ਨੂੰ ਅਮਰੀਕਾ ਵਿੱਚ ਹੋਏ ਕਰੋੜਾਂ ਡਾਲਰ ਦੇ ਕਾਲ ਸੈਂਟਰ ਘਪਲੇ ਦੇ ਸਬੰਧ ਵਿੱਚ 20 ਸਾਲ ਤੱਕ ਕੈਦ ਦੀ ਸਜ਼ਾ ਸੁਣਾਈ ਗਈ ਹੈ। ਇਸ ਘਪਲੇ ਵਿਚ ਹਜ਼ਾਰਾਂ ਅਮਰੀਕੀ ਨਾਗਰਿਕਾਂ ਨਾਲ ਸੈਂਕੜੇ ਕਰੋੜ ਡਾਲਰਾਂ ਦੀ ਠੱਗੀ ਵੱਜੀ ਸੀ।

ਬੀਤੇ ਹਫ਼ਤੇ 21 ਮੁਲਜ਼ਮਾਂ ਨੂੰ ਦੋਸ਼ੀ ਕਰਾਰ ਦਿੱਤਾ ਗਿਆ ਤੇ ਉਨ੍ਹਾਂ 4 ਸਾਲ ਤੋਂ ਲੈ ਕੇ 20 ਸਾਲ ਤੱਕ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ। ਅਮਰੀਕੀ ਅਟਾਰਨੀ ਜਨਰਲ ਜੈੱਫ ਸੈਸ਼ਨਜ਼ ਅਨੁਸਾਰ "ਭਾਰਤੀ ਕਾਲ ਸੈਂਟਰ ਘਪਲਾ ਸਨਅਤ ਨੂੰ ਨਿਸ਼ਾਨਾ ਬਣਾਉਣ ਲਈ ਪਹਿਲੀ ਵਾਰ ਇਸ ਕਦਰ ਵਿਆਪਕ ਰੂਪ ਵਿੱਚ ਸਜ਼ਾਵਾਂ ਹੋਈਆਂ ਹਨ।" ਦੋਸ਼ੀਆਂ 'ਚੋਂ ਬਹੁਤਿਆਂ ਨੂੰ ਸਜ਼ਾ ਪੂਰੀ ਹੋਣ 'ਤੇ ਵਾਪਸ ਭਾਰਤ ਭੇਜ ਦਿੱਤਾ ਜਾਵੇਗਾ। ਸ੍ਰੀ ਸੈਸ਼ਨਜ਼ ਨੇ ਕਿਹਾ "ਧੋਖੇਬਾਜ਼ਾਂ ਤੇ ਕਾਲੇ ਧਨ ਨੂੰ ਸਾਫ਼ ਬਣਾਉਣ ਦਾ ਧੰਦਾ ਕਰਨ ਵਾਲਿਆਂ ਦੇ ਇਸ ਪਾਰਕੌਮੀ ਅਪਰਾਧਿਕ ਰਿੰਗ ਨੇ ਬਜ਼ੁਰਗ ਅਮਰੀਕੀਆਂ, ਕਾਨੂੰਨੀ ਆਵਾਸੀਆਂ ਤੇ ਹੋਰ ਬਹੁਤ ਸਾਰਿਆਂ ਨੂੰ ਆਪਣੇ ਫਰੇਬੀ ਤੇ ਮਾਇਆਜਾਲ ਵਿਚ ਫਸਾ ਕੇ ਲੁੱਟਿਆ ਸੀ ਪਰ ਹੁਣ ਉਨ੍ਹਾਂ ਨੂੰ ਸਪੱਸ਼ਟ ਹੋ ਗਿਆ ਹੈ ਕਿ ਵਿਭਾਗ ਆਪਣੇ ਪੂਰੇ ਵਸੀਲੇ ਜੁਟਾ ਕੇ ਇਸ ਤਰ੍ਹਾਂ ਦੀਆਂ ਟੈਲੀਫਰਾਡ ਸਕੀਮਾਂ ਦੀਆਂ ਦੁਕਾਨਾਂ ਬੰਦ ਕਰਵਾ ਕੇ ਰਹੇਗਾ ਤੇ ਕਸੂਰਵਾਰਾਂ ਨੂੰ ਜੇਲ੍ਹ ਪਹੁੰਚਾਵੇਗਾ ਤੇ ਪੀੜਤਾਂ ਨੂੰ ਨਿਆਂ ਦੁਆਵੇਗਾ।"

ਅਮਰੀਕੀ ਅਧਿਕਾਰੀਆਂ ਮੁਤਾਬਕ ਭਾਰਤੀ ਕਾਲ ਸੈਂਟਰਾਂ ਨੇ ਵੱਖ ਵੱਖ ਕਿਸਮਾਂ ਦੀਆਂ ਟੈਲੀਫਰਾਡ ਸਕੀਮਾਂ ਜ਼ਰੀਏ ਬਜ਼ੁਰਗਾਂ ਤੇ ਕਾਨੂੰਨੀ ਆਵਾਸੀਆਂ ਸਮੇਤ ਬਹੁਤ ਸਾਰੇ ਅਮਰੀਕੀਆਂ ਨਾਲ ਕਰੋੜਾਂ ਡਾਲਰਾਂ ਦੀ ਠੱਗੀ ਮਾਰੀ ਸੀ। ਇਸ ਘਪਲੇ ਤਹਿਤ ਅਹਿਮਦਾਬਾਦ ਦੇ ਕੁਝ ਕਾਲ ਸੈਂਟਰਾਂ ਦੇ ਕਰਮੀ ਇਨਟਰਲ ਰੈਵੇਨਿਊ ਸਰਵਿਸ ਜਾਂ ਫਿਰ ਯੂਐਸ ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਜ਼ ਦੇ ਅਫ਼ਸਰਾਂ ਦੇ ਤੌਰ 'ਤੇ ਫੋਨ ਕਰ ਕੇ ਅਮਰੀਕਾ ਭਰ ਵਿੱਚ ਲੋਕਾਂ ਨੂੰ ਡਰਾ ਧਮਕਾ ਕੇ ਠੱਗੀਆਂ ਮਾਰਦੇ ਸਨ।

# ਹਜੂਮੀ ਕਤਲਾਂ ਖ਼ਿਲਾਫ਼ ਸਖ਼ਤ ਕਾਨੂੰਨ ਬਣੇਗਾ: ਰਾਜਨਾਥ

**ਨਵੀਂ ਦਿੱਲੀ–** ਹਜੂਮੀ ਕਤਲ ਦੀਆਂ ਵਧਦੀਆਂ ਘਟਨਾਵਾਂ 'ਤੇ ਵਿਰੋਧੀ ਧਿਰ ਵੱਲੋਂ ਹੰਗਾਮਾ ਕੀਤੇ ਜਾਣ ਦਰਮਿਆਨ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਕਿਹਾ ਕਿ ਹਜੂਮੀ ਕਤਲਾਂ ਨੂੰ ਰੋਕਣ ਲਈ ਜੇ ਲੋੜ ਪਈ ਤਾਂ ਸਰਕਾਰ ਵੱਲੋਂ ਕਾਨੂੰਨ ਬਣਾਇਆ ਜਾਵੇਗਾ।

ਉਨ੍ਹਾਂ ਕਿਹਾ ਕਿ ਸਰਕਾਰ ਇਸ ਮੁੱਦੇ ਨੂੰ ਗੰਭੀਰਤਾ ਨਾਲ ਲੈ ਰਹੀ ਹੈ ਅਤੇ ਮੁਲਜ਼ਮਾਂ ਖ਼ਿਲਾਫ਼ ਸਖ਼ਤ ਕਾਰਵਾਈ 'ਤੇ ਵਿਚਾਰ ਕਰ ਰਹੀ ਹੈ। ਜ਼ਿਕਰਯੋਗ ਹੈ ਕਿ ਸਰਕਾਰ ਨੂੰ ਲੋਕ ਸਭਾ ਵਿੱਚ ਇਸ ਮੁੱਦੇ 'ਤੇ ਕਾਂਗਰਸ, ਤ੍ਰਿਣਮੂਲ ਕਾਂਗਰਸ ਅਤੇ ਹੋਰਨਾਂ ਖੱਬੇ ਪੱਖੀ ਪਾਰਟੀਆਂ ਦੇ ਸਖ਼ਤ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਲੋਕ ਸਭਾ ਵਿੱਚ ਸਿਫਰ ਕਾਲ ਦੌਰਾਨ ਵਿਰੋਧੀ ਧਿਰ ਦੇ ਮੈਂਬਰਾਂ ਨੇ ਰੌਲਾ ਪਾਇਆ ਅਤੇ ਉਨ੍ਹਾਂ ਵਿਚੋਂ ਜ਼ਿਆਦਾਤਰ ਸਪੀਕਰ ਦੀ ਕੁਰਸੀ ਨਜ਼ਦੀਕ ਪੁੱਜ ਗਏ। ਇਸ ਤੋਂ ਬਾਅਦ ਸਪੀਕਰ ਸੁਮਿਤਰਾ ਮਹਾਜਨ ਨੇ ਕੁਝ ਆਗੂਆਂ ਨੂੰ ਇਹ ਮੁੱਦਾ ਉਠਾਉਣ ਦੀ ਇਜਾਜ਼ਤ ਦੇ ਦਿੱਤੀ। ਦੂਜੇ ਪਾਸੇ ਮੈਂਬਰਾਂ ਵੱਲੋਂ ਇਸ ਮੁੱਦੇ 'ਤੇ ਪ੍ਰਗਟਾਈ ਚਿੰਤਾ ਦਾ ਜਵਾਬ ਦਿੰਦਿਆਂ ਗ੍ਰਹਿ ਮੰਤਰੀ ਨੇ ਕਿਹਾ ਕਿ ਹਜੂਮੀ ਕਤਲਾਂ ਨੂੰ ਰੋਕਣ ਲਈ ਜੇ ਲੋੜ ਪਈ ਤਾਂ ਸਰਕਾਰ ਕਾਨੂੰਨ ਬਣਾਏਗੀ। ਜ਼ਿਕਰਯੋਗ ਹੈ ਕਿ ਸੋਮਵਾਰ ਨੂੰ ਗ੍ਰਹਿ ਮੰਤਰਾਲੇ ਨੇ ਹਜੂਮੀ ਹਿੰਸਾ ਅਤੇ ਕੁੱਟ ਕੁੱਟ ਕੇ ਮਾਰਨ ਦੀਆਂ ਘਟਨਾਵਾਂ ਨਾਲ ਅਸਰਦਾਰ ਤਰੀਕੇ ਨਾਲ ਨਜਿੱਠਣ ਲਈ ਕਾਨੂੰਨੀ ਪ੍ਰਕਿਰਿਆ ਬਣਾਉਣ ਦੇ ਤਰੀਕਿਆਂ ਸਬੰਧੀ ਸਲਾਹ ਲਈ ਦੋ ਉੱਚੀ ਪੱਧਰੀ ਕਮੇਟੀਆਂ ਬਣਾਉਣ ਦਾ ਐਲਾਨ ਕੀਤਾ ਸੀ। ਰਾਜਨਾਥ ਸਿੰਘ ਨੇ ਕਿਹਾ ਕਿ ਹਜੂਮੀ ਕਤਲ ਦੀਆਂ ਘਟਨਾਵਾਂ ਸਾਲਾਂ ਤੋਂ ਵਾਪਰਦੀਆਂ ਰਹੀਆਂ ਹਨ ਅਤੇ ਹਜੂਮੀ ਕਤਲਾਂ ਦੀ ਸਭ ਤੋਂ ਵੱਡੀ ਘਟਨਾ 1984 ਵਿੱਚ ਵਾਪਰੀ ਸੀ। ਇਸ ਟਿੱਪਣੀ ਦਾ ਕਾਂਗਰਸ ਵੱਲੋਂ ਸਖ਼ਤ ਵਿਰੋਧ ਕੀਤਾ ਗਿਆ ਸੀ। ਹਾਲ ਹੀ ਵਿੱਚ ਵਾਪਰੀ ਹਜੂਮੀ ਕਤਲ ਦੀ ਘਟਨਾ ਸ਼ਨਿਚਰਵਾਰ ਨੂੰ ਰਾਜਸਥਾਨ ਦੇ ਅਲਵਰ ਜ਼ਿਲ੍ਹੇ ਦੇ ਲਾਲਾਵਾਂਡੀ ਪਿੰਡ ਵਿੱਚ ਵਾਪਰੀ ਹੈ ਜਿਥੇ 28 ਸਾਲਾ ਨੌਜਵਾਨ ਨੂੰ ਗਊ ਤਸਕਰੀ ਦੇ ਸ਼ੱਕ ਵਿੱਚ ਕੁੱਟ ਕੁੱਟ ਕੇ ਮਾਰ ਦਿੱਤਾ ਗਿਆ ਸੀ।


SKY TRANSPORT SOLUTIONS

STRIVE FOR MORE

WE PROVIDE ALL TRUCKING RELATED PERMITS AND SERVICES

ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ



SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

2680 N TRACY BLVD, SUITE 4, TRACY, CA 95376



## ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਹੋਣ ਵਾਲੇ ਜੁਲਾਈ ਮਹੀਨੇ ਦੇ ਸਮਾਗਮ

**ਗੁਰੂ ਪਿਆਰ ਸਾਧ ਸੰਗਤ ਜੀਓ**

ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਧੰਨ ਧੰਨ ਸਤਿਗੁਰੂ ਹਰਿਕ੍ਰਿਸ਼ਨ ਮਹਾਰਾਜ ਜੀ ਦਾ ਜੋ ਗੁਰਪੁਰਬ ਮਿਤੀ 13, 14,15 ਜੁਲਾਈ ਨੂੰ ਰੱਖਿਆ ਗਿਆ ਸੀ, ਉਹ ਰੱਦ ਕਰ ਦਿੱਤਾ ਗਿਆ ਹੈ। ਕਿਉਂਕਿ ਗੁਰੂ ਸਾਹਿਬ ਜੀ ਦਾ ਗੁਰਪੁਰਬ 6 ਅਗਸਤ 2018 ਦਿਨ ਸੋਮਵਾਰ ਦਾ ਹੈ। ਇਹ ਸਭ ਤਰੀਕਾਂ ਦਾ ਭੁਲੇਖਾ ਪੈ ਜਾਣ ਕਾਰਨ ਹੋਇਆ। ਹੁਣ ਗੁਰਪੁਰਬ ਗੁਰੂ ਘਰ ਵਿਖੇ ਮਿਤੀ 10, 11, 12 ਅਗਸਤ 2018 ਦਿਨ ਸ਼ੁੱਕਰਵਾਰ, ਸ਼ਨਿਚਰਵਾਰ, ਐਤਵਾਰ ਨੂੰ ਮਨਾਇਆ ਜਾਵੇਗਾ ਜੀ। ਜਿਸ ਵਿਚ 10 ਅਗਸਤ ਦਿਨ ਸ਼ੁੱਕਰਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਆਰੰਭ ਹੋਣਗੇ, ਜਿਹਨਾਂ ਦੇ ਭੋਗ 12 ਅਗਸਤ ਦਿਨ ਐਤਵਾਰ ਨੂੰ ਪਾਏ ਜਾਣਗੇ। ਭੋਗ ਉਪਰੰਤ ਮਹਾਨ ਕੀਰਤਨ ਦਰਬਾਰ ਸਜਾਏ ਜਾਣਗੇ, ਜਿਸ ਵਿਚ ਪੰਥ ਪ੍ਰਸਿੱਧ ਰਾਗੀ, ਢਾਡੀ ਕੀਰਤਨੀਏ ਹਰਿ ਜੱਸ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ। ਇਹਨਾਂ ਸਮਾਗਮਾਂ ਵਿਚ ਜੇ ਕਿਸੇ ਵੀ ਗੁਰਮੁਖ ਪਰਿਵਾਰ ਨੇ ਕੋਈ ਵੀ ਸੇਵਾ ਲੈਣੀ ਹੋਵੇ, ਉਹ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਨਾਲ ਸੰਪਰਕ ਕਰ ਸਕਦੇ ਹਨ ਜੀ।

## Matrimonials

Parents seek suitable medico match for their Dentist Doctor daughter, US Citizen, 34 yrs, 5'-4", attractive, never married, family oriented. Caste no bar. Call or text, Ph: 916-254-6378 or E-mail:psmiles1212@gmail.com

-----------------------------------------------------

Punjabi (Ramdasia Sikh) Clean shave boy age 27 yrs. 5' 7" In San Jose, California. BA Degree in Accounting. Working in a corporate office as a Sr. Accountant. We are looking for a girl in a Sikh family. Caste: No Bar Contact: 408.528.4489 Email: tsumman@yahoo.com



## ਗੁਰੂ ਘਰ ਟਾਇਰਾ ਬਿਊਨਾ ਯੂਬਾ ਸਿਟੀ ਦੇ ਜੁਲਾਈ ਮਹੀਨੇ ਦੇ ਪ੍ਰੋਗਰਾਮ

25 ਜੁਲਾਈ ਬੁੱਧਵਾਰ ਅੰਤਿਮ ਸਸਕਾਰ ਅਤੇ ਅੰਤਿਮ ਅਰਦਾਸ ਮਾਤਾ ਹਰਦੇਵ ਕੌਰ ਦੁਪਹਿਰ 2 ਵਜੇ ਤੋਂ 3 ਵਜੇ ਤੱਕ।

27 ਜੁਲਾਈ ਸ਼ੁੱਕਰਵਾਰ ਤੋਂ 29 ਜੁਲਾਈ ਐਤਵਾਰ ਸ੍ਰੀ ਅਖੰਡ ਪਾਠ ਸਾਹਿਬ ਅਤੇ ਲੰਗਰ ਦੀ ਸੇਵਾ ਵੱਲੋਂ ਸ. ਜਸਬੀਰ ਸਿੰਘ ਬੈਂਸ ਪਰਿਵਾਰ ਵੱਲੋਂ।

28 ਜੁਲਾਈ ਸ਼ਨਿਚਰਵਾਰ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਅਤੇ ਲੰਗਰ ਦੀ ਸੇਵਾ ਵੱਲੋਂ ਕਰਮਜੀਤ ਸਿੰਘ ਪੰਨੂ ਪਰਿਵਾਰ ਵੱਲੋਂ।

28 ਜੁਲਾਈ ਸ਼ਨਿਚਰਵਾਰ ਅੰਤਿਮ ਸਸਕਾਰ ਅਤੇ ਅੰਤਿਮ ਅਰਦਾਸ ਸਵਰਗੀ ਸ. ਹਰਪ੍ਰੀਤਪਾਲ ਸਿੰਘ।

29 ਜੁਲਾਈ ਐਤਵਾਰ ਸਵੇਰੇ ਦੀਵਾਨ ਸ੍ਰੀ ਅਖੰਡ ਪਾਠ ਸਾਹਿਬ, ਭੋਗ ਕਥਾ ਕੀਰਤਨ ਦੀਵਾਨ ਅਤੇ ਲੰਗਰ ਦੀ ਸੇਵਾ ਜਸਬੀਰ ਸਿੰਘ ਬੈਂਸ ਪਰਿਵਾਰ ਵੱਲੋਂ।

# ਆਦਿਵਾਸੀ ਭਾਰਤ ਦੇਸ਼ ਦੇ ਅਸਲੀ ਮਾਲਿਕ ਹਨ

**ਅਸ਼ਵਨੀ ਕੁਮਾਰ 'ਬਲਾਚੌਰ'**

ਆਦਿ-ਵਾਸੀ ਕੌਣ ਹਨ? ਇਸ ਵਿਸ਼ੇ 'ਤੇ ਇਤਿਹਾਸਕਾਰਾਂ ਵਿਚ ਕੋਈ ਮਤਭੇਦ ਨਹੀਂ ਕਿ ਆਰੀਅਨ ਲੋਕ ਵਿਦੇਸ਼ੀ ਹਨ। ਪਰ ਫਿਰ ਵੀ ਇਹ ਸਵਾਲ ਪੈਦਾ ਹੁੰਦਾ ਹੈ ਕਿ ਮੂਲ ਨਿਵਾਸੀ ਕੌਣ ਹਨ। ਅਨੁਸੂਚਿਤ ਜਾਤੀਆਂ ਜਿਹਨਾਂ ਨੂੰ ਅਛੂਤ ਬਣਾ ਦਿੱਤਾ ਗਿਆ ਅਤੇ ਬ੍ਰਾਹਮਣਵਾਦੀ ਸਰਕਾਰਾਂ ਦਾ ਵਿਰੋਧ ਕਰਦੇ ਹਨ, ਅਨੁਸੂਚਿਤ ਜਾਤੀ ਜਨ-ਜਾਤੀ ਜਿਨ੍ਹਾਂ ਦੀ ਸੱਭਿਅਤਾ ਅੱਜ ਵੀ ਵੱਖਰੀ ਦਿਖਾਈ ਦਿੰਦੀ ਹੈ ਅਤੇ ਜਿਹਨਾਂ 'ਤੇ ਹਿੰਦੂ ਕੋਡ ਬਿਲ ਲਾਗੂ ਨਹੀਂ ਹੁੰਦੇ ਅਤੇ ਪਿਛੜੇ ਵਰਗਾਂ ਦੇ ਲੋਕ ਜਿਹਨਾਂ ਨੂੰ ਆਰੀਆ ਬ੍ਰਾਹਮਣਾਂ ਨੇ ਹੱਕ ਅਧਿਕਾਰਾਂ ਤੋਂ ਵਾਂਝੇ ਕਰ ਦਿੱਤਾ। ਇਹਨਾਂ ਵਰਗਾਂ ਨੂੰ 6000 ਜਾਤਾਂ ਵਿਚ ਵੰਡ ਦਿੱਤਾ। ਕੀ ਇਹ ਸਾਬਤ ਨਹੀਂ ਹੁੰਦਾ ਕਿ ਇਹ ਲੋਕ ਮੂਨ ਨਿਵਾਸੀ ਹਨ। ਇਤਨਾ ਹੀ ਨਹੀਂ ਜਿਨ੍ਹਾਂ ਲੋਕਾਂ ਨੇ ਧਰਮ ਬਦਲੀ ਕੀਤੀ ਜਿਹਨਾਂ ਨੂੰ ਅਲਪ ਸੰਖਿਅਕ ਘੱਟ ਗਿਣਤੀ ਕਿਹਾ ਜਾਂਦਾ ਹੈ, ਉਹ ਵੀ ਮੂਲ ਨਿਵਾਸੀ ਹਨ। ਕੀ ਕੋਈ ਸਭਿਅਤਾ ਸੰਸਕ੍ਰਿਤੀ ਅਤੇ ਧਰਮ ਆਪਣੇ ਹੀ ਕਰੋੜਾਂ ਭਰਾਵਾਂ ਨੂੰ ਹੱਕ ਅਧਿਕਾਰ ਤੋਂ ਵਾਂਝੇ ਰੱਖਣ ਦੀ ਸਾਜਿਸ਼ ਕਰ ਸਕਦਾ ਹੈ। ਇਸ ਤੋਂ ਇਹ ਸਾਬਤ ਹੁੰਦਾ ਹੈ ਕਿ ਆਰੀਆ ਲੋਕ ਆਦਿ-ਵਾਸੀਆਂ ਦੇ ਵਿਰੋਧੀ ਸਨ। ਵੈਦਿਕ ਸਾਹਿਤ ਵਿਚ ਵੀ ਕਈ ਸਬੂਤ ਮਿਲਦੇ ਹਨ। ਜਿਹਨਾਂ ਵਿਚ ਅਨਾਰੀਆ, ਦਾਸ ਦਸਉ, ਅਸੁਰ, ਰਾਖਸ਼ਿਸ਼ ਜਿਹੇ ਸੰਬੋਧਨ ਆਦਿ-ਵਾਸੀਆਂ ਨਾਲ ਸਬੰਧਤ ਹਨ। ਇਨ੍ਹਾਂ ਕਾਰਨਾਂ ਕਰਕੇ ਅਸੀਂ ਅਨੁਸੂਚਿਤ ਜਾਤੀ, ਅਨੁਸੂਚਿਤ ਜਨ-ਜਾਤੀ (15ਗ), ਪਿਛੜਾ ਵਰਗ (3743 ਜਾਤਾਂ) ਭਾਰਤ ਦੀ ਜਨਸੰਖਿਆ ਦਾ 52ਗ ਅਤੇ ਘੱਟ ਗਿਣਤੀ ਨੂੰ ਜਿਸ ਵਿਚ (ਸਿੱਖ, ਇਸਾਈ, ਮੁਸਲਮਾਨ, ਬੋਧੀ ਆਦਿ) ਨੂੰ ਮੈਂ ਭਾਰਤ ਦੇਸ਼ ਦੇ ਆਦਿ-ਵਾਸੀ (ਮੂਲ ਨਿਵਾਸੀ) ਮੰਨਦਾ ਹਾਂ। ਸਮੱਸਿਆਵਾਂ ਦੇ ਦ੍ਰਿਸ਼ਟੀਕੋਣ ਤੋਂ ਦੇਖਿਆ ਜਾਵੇ ਤਾਂ ਇਹ ਵਰਗ ਸਭ ਤੋਂ ਜ਼ਿਆਦਾ ਸਮੱਸਿਆਵਾਂ ਵਿਚ ਫਸੇ ਹੋਏ ਹਨ। ਇਨ੍ਹਾਂ ਦੀਆਂ ਸਮਾਜਿਕ, ਆਰਥਿਕ, ਰਾਜਨੀਤਿਕ, ਧਾਰਮਿਕ, ਵਿਦਿਅਕ ਸਮੱਸਿਆਵਾਂ ਗੰਭੀਰ ਰੂਪ ਵਿਚ ਪ੍ਰਗਟ ਹੋ ਚੁੱਕੀਆਂ ਹਨ। ਇਸ ਵਿਚ ਕੋਈ ਸ਼ੱਕ ਵਾਲੀ ਗੱਲ ਨਹੀਂ ਰਹੀ। ਭਾਰਤ ਸਰਕਾਰ ਦੇ ਨਾਲ-ਨਾਲ ਪ੍ਰਦੇਸ਼ਕ ਕੋਰਟਾਂ ਅਤੇ ਆਹਲਾ ਕੋਰਟਾਂ ਵੀ ਇਸ ਗੱਲ ਨੂੰ ਮੰਨਦੀਆਂ ਹਨ। ਭਾਰਤ ਸਰਕਾਰ ਨੇ ਖੁਦ ਐਸ. ਸੀ., ਐਸ. ਟੀ. ਲਈ ਕਮਿਸ਼ਨ ਮੁਕੱਰਰ ਕੀਤੇ ਅਤੇ ਸੰਵਿਧਾਨਕ ਮਾਨਤਾ ਦਿੱਤੀ। ਇਸ ਤਰ੍ਹਾਂ ਇਹਨਾਂ ਵਰਗਾਂ ਦੀਆਂ ਵਿਸ਼ੇਸ਼ ਸਮੱਸਿਆਵਾਂ ਖੁਦ ਭਾਰਤ ਸਰਕਾਰ ਮੰਨਦੀ ਹੈ।

ਖੁਦ ਭਾਰਤ ਸਰਕਾਰ ਨੇ ਅਨੁਸੂਚਿਤ ਜਾਤੀ-ਜਨ ਜਾਤੀਆਂ ਦੇ ਇਲਾਵਾ ਜਿਨ੍ਹਾਂ ਜਾਤੀਆਂ ਨੂੰ ਸ਼ਾਸਨ ਪ੍ਰਸ਼ਾਸਨ ਵਿਚ ਹਿੱਸੇਦਾਰੀ ਨਹੀਂ ਦਿੱਤੀ ਗਈ, ਇਸ ਤਰ੍ਹਾਂ ਦੀਆਂ ਜਾਤੀਆਂ ਨੂੰ ਲੱਭਣ ਅਤੇ ਉਹਨਾਂ ਦੀ ਹਿੱਸੇਦਾਰੀ ਨੂੰ ਸੁਰੱਖਿਅਤ ਰੱਖਣ ਲਈ ਮੰਡਲ ਕਮਿਸ਼ਨ ਦੀ ਨਿਯੁਕਤੀ ਕੀਤੀ ਅਤੇ ਉਸ ਕਮਿਸ਼ਨ ਦੀ ਰਿਪੋਰਟ ਨੂੰ ਮਾਨਤਾ ਦਿੱਤੀ ਗਈ। 16 ਨਵੰਬਰ 1992 ਨੂੰ ਭਾਰਤ ਦੀ ਸੁਪਰੀਮ ਕੋਰਟ ਨੇ ਹੀ ਇਸ ਗੱਲ ਨੂੰ ਮਾਨਤਾ ਦਿੱਤੀ ਹੈ।

ਸਮਾਜਿਕ ਵਿਵਸਥਾ ਦੇ ਨਜ਼ਰੀਏ ਤੋਂ: ਮੁੱਠੀ ਭਰ ਸਵਰਨਾਂ (ਆਰੀਆ-ਬ੍ਰਾਹਮਣਾਂ) ਨੇ ਆਪਣੇ ਹਿੱਤਾਂ ਦੇ ਲਈ, ਇਕ ਵਿਵਸਥਾ (ਜਾਤ-ਪਾਤੀ ਸਿਸਟਮ) ਦਾ ਨਿਰਮਾਣ ਕੀਤਾ। ਇਹ ਵਿਵਸਥਾ ਮੁੱਠੀ ਭਰ ਲੋਕਾਂ ਦੇ ਹਿੱਤ ਵਿਚ ਹੈ ਪਰ ਬਹੁ-ਗਿਣਤੀ ਲੋਕਾਂ ਦੇ ਹਿੱਤਾਂ ਦੇ ਵਿਰੋਧੀ ਹੈ। ਗੈਰ ਬਰਾਬਰੀ ਦੀ ਇਸ ਵਿਵਸਥਾ ਦੀ ਸਿਰਫ ਇੰਨੀ ਹੀ ਵਿਸ਼ੇਸ਼ਤਾ ਨਹੀਂ ਹੈ। ਇਸ ਦੀ ਇਕ ਹੋਰ ਵੀ ਵਿਸ਼ੇਸ਼ਤਾ ਹੈ ਕਿ ਆਦਿ-ਵਾਸੀਆਂ ਦੀਆਂ 6000 ਜਾਤਾਂ, ਇਸ ਵਿਵਸਥਾ ਦੀਆਂ ਸ਼ਿਕਾਰ ਹੀ ਨਹੀਂ ਸਗੋਂ ਬਰਾਬਰ ਰੂਪ ਵਿਚ ਸ਼ਿਕਾਰ ਹਨ। ਕੁਝ ਜਾਤਾਂ ਘੱਟ ਸ਼ਿਕਾਰ ਹਨ ਅਤੇ ਕੁਝ ਜ਼ਿਆਦਾ। ਅਨੁਸੂਚਿਤ ਜਾਤੀ, ਜਨ-ਜਾਤੀ ਦੇ ਲੋਕ ਇਸ ਸਮਾਜਿਕ ਵਿਵਸਥਾ ਦੇ ਸਭ ਤੋਂ ਜ਼ਿਆਦਾ ਸ਼ਿਕਾਰ ਹਨ। ਪ੍ਰੰਤੂ ਪਿਛਲੇ ਸਮੇਂ ਦੌਰਾਨ ਸ੍ਰੀ ਗੁਰੂ ਰਵਿਦਾਸ ਜੀ, ਗੁਰੂ ਨਾਨਕ ਦੇਵ ਜੀ, ਸੰਤ ਤੁਕਾ ਰਾਮ, ਸੰਤ ਚੋਖਾ ਮੇਲਾ, ਗੁਰੂ ਘਾਸੀਦਾਸ, ਨਾਮਦੇਵ, ਸਤਿਗੁਰੂ ਕਬੀਰ ਜੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਸ਼ਾਹੂ ਜੀ ਮਹਾਰਾਜ, ਰਾਸ਼ਟਰ ਪਿਤਾ ਜੋਤੀ ਰਾਉ ਫੂਲੇ, ਪੈਰੀਅਰ ਈ. ਵੀ. ਰਾਮਾ ਸਵਾਮੀ ਨਾਇਕਰ, ਬਾਬੂ ਮੰਗੂ ਰਾਮ ਮੁੱਗੋਵਾਲੀਆ ਅਤੇ ਡਾ. ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਇਨ੍ਹਾਂ ਮਹਾਂਪੁਰਖਾਂ ਦੀ ਜੀਵਨ ਭਰ ਅਟੁੱਟ ਘਾਲਣਾ ਸਦਕਾ ਇਹ ਲੋਕ (ਆਦਿਵਾਸੀ) ਉਪਰ ਉਠ ਸਕੇ ਅਤੇ ਉਹਨਾਂ ਵਿਚ ਇਸ ਵਿਵਸਥਾ ਦੇ ਖਿਲਾਫ, ਵਿਰੋਧ ਦੀ ਭਾਵਨਾ ਪੈਦਾ ਹੋਈ। ਬੇਸ਼ੱਕ ਪਿਛੜਾ ਵਰਗ ਇਸ ਵਿਵਸਥਾ ਦਾ ਘੱਟ ਸ਼ਿਕਾਰ ਹੈ ਤਾਂ ਵੀ ਉਨ੍ਹਾਂ ਵਿਚ ਜਾਗ੍ਰਿਤੀ ਦੀਆਂ ਕੋਸ਼ਿਸ਼ਾਂ ਨਾ ਹੋਣ ਕਾਰਨ, ਇਹ ਵਰਗ ਅੱਜ ਇਸ ਵਿਵਸਥਾ ਦਾ ਸਭ ਤੋਂ ਜ਼ਿਆਦਾ ਸ਼ਿਕਾਰ ਹੋ ਗਿਆ। ਮੰਡਲ ਆਯੋਗ ਅਨੁਸਾਰ 3743 ਪਿਛੜੀਆਂ ਜਾਤੀਆਂ ਹਨ ਅਤੇ ਇਨ੍ਹਾਂ ਸਾਰੀਆਂ ਜਾਤੀਆਂ ਨੂੰ ਮਿਲਾ ਕੇ ਪਿਛੜਾ ਵਰਗ ਬਣਨਾ ਚਾਹੀਦਾ ਹੈ। ਪਰ ਅਜਿਹਾ ਵਰਗ ਅੱਜ ਵੀ ਜ਼ੋਰਾਂ 'ਤੇ ਹੈ। ਇਵੇਂ ਹੀ ਅਨੁਸੂਚਿਤ ਜਾਤੀ, ਜਨਜਾਤੀਆਂ ਵਿਚ ਵੀ ਜਾਤੀ ਭਾਵਨਾ ਬਹੁਤ ਹੈ, ਪਰ ਇਸ ਤੋਂ ਇਲਾਵਾ ਉਨ੍ਹਾਂ ਵਿਚ ਇਕ ਵਰਗ ਹੋਣ ਦੀ ਭਾਵਨਾ ਹੋਂਦ ਹੈ, ਜਿਹੜੀ ਹੋਂਦ ਜਾਤੀ-ਭਾਵਨਾ ਨੂੰ ਸਮੁੱਚੇ ਤੌਰ 'ਤੇ ਦਬਾਅ ਕੇ ਰੱਖਦੀ ਹੈ।

**ਇਤਿਹਾਸਕ ਦ੍ਰਿਸ਼ਟੀਕੋਣ-** ਇਤਿਹਾਸਕ ਦ੍ਰਿਸ਼ਟੀਕੋਣ ਤੋਂ ਦੇਖਿਆ ਜਾਵੇ ਤਾਂ ਇਹ ਵਰਗ ਕੁਦਰਤੀ ਤੌਰ 'ਤੇ ਇਕ ਹੀ ਸਮਾਜ ਨਾਲ ਸਬੰਧ ਰੱਖਦੇ ਹਨ। ਪਰ ਇਤਿਹਾਸਕ ਪ੍ਰਕਿਰਿਆ ਵਿਚ ਅਲੱਗ-ਅਲੱਗ ਨਾਵਾਂ ਨਾਲ ਅੱਜ ਜਾਣਿਆ ਪਛਾਣਿਆ ਜਾਂਦਾ ਹੈ। ਇਤਿਹਾਸ ਨੇ ਇਸ ਨੂੰ ਕਿਵੇਂ ਮੋੜ ਦਿੱਤਾ? ਇਸਨੂੰ ਜਾਨਣਾ ਹੋਵੇਗਾ। ਹੁਣ ਇਸ ਵਿਚ ਸ਼ੱਕ ਦੀ ਗੁੰਜਾਇਸ਼ ਨਹੀਂ ਰਹਿਣੀ ਚਾਹੀਦੀ ਕਿ ਆਰੀਆ ਲੋਕ (ਬ੍ਰਾਹਮਣ) ਬਾਹਰ ਤੋਂ ਭਾਰਤ ਆਏ ਅਤੇ ਇੱਥੇ ਦੇ ਮੂਲ ਨਿਵਾਸੀਆਂ 'ਤੇ ਅਤੇ ਉਹਨਾਂ ਦੀ ਸਭਿਅਤਾ ਸੰਸਕ੍ਰਿਤੀ 'ਤੇ ਹਮਲਾ ਕੀਤਾ। ਮੂਲ ਨਿਵਾਸੀਆਂ ਦੀ ਸਿੰਧੂ ਘਾਟੀ ਸੰਸਕ੍ਰਿਤੀ ਖਤਮ ਕਰ ਦਿੱਤੀ, ਸਿੱਧੂ ਸੰਸਕ੍ਰਿਤੀ ਨੂੰ ਹੀ ਦਰਾਵੜਾਂ ਦੀ ਸੰਸਕ੍ਰਿਤੀ ਮੰਨਿਆ ਜਾਂਦਾ ਹੈ, ਸਿਰਫ ਬਾਬਰ ਹੀ ਨਹੀਂ ਆਰੀਆ ਬ੍ਰਾਹਮਣ ਵੀ ਹਮਲਾਵਰ ਸੀ ਅਤੇ ਅੱਜ ਵੀ ਹਨ। ਹਮਲਾਵਰ ਆਰੀਆ ਬ੍ਰਾਹਮਣਾਂ ਨੇ ਭਾਰਤ ਦੇ ਆਦਿਵਾਸੀਆਂ ਤੇ ਆਪਣੀ ਮਰਜ਼. ਦੀ ਸਮਾਜਿਕ-ਵਿਵਸਥਾ ਲਾਗੂ ਕੀਤੀ, ਜਿਸ ਵਿਚ ਪਹਿਲਾਂ ਤਿੰਨ ਹੀ ਵਰਣ ਹੁੰਦੇ ਸੀ, ਜਿਸ ਵਿਚ ਬ੍ਰਾਹਮਣ, ਕਸ਼ੱਤਰੀ ਅਤੇ ਵੈਸ਼ ਆਉਂਦੇ ਸਨ। ਦਾਸ, ਦਸਉ, ਅਨਾਰੀਆ, ਅਸੁਰ, ਬਾਨਰ, ਰਾਖਸ਼ਸ਼, ਭੀਲ, ਚੰਡਾਲ ਆਦਿ ਨਾਮ ਆਰੀਆ ਬ੍ਰਾਹਮਣਾਂ ਨੇ ਇੱਥੋਂ ਦੇ ਆਦਿਵਾਸੀਆਂ ਨੂੰ ਦਿੱਤੇ ਗਏ। ਅੱਜ ਅਸੀਂ ਦੇਖਦੇ ਹ ਾਂ ਕਿ ਇਸ ਦੇਸ਼ ਭਾਰਤ ਵਿਚ ਬੜੀ ਵੱਡੀ ਸੰਖਿਆ ਸ਼ੂਦਰਾਂ ਦੀ ਹੈ। ਚਤੁਰ ਵਰਣ-ਵਿਵਸਥਾ ਨੂੰ ਲਾਗੂ ਕਰਨ ਲਈ ਆਰੀਆ (ਬ੍ਰਾਹਮਣਾਂ) ਨੇ ਬਹੁਤ ਸੰਘਰਸ਼ ਕੀਤਾ ਅਤੇ ਆਰੀਆ ਇਸ ਵਿਚ ਸਫਲ ਵੀ ਹਏ। ਜਦ ਇਸ ਦਾ ਗੰਭੀਰ ਅਸਰ ਸਮਾਜ 'ਤੇ ਪੈਣਾ ਸ਼ੁਰੂ ਹੋਇਆ ਤਾਂ ਇਸਦੇ ਵਿਰੋਧ ਵਿਚ ਗੌਤਮ ਬੁੱਧ ਨੇ ਸਮਾਜਿਕ ਕ੍ਰਾਂਤੀ ਦਾ ਅੰਦੋਲਨ ਸ਼ੁਰੂ ਕੀਤਾ। ਇਸ ਅੰਦੋਲਨ ਵਿਚ ਧਰਮ 'ਚੋਂ ਛੇਕੇ ਗਏ ਕਸ਼ੱਤਰੀਆਂ ਨੇ ਬੁੱਧ ਦਾ ਸਾਥ ਦਿੱਤਾ। ਇਸ ਦੇ ਨਾਲ ਨਾਲ ਬੁੱਧ ਨੂੰ ਮੂਲ ਨਿਵਾਸੀਆਂ ਦਾ ਭਾਰੀ ਮਾਤਰਾ ਵਿਚ ਸਮਰਥਨ ਮਿਲਿਆ। ਬੁੱਧ ਭਾਰਤ ਦੇਸ਼ ਦਾ ਰਾਜਾ ਸੀ। ਧਰਮ 'ਚੋਂ ਕੱਢੇ ਗਏ ਕਸ਼ੱਤਰੀਆਂ ਦਾ ਸਾਥ ਇਸ ਲਈ ਮਿਲਿਆ ਕਿਉਂਕਿ ਉਹ ਆਰੀਆ ਤੋਂ ਦੁਖੀ ਸਨ। ਬੁੱਧ ਦੀ ਸਮਾਜਿਕ ਕ੍ਰਾਂਤੀ ਦੀ ਵਿਚਾਰਧਾਰਾ ਮਾਨਣ ਦੇ ਮਾਣ ਸਨਮਾਨ ਦੇ ਮਿਆਰ ਸਥਾਪਤ ਕਰਨ ਵਾਲੀ ਸੀ। ਇੱਥੇ ਇਹ ਵਰਣਨਯੋਗ ਹੈ ਕਿ ਅੱਜ ਵੀ ਸ਼ਾਕੀਆ ਜਾਤੀ ਦੇ ਲੋਕ ਉਤਰ ਪ੍ਰਦੇਸ਼, ਬਿਹਾਰ ਵਿਚ ਮਿਲਦੇ ਹਨ। ਜੋ ਕਈ ਸ਼ਾਕੀਆ ਵੰਸ਼ ਨਾਲ ਸਬੰਧਤ ਰਹੇ ਹੋਣਗੇ। ਮਹਾਤਮਾ ਬੁੱਧ ਸ਼ਾਕੀਆ ਵੰਸ਼ ਵਿਚੋਂ ਸੀ। ਇਸਨੂੰ ਸਭ ਲੋਕ ਜਾਣਦੇ ਹਨ। ਬੁੱਧ ਜਿਸ ਸ਼ਾਕੀਆ ਵੰਸ਼ ਵਿਚੋਂ ਸੀ, ਉਸ ਜਾਤੀ ਦੇ ਲੋਕ ਅੱਜ ਮੰਡਲ ਕਮਿਸ਼ਨ ਦੇ ਦਾਇਰੇ ਵਿਚ ਸ਼ਾਮਲ ਹਨ, ਇਸ ਤੋਂ ਪਤਾ ਲੱਗਦਾ ਹੈ ਕਿ ਸਮੇਂ ਦੇ ਚੱਕਰ ਵਿਚ ਕੀ-ਕੀ ਕੁਝ ਹੋਇਆ। ਚਤੁਰ ਵਰਣ ਵਿਵਸਥਾ ਦੇ ਖਿਲਾਫ ਜਦ ਬੁੱਧ ਨੂੰ ਭਾਰੀ ਮਾਤਰਾ ਵਿਚ ਸਮਰਥਨ ਮਿਲਿਆ ਤਦ ਬੁੱਧ ਨੇ ਚਾਰ ਵਰਣ ਵਿਵਸਥਾ ਜਿਸ ਵਿਚਾਰਧਾਰਾ 'ਤੇ ਖੜ੍ਹੀ ਸੀ, ਉਸ ਵਿਚਾਰਧਾਰਾ ਨੂੰ ਹੀ ਵੰਗਾਰਿਆ। ਐਸਾ ਕੋਈ ਬਾਕੀ ਸਵਾਲ ਨਹੀਂ ਸੀ ਰਹਿ ਗਿਆ ਜਿਸ ਦਾ ਬੁੱਧ ਨੇ ਦਲੀਲ ਪਤੇ ਆਧਾਰਿਤ ਖੰਡਨ ਨਾ ਕੀਤਾ ਹੋਵੇ। ਇਸ ਤਰ੍ਹਾਂ ਵਰਣ-ਵਿਵਸਥਾ ਦੀ ਵਿਚਾਰਧਾਰਾ ਅਤੇ ਧਰਾਤਲ ਡਗਮਗਾਇਆ।

ਇਸ ਨਾਲ ਆਰੀਆ ਦੀ ਵਿਵਸਥਾ ਡਾਵਾਂਡੋਲ ਬਣ ਗਈ। ਪੜ੍ਹਨ ਅਤੇ ਪੜ੍ਹਾਉਣ ਦੇ ਨਾਲ-ਨਾਲ ਬ੍ਰਾਹਮਣਾਂ ਨੇ ਜੋ ਵਿਸ਼ੇਸ਼ ਧਾਰਮਿਕ ਅਧਿਕਾਰ ਆਪਣੇ ਲਈ ਅਲੱਗ ਰੱਖੇ ਸੀ, ਸਭ ਦੇ ਸਭ ਖਤਰੇ ਵਿਚ ਪੈ ਗਏ। ਜਿਹਨਾਂ 'ਤੇ ਆਰੀਆ (ਬ੍ਰਾਹਮਣਾਂ) ਦੀ ਜ਼ਿੰਦਗੀ ਦਾ ਨਿਰਵਾਹ ਹੁੰਦਾ ਸੀ। ਇਸ ਨਾਲ ਬ੍ਰਾਹਮਣਾਂ ਦੇ ਸਾਹਮਣੇ ਜ਼ਿੰਦਗੀ ਦਾ ਨਿਰਵਾਹ ਕਰਨ ਦੀ ਸਮੱਸਿਆ ਪੈਦਾ ਹੋ ਗਈ ਤੇ ਜੋ ਕੰਮ ਮਿਲਦਾ ਬ੍ਰਾਹਮਣ (ਆਰੀਆ) ਉਹੀ ਕਰਨ ਲੱਗ ਪਏ।

ਸਮਰਾਟ ਅਸ਼ੋਕ ਦੀ ਸੈਨਾ ਵਿਚ ਕਈ ਬ੍ਰਾਹਮਣ ਸ਼ਾਮਲ ਹੋਏ। ਸਮਰਾਜ਼ ਅਸ਼ੋਕ ਦਾ ਪੜਪੋਤਾ ਰਾਜਾ ਬਹਦਰਥ ਹਾਲੇ ਛੋਟੀ ਉਮਰ ਦਾ ਹੀ ਸੀ ਕਿ ਉਸਦ ਪਿਤਾ ਦਾ ਦਿਹਾਂਤ ਹੋ ਗਿਆ। ਨਾਬਾਲਗ ਬਹਦਰਥ ਰਾਜੇ ਦਾ ਸੈਨਾਪਤੀ ਪੁਸ਼ਪ ਸ਼ੁੰਗ ਮਿੱਤਰਾ ਜੋ ਆਰੀਆ ਬ੍ਰਾਹਮਣ ਸੀ, ਬਣਿਆ 'ਤੇ ਰਾਜ ਦੇ ਸਾਰੇ ਕੰਮਕਾਜ ਦੀ ਦੇਖਭਾਲ ਕਰਨ ਲੱਗਾ। ਇਕ ਦਿਨ ਭਰੇ ਦਰਬਾਰ ਵਿਚ ਧੋਖੇਬਾਜ਼ ਬ੍ਰਾਹਮਣ ਸੈਨਾਪਤੀ ਪੁਸ਼ਪ ਸ਼ੂੰਗ ਮਿੱਤਰਾ ਨੇ ਨਾਬਾਲਗ ਰਾਜਾ ਬਹਦਰਥ ਦਾ ਸਿਰ ਕਲਮ ਕਰ ਦਿੱਤਾ ਅਤੇ ਖੁਦ ਰਾਜਾ ਬਣ ਬੈਠਾ।

ਪੁਸ਼ਪ ਸ਼ੂੰਗ ਮਿੱਤਰਾ ਨੇ ਆਪ ਰਾਜਾ ਹੋਣ ਦੀ ਘੋਸ਼ਣਾ ਹੀ ਨਹੀਂ ਕੀਤੀ ਬਲਕਿ ਬ੍ਰਾਹਮਣ ਧਰਮ ਨੂੰ ਰਾਜ ਧਰਮ ਘੋਸ਼ਿਤ ਕਰ ਦਿੱਤਾ ਤੇ ਇਸ ਤਰ੍ਹਾਂ ਬ੍ਰਾਹਮਣੀ ਧਰਮ (ਆਰੀਆ ਧਰਮ) ਸਥਾਪਤ ਕੀਤਾ। ਆਰੀਆ ਧਰਮ ਹੀ ਅੱਜ ਦਾ ਹਿੰਦੂ ਧਰਮ ਹੈ। ਇਸ ਲਈ ਇਸਲਾਮ ਧਰਮ ਜਿਸ ਤਰ੍ਹਾਂ ਵਿਦੇਸ਼ੀ ਹੈ, ਉਸੇ ਤਰ੍ਹਾਂ ਆਰੀਆ ਧਰਮ (ਹਿੰਦੂ ਧਰਮ) ਵੀ ਵਿਦੇਸ਼ੀ 1ਧਰਮ ਹੈ। ਇਹ ਵਿਚਾਰ ਕਰਨ ਵਾਲੀ ਗੱਲ ਹੈ। ਇਸ ਤੋਂ ਆਦਿ ਵਾਸੀ ਜੋ ਧਰਮ ਪ੍ਰਵਰਤਨ ਕਰਕੇ ਬੋਧੀ ਬਣ ਗਏ ਸਨ ਅਤੇ ਧਰਮ 'ਚੋਂ ਛੇਕੇ ਗਏ ਕਸ਼ੱਤਰੀ ਬੁੱਧ ਧਰਮ ਵਿਚ ਚਲੇ ਗਏ ਸੀ, ਉਹਨਾਂ ਵਿਚੋਂ ਖਲਬਲੀ ਮੱਚ ਗਈ, ਕੁਝ ਲੋਕਾਂ ਨੇ ਬ੍ਰਾਹਮਣੀ ਧਰਮ ਨਾਲ ਸਮਝੌਤਾ ਕੀਤਾ, ਕੁਝ ਲੋਕਾਂ ਨੇ ਵਿਰੋਧ ਜਾਰੀ ਰੱਖਿਆ। ਜਿਨ੍ਹਾਂ ਨੇ ਬ੍ਰਾਹਮਣੀ ਧਰਮ ਨਾਲ ਸਮਝੌਤਾ ਕੀਤਾ, ਉਨ੍ਹਾਂ ਨੂੰ ਸ਼ੂਦਰ ਦਾ ਦਰਜਾ ਦਿੱਤਾ ਗਿਆ, ਜਿਨ੍ਹਾਂ ਨੇ ਵਿਰੋਧ ਕੀਤਾ, ਉਹਨਾਂ ਦੀ ਜਾਇਦਾਦ ਅਤੇ ਹਰ ਮਹੱਤਵਪੂਰਨ ਅਧਿਕਾਰਾਂ ਤੋਂ ਵਾਂਝੇ ਕਰ ਦਿੱਤਾ ਗਿਆ।

ਇਸੇ ਹੀ ਰਾਜਾ ਪੁਸ਼ਪਾ ਸ਼ੂੰਗ ਮਿੱਤਰਾ ਦੇ ਵੱਲ 185-ਬੀ. ਸੀ. ਮਨੂੰ ਸਿਮਰਤੀ ਲਿਖੀ ਗਈ। ਜਿਸ ਵਿਚ ਦੰਡ ਵਿਧਾਨ ਦੀ ਵਿਵਸਥਾ ਲਿਖੀ ਗਈ, ਬੋਧੀ ਭਿਕਸ਼ੂਆਂ ਦੇ ਸਿਰਾਂ ਦੇ ਕੱਟਣ ਵਾਲੇ ਵਿਅਕਤੀਆਂ ਨੂੰ ਸੋਨੇ ਦੀਆਂ ਮੋਹਰਾਂ ਦੇਣ ਦਾ ਐਲਾਨ ਪੁਸ਼ਪ ਮਿੱਤਰਾ ਨੇ ਕੀਤਾ। ਹੈਰਾਨੀ ਵਾਲੀ ਗੱਲ ਹੈ ਕਿ ਪੁਸ਼ਪ ਮਿੱਤਰਾ ਬੋਧੀ ਸੀ। ਇਸ ਭਾਰਤੀ ਬ੍ਰਾਹਮਣ ਨੇ ਚੀਨ ਵਿਚ ਜਾ ਕੇ ਬੁੱਧ ਧਰਮ ਗ੍ਰਹਿਣ ਕੀਤਾ ਅਤੇ ਆਪਣਾ ਨਾਂ ਪੁਸ਼ਪ ਮਿੱਤਰਾ ਬਦਲ ਕੇ ਪੁਸ਼ਪ ਸ਼ੂੰਗ ਮਿੱਤਰਾ ਰੱਖਿਆ। ਇਸ ਤਰ੍ਹਾਂ ਆਰੀਆ (ਬ੍ਰਾਹਮਣਾਂ) ਨੇ ਬੁੱਧ ਧਰਮ ਵਿਚ ਘੁਸਪੈਠ ਕਰਕੇ ਇਸਨੂੰ ਖਤਮ ਕਰਨ ਦੀ ਨਾਕਾਮ ਕੋਸ਼ਿਸ਼ ਕੀਤੀ। ਇਹ ਸਾਰੇ ਤੱਥ ਅਤੇ ਸੱਚ ਬਾਬਾ ਸਾਹਿਬ ਡਾ. ਅੰਬੇਡਕਰ ਨੇ 'ਅਛੂਤ ਕੌਣ ਤੇ ਕਿਵੇਂ" ਗ੍ਰੰਥ ਵਿਚ ਦਿੱਤੇ ਹਨ। ਜਿਨ੍ਹਾਂ ਨੇ ਪੁਸ਼ਪ ਸ਼ੂੰਗ ਮਿੱਤਰਾ ਨੂੰ ਰਾਜਾ ਅਤੇ ਉਸਦੀ ਨੀਤੀਆਂ ਨੂੰ ਨਹੀਂ ਮੰਨਿਆ ਤੇ ਲੰਮੇ ਸਮੇਂ ਲਈ ਲੜਦੇ ਰਹੇ ਅਤੇ ਲੜਾਈ ਦੀ ਭਾਵਨਾ ਲੈ ਕੇ ਜੰਗਲਾਂ ਵਿਚ ਚਲੇ ਗਏ ਕਿਉਂਕਿ ਉਨ੍ਹਾਂ ਦੀ ਸੰਪਤੀ (ਜਾਇਦਾਦ) ਪਹਿਲਾਂ ਹੀ ਜ਼ਬਤ ਹੋ ਚੁੱਕੀ ਸੀ।

ਇਹ ਲੜਾਈ ਕਾਫੀ ਲੰਮਾ ਸਮਾਂ ਚਲਦੀ ਰਹੀ। ਇਸ ਨਾਲ ਜਿਹੜੇ ਆਦਿਵਾਸੀ ਜੰਗਲਾਂ ਵਿਚ ਸੰਘਣੀ ਆਬਾਦੀ ਬਣਾ ਕੇ ਰਹਿੰਦੇ ਸੀ, ਉਹਨਾਂ ਵਿਚ ਬਿਖਰਾਅ ਆਉਣਾ ਸ਼ੁਰੂ ਹੋ ਗਿਆ, ਕੁਝ ਲੋਕ ਜੰਗਲਾਂ ਵਿਚ ਹੀ ਰਹੇ ਜੋ ਆਦਿਵਾਸੀ ਨਾਂ ਨਾਲ ਜਾਣੇ ਗਏ। ਅੱਜ ਇਸਨੂੰ ਐਸ. ਟੀ. ਕਿਹਾ ਜਾਂਦਾ ਹੈ। ਜੋ ਲੋਕ ਜੰਗਲਾਂ ਵਿਚੋਂ ਨਿਕਲ ਕੇ ਪਿੰਡਾਂ ਦੇ ਆਸ-ਪਾਸ ਰਹਿਣ ਲੱਗ ਪਏ, ਉਹਨਾਂ ਦੀ ਜਾਇਦਾਦ ਜ਼ਬਤ ਹੋ ਚੁੱਕੀ ਸੀ, ਜ਼ਿੰਦਗੀ ਨਿਰਵਾਹ ਲਈ ਕੋਈ ਸਾਧਨ ਨਹੀਂ ਸੀ, ਇਸ ਲਈ ਮਰੇ ਹੋਏ ਪਸ਼ੂਆਂ ਦਾ ਮਾਸ ਖਾ ਕੇ ਜੀਵਨ ਗੁਜ਼ਾਰਨ ਲੱਗੇ। ਇਨ੍ਹਾਂ ਨਾਲ ਸਪਰਸ਼ (ਛੂਹਣਾ) ਕਰਨਾ ਵੀ ਮਨ੍ਹਾ ਕਰ ਦਿੱਤਾ। ਇਸ ਤਰ੍ਹਾਂ ਇਹ ਲੋਕ (ਐਸ. ਸੀ.) ਅਛੂਤ ਬਣੇ। ਜਿਨ੍ਹਾਂ ਨੇ ਬ੍ਰਾਹਮਣੀ ਧਰਮ ਅਤੇ ਪੁਸ਼ਪ ਸ਼ੂੰਗ ਨਾਲ ਸਮਝੌਤਾ ਕੀਤਾ ਸੀ। ਉਨ੍ਹਾਂ ਨੂੰ (ਓ. ਬੀ. ਸੀ.) ਪੱਛੜੇ ਵਰਗ ਕਹਿੰਦੇ ਹਨ। ਇਸ ਤਰ੍ਹਾਂ ਦਲਿਤ ਅਤੇ ਪੱਛੜੇ ਵਰਗ ਅਲੱਗ-ਅਲੱਗ ਦਿਖਾਈ ਤਾਂ ਦਿੰਦੇ ਹਨ, ਪਰ ਇਤਿਹਾਸਕ ਤੌਰ 'ਤੇ ਬਿਖਰ ਚੁੱਕੇ ਹਨ। ਪਰ ਇਤਿਹਾਸ ਵਿਚ ਕਦੀ ਇਕ ਹੀ ਸੀ। ਉਹਨਾਂ ਨੂੰ ਵਰਤਮਾਨ ਵਿਚ ਇਕੱਠਾ ਕਰਨਾ ਅਤੇ ਜਥੇਬੰਦ ਕਰਨਾ ਜ਼ਰੂਰੀ ਹੋ ਗਿਆ ਹੈ। ਜਦ ਮੁਗਲ ਰਾਜਿਆਂ ਨੇ ਭਾਰਤ ਵਿਚ ਪ੍ਰਵੇਸ਼ ਕੀਤਾ ਤਾਂ ਉਹਨਾਂ ਨੇ ਇਸਲਾਮ ਧਰਮ ਵੀ ਨਾਲ ਲਿਆਂਦਾ।

ਬ੍ਰਾਹਮਣੀ ਵਿਵਸਥਾ ਤੋਂ ਤੰਗ ਲੋਕ ਧਰਮ ਪ੍ਰਵਰਤਨ ਕਰਕੇ ਮੁਸਲਮਾਨ ਬਣ ਗਏ। ਤਕਰੀਬਨ 330 ਸਾਲ ਮੁਗਲਾਂ ਨੇ ਭਾਰਤ ਤੇ ਰਾਜ ਕੀਤਾ ਅਤੇ ਹਿਸ ਦੌਰ ਵਿਚ ਆਦਿਵਾਸੀ ਲੋਕ ਧਰਮ ਪ੍ਰਵਰਤਨ ਕਰਕੇ ਮੁਸਲਮਾਨ ਬਣਦੇ ਰਹੇ। ਜਦ ਅੰਗਰੇਜ਼ ਇਸ ਦੇਸ਼ ਵਿਚ ਆਏ ਅਤੇ ਉਨ੍ਹਾਂ ਨੇ ਮੁਸਲਿਮ ਰਾਜ ਖਤਮ ਕਰ ਦਿੱਤਾ ਅਤੇ ਖੁਦ ਦੇਸ਼ ਵਿਚ ਫਿਰ ਆਦਿਵਾਸੀ ਧਰਮ ਬਦਲ ਕੇ ਆਉਂਦੇ ਰਹੇ।

ਇਸ ਤਰ੍ਹਾਂ ਇਸਾਈ ਧਰਮ ਭਾਰਤ ਵਿਚ ਫੈਲਿਆ। ਅੰਗਰੇਜ਼ਾਂ ਅਤੇ ਮੁਸਲਮਾਨਾਂ ਦੇ ਰਾਜ ਕਾਲ ਵਿਚ ਸਿੱਖ ਧਰਮ ਹੋਂਦ ਵਿਚ ਆਇਆ। ਇਸ ਵਿਚ ਹੀ ਆਦਿਵਾਸੀ ਲੋਕ ਧਰਮ ਬਦਲ ਕੇ ਆਏ। ਇਸ ਤਰ੍ਹਾਂ ਬੁੱਧ ਧਰਮ ਵਿਚ ਵੀ ਜ਼ਿਆਦਾ ਲੋਕ ਦਲਿਤ ਸ਼ਾਮਲ ਹੋਏ।

ਇਤਿਹਾਸ ਇਹ ਤੱਥ ਪੇਸ਼ ਕਰਦਾ ਹੈ ਕਿ ਆਦਿਵਾਸੀ ਅਤੇ ਇਨ੍ਹਾਂ 'ਚੋਂ ਧਰਮ ਬਦਲਣ ਵਾਲੇ ਸਿੱਖ, ਇਸਾਈ, ਬੋਧੀ, ਮੁਸਲਮਾਨ ਇਕ ਹੀ ਸਮਾਜ ਵਿਚੋਂ ਹਨ। ਇਕ ਹੀ ਖੂਨ ਰਿਸ਼ਤੇ ਦੇ ਲੋਕ ਹਨ। ਇਸ ਲਈ ਇਨ੍ਹਾਂ ਨੂੰ ਇਕੱਠੇ ਕਰਨਾ ਸਿਰਫ ਨਿਆਂ ਵਾਲੀ ਗੱਲ ਹੀ ਨਹੀਂ ਬਲਕਿ ਜ਼ਰੂਰੀ ਵੀ ਹੈ। ਇਨ੍ਹਾਂ ਨੂੰ ਜਥੇਬੰਦ ਕਰਕੇ ਇਨ੍ਹਾਂ ਨਾਲ ਹੋ ਰਹੇ ਭੇਦਭਾਵ ਨੂੰ ਇਸ ਤਰ੍ਹਾਂ ਭਾਈਚਾਰਾ ਬਣਾ ਕੇ ਮਿਟਾਇਆ ਜਾ ਸਕਦਾ ਹੈ।

**ਜਲੰਧਰ ਤੋਂ ਸ੍ਰੀ ਸੀ ਐਲ ਚੁੰਬਰ ਦੁਆਰਾ ਪ੍ਰਕਾਸਿਤ ਕੀਤੇ ਜਾਂਦੇ ਰਹੇ 'ਕੌਮੀ ਉਡਾਰੀਆਂ' ਵਿਚੋਂ ਧੰਨਵਾਦ ਸਹਿਤ**

# ਇੰਡੋ ਅਮੈਰੀਕਨ ਹੈਰੀਟੇਜ ਫੋਰਮ ਵਲੋਂ ਵਿਦਿਆਰਥੀਆਂ ਦੇ ਭਾਸ਼ਨ ਮੁਕਾਬਲੇ 29 ਜੁਲਾਈ ਨੂੰ

**ਫਰਿਜ਼ਨੋ (ਬਿਊਰੋ)–** ਇੰਡੋ ਅਮੈਰੀਕਨ ਹੈਰੀਟੇਜ ਫੋਰਮ ਫਰਿਜ਼ਨੋ ਵਲੋਂ ਹਰ ਉਮਰ ਦੇ ਵਿਦਿਆਰਥੀਆਂ ਲਈ ਭਾਸ਼ਨ ਮੁਕਾਬਲੇ 29 ਜੁਲਾਈ ਨੂੰ ਫਰਿਜ਼ਨੋ ਵਿਚ ਕਰਵਾਏ ਜਾ ਰਹੇ ਹਨ।ਇਸ ਪ੍ਰੋਗਰਾਮ ਲਈ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਫੋਰਮ ਦੀ ਇਕ ਮੀਟਿੰਗ 22 ਜੁਲਾਈ ਨੂੰ ਫਰਿਜਨੋ ਵਿਚ ਹੋਈ। ਫੋਰਮ ਦੇ ਪ੍ਰਧਾਨ ਗੁਰਦੀਪ ਸਿੰਘ ਗਿੱਲ ਨੂੰ ਦੱਸਿਆ ਕੇ ਇੰਡੋ ਅਮੈਰੀਕਨ ਫੋਰਮ ਪਿਛਲੇ 7 ਸਾਲਾਂ ਤੋਂ ਭਾਰਤ ਦੀ ਆਜ਼ਾਦੀ ਦੇ ਪਰਵਾਨਿਆ ਸ਼ਹੀਦ ਊਧਮ ਸਿੰਘ ਸੁਨਾਮ ਅਤੇ ਸ਼ਹੀਦ ਮਦਨ ਲਾਲ ਢੀਂਗਰਾਂ ਦੀ ਬਰਸੀ ਦੇ ਮੌਕੇ ਤੇ ਇਹ ਮੁਕਾਬਲੇ ਕਰਵਾਉਂਦਾ ਆ ਰਿਹਾ ਹੈ ਜਿਸ ਦਾ ਮੁੱਖ ਮਕਸਦ ਸਾਡੇ ਬੱਚਿਆਂ ਨੂੰ ਸਮਾਜ ਵਿਚ ਅਗਾਂਹਵਧੂ ਅਤੇ ਲੀਡਰਸ਼ਿਪ ਰੋਲ ਲਈ ਤਿਆਰ ਕਰਨਾ ਅਤੇ ਪੰਜਾਬੀ ਬੋਲੀ ਨਾਲਾ ਜੋੜਨਾ ਹੈ। ਇਸ ਪ੍ਰੋਗਰਾਮ ਵਿਚ ਭਾਵੇਂ ਵਿਦਿਆਰਥੀ ਪੰਜਾਬੀ, ਅੰਗਰੇਜੀ ਜਾਂ ਹਿੰਦੀ ਵਿਚ ਆਪਣਾ ਭਾਸ਼ਣ ਕਰ ਸਕਦੇ ਹਨ ਪਰ ਪੰਜਾਬੀ ਨੂੰ ਉਤਸ਼ਾਹਿਤ ਕਰਨ ਲਈ ਵਿਦਿਆਰਥੀਆਂ ਨੂੰ ਇਕ ਗਰੇਸ ਅੰਕ ਦਿੱਤਾ ਜਾਵੇਗਾ। ਇਸ ਸਾਲ ਇਹ ਮੁਕਾਬਲੇ 27 ਜੁਲਾਈ ਨੂੰ ਇੰਡੀਆ ਉਵਨ, 3035 ਵੈਸਟ ਐਸਲੈਨ ਐਵਨਿਉ ਫਰਿਜਨੋ ਵਿਚ ਦੁਪਹਿਰ 1 ਵਜੇ ਤੋਂ ਸ਼ਾਮ 5 ਵਜੇ ਤੱਕ ਕਰਵਾਏ ਜਾ ਰਹੇ ਹਨ। ਇਨ੍ਹਾਂ ਮੁਕਾਬਲਿਆਂ ਵਿਚ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਉਮਰ ਦੇ ਹਿਸਾਬ ਨਾਲ ਚਾਰ ਗਰੁੱਪਾਂ ਵਿਚ ਵੰਡ ਕੇ ਵੱਖ ਵੱਖ ਵਿਸ਼ੇ ਦਿੱਤੇ ਗਏ ਹਨ। ਇਹ ਸਾਰੇ ਵਿਦਿਆਰਥੀ ਆਪਣੇ ਗਰੁੱਪ ਨੂੰ ਦਿੱਤੇ ਹੋਏ ਵਿਸਿਆ ਤੇ ਅਧਾਰਤ ਆਪਣਾ ਭਾਸ਼ਨ ਤਿਆਰ ਕਰਕੇ ਪੇਸ਼ ਕਰਨਗੇ। ਪ੍ਰਾਇਮਰੀ ਸਕੂਲ ਦੇ ਵਿਦਿਆਰਥੀ ਕਿਸੇ ਵੀ ਆਜ਼ਾਦੀ ਘੁਲਾਟੀਏ ਤੇ ਅਧਾਰਤ ਆਪਣੀ ਸਪੀਚ ਕਰਨਗੇ। ਮਿਡਲ ਸਕੂਲ ਦੇ ਵਿਦਿਆਰਥੀਆਂ ਦਾ ਵਿਸ਼ਾ ਜਲਿਆ ਵਾਲੇ ਬਾਗ ਦਾ ਸਾਕਾ ਹੋਵੇਗਾ। ਹਾਈ ਸਕੂਲ ਦੇ ਵਿਦਿਆਰਥੀ ਵਾਤਾਵਰਣ ਵਿਚ ਵੱਧ ਰਹੇ ਪਰਦੂਸ਼ਣ ਦੇ ਕਾਰਣ, ਪਰਭਾਵ ਅਤੇ ਉਪਾਵਾਂ ਬਾਰੇ ਆਪਣੇ ਭਾਸ਼ਨ ਕਰਨਗੇ। ਕਾਲਜ ਅਤੇ ਯੂਨੀਵਰਸਿਟੀ ਦੇ ਵਿਦਿਆਰਥੀਆਂ ਦੇ ਭਾਸ਼ਨ ਦਾ ਵਿਸ਼ਾ ਹੋਵੇਗਾ 'ਬਰਤਾਨਵੀ ਰਾਜ ਅਧੀਨ ਭਾਰਤ ਵਿਚ ਨਿਆਂ'. ਇਸ ਵਿਸ਼ੇ ਤੇ ਇਕ ਖੋਜ ਭਰਪੂਰ ਪੇਪਰ ਪੰਜਾਬੀ ਅਤੇ ਅੰਗਰੇਜ਼ੀ ਵਿਚ ਫੋਰਮ ਦੇ ਕੋਲ ਹੈ ਜੋ ਕਿ ਵਿਦਿਆਰਥੀ ਆਪਣਾ ਭਾਸ਼ਨ ਤਿਆਰ ਕਰਨ ਲਈ ਲੈ ਸਕਦੇ ਹਨ।

ਪ੍ਰਾਇਮਰੀ ਅਤੇ ਮਿਡਲ ਸਕੂਲ ਦੇ ਵਿਦਿਆਰਥੀ ਵੀ ਆਪਣਾ ਭਾਸ਼ਨ ਤਿਆਰ ਕਰਨ ਲਈ ਕਿਸੇ ਤਰਾਂ ਦੀ ਲੋੜੀਂਦੀ ਸਹਾਇਤਾ ਲਈ ਵੀ ਫੋਰਮ ਦੇ ਨੁਮਾਇੰਦਿਆਂ ਨਾਲ ਸੰਪਰਕ ਕਰ ਸਕਦੇ ਹਨ। ਸਾਰੇ ਵਿਦਿਆਰਥੀਆਂ ਨੂੰ ਇਸ ਪ੍ਰੋਗਰਾਮ ਵਿਚ ਸ਼ਮੂਲੀਅਤ ਕਰਨ ਲਈ ਸਰਟੀਫੀਕੇਟ ਦਿੱਤੇ ਜਾਣਗੇ ਅਤੇ ਹਰ ਗਰੁੱਪ ਦੇ ਪਹਿਲੇ ਤਿੰਨ ਜੇਤੂਆਂ ਨੂੰ ਨਗਦ ਇਨਾਮ ਦਿੱਤੇ ਜਾਣਗੇ।

ਫੋਰਮ ਦੇ ਇਨ੍ਹਾਂ ਉਦਮਾਂ ਦੀ ਕਮਿਉਨਟੀ ਵਿਚ ਕਾਫ਼ੀ ਸ਼ਲਾਘਾ ਹੋ ਰਹੀ ਹੈ। ਫੋਰਮ ਨੂੰ ਇਸ ਕੰਮ ਲਈ ਆਪਣੀ ਭਰਾਤਰੀ ਜਥੇਬੰਦੀ ਜੀ ਐਚ ਜੀ ਡਾਂਸ ਐਂਡ ਸੰਗੀਤ ਅਕੈਡਮੀ ਵਲੋਂ ਕਾਫ਼ੀ ਸਹਿਯੋਗ ਮਿਲ ਰਿਹਾ ਹੈ।

ਇਸ ਪ੍ਰੋਗਰਾਮ ਵਿਚ ਸ਼ਾਮਲ ਹੋਣ ਜਾਂ ਕਿਸੇ ਹੋਰ ਜਾਣਕਾਰੀ ਲਈ ਹਰਜਿੰਦਰ ਢੇਸੀ (559-618-0156), ਸੁਰਿੰਦਰ ਮੰਢਾਲੀ (559-473-9269) ਜਾਂ ਗੁਰਦੀਪ ਸਿੰਘ ਗਿੱਲ (559-360-4248) ਨਾਲ ਸੰਪਰਕ ਕੀਤਾ ਜਾ ਸਕਦਾ ਹੈ।ਇਨ੍ਹਾਂ ਮੁਕਾਬਲਿਆਂ ਲਈ ਆਪਣਾ ਨਾਂ ਰਜਿਸਟਰ ਕਰਵਾਉਣ ਲਈ ਈਮੇਲ ਕਰੋ IAHForum@Gmail.Com.

ਸਮੂਹ ਕਮਿਉਨਟੀ ਨੂੰ ਸਹੀਦਾ ਦੇ ਸ਼ਰਧਾਂਜਲੀ ਪ੍ਰੋਗਰਾਮ ਵਿਚ ਸ਼ਾਮਲ ਹੋ ਕੇ ਵਿਦਿਆਰਥੀਆਂ ਦੀ ਹੌਸਲਾ ਅਫਜਾਈ ਕਰਨ ਦਾ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ। ਬੱਚਿਆ ਦੀਆ ਭੰਗੜਾ ਅਤੇ ਗਿੱਧਾ ਟੀਮਾਂ ਦਰਸ਼ਕਾਂ ਲਈ ਪ੍ਰੋਗਰਾਮ ਪੇਸ਼ ਕਰਨਗੀਆਂ। ਚਾਹ ਪਾਣੀ ਦਾ ਵੀ ਪ੍ਰਬੰਧ ਹੋਵੇਗਾ।

# ਦਰਵੇਸ਼ ਸਿਆਸਤਦਾਨ ਸੁਰਜੀਤ ਸਿੰਘ ਰੱਖੜਾ ਸਾਬਕਾ ਕੈਬਨਿਟ ਮੰਤਰੀ ਨੇ ਮੈਰੀਲੈਂਡ ਚ' ਰੱਖੇ ਪ੍ਰੋਗਰਾਮ ਤੋਂ ਪਹਿਲਾਂ ਹੀ ਅਹਿਮ ਵਾਧਾ ਕੀਤਾ

**ਮੈਰੀਲੈਂਡ (ਰਾਜ ਗੋਗਨਾ)–** ਬੀਤੇ ਦਿਨ ਪੰਜਾਬ ਦੇ ਸਾਬਕਾ ਕੈਬਨਿਟ ਮੰਤਰੀ ਸੁਰਜੀਤ ਸਿੰਘ ਰੱਖੜਾ ਦੋ ਦਿਨ ਦੇ ਮੈਟਰੋਪੁਲਿਟਨ ਵਾਸ਼ਿੰਗਟਨ ਡੀ. ਸੀ. ਦੌਰੇ ਸਮੇਂ ਉਨ੍ਹਾਂ ਦਾ ਬਾਲਟੀਮੋਰ ਏਅਰਪੋਰਟ ਤੇ ਨਿੱਘਾ ਸਵਾਗਤ ਕੀਤਾ ਗਿਆ। ਜਿੱਥੇ ਮੈਰੀਲੈਂਡ ਦੇ ਪ੍ਰਧਾਨ ਹਰਬੰਸ ਸਿੰਘ ਸੰਧੂ ਸ਼੍ਰੋਮਣੀ ਅਕਾਲੀ ਦਲ, ਯੂਥ ਪ੍ਰਧਾਨ ਪ੍ਰਿਤਪਾਲ ਸਿੰਘ ਲੱਕੀ ਤੇ ਯੂਥ ਚੇਅਰਮੈਨ ਕੰਵਲ ਸਿੰਘ ਸੰਧੂ ਨੇ ਗੁਲਦਸਤੇ ਭੇਂਟ ਕੀਤੇ।ਉਪਰੰਤ ਵਿਸ਼ੇਸ਼ ਮੀਟਿੰਗ ਜਸਦੀਪ ਸਿੰਘ ਜਸੀ ਨਾਲ ਕਰਨ ਲਈ ਲੱਕੀ ਦੀ ਰਿਹਾਇਸ਼ ਵੱਲ ਚਾਲੇ ਪਾਏ।

ਜ਼ਿਕਰਯੋਗ ਹੈ ਕਿ ਟਰੰਪ ਟੀਮ ਦੀ ਡਾਇਵਰਸਿਟੀ ਸੰਸਥਾ ਦੇ ਚੇਅਰਮੈਨ ਜਸਦੀਪ ਸਿੰਘ ਜੱਸੀ ਨਾਲ ਵਿਸ਼ੇਸ ਮੀ-ਟਿੰਗ ਪ੍ਰਿਤਪਾਲ ਲੱਕੀ ਦੀ ਰਿਹਾਇਸ਼ ਤੇ ਕੀਤੀ ਗਈ, ਜਿਸ ਵਿੱਚ ਸਥਾਨਕ ਸਖਸ਼ੀਅਤਾਂ ਜਿਸ ਵਿੱਚ ਬਲਜਿੰਦਰ ਸਿੰਘ ਸ਼ੰਮੀ ਬੀ. ਜੇ. ਪੀ., ਹਰਬੰਸ ਸਿੰਘ ਸੰਧੂ, ਹਰਬੰਸ ਸਿੰਘ ਚਾਹਲ, ਗੁਰਦੇਵ ਸਿੰਘ ਕੰਗ ਅਤੇ ਹਰਜੀਤ ਸਿੰਘ ਹੁੰਦਲ ਸੀਨੀਅਰ ਅਕਾਲੀ ਆਗੂਆਂ ਨੇ ਸ਼ਮੂਲੀਅਤ ਕੀਤੀ। ਇਸ ਮੀਟਿੰਗ ਵਿੱਚ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਰੱਖੜਾ ਸਾਹਿਬ ਨੇ ਵਿਚਾਰਾਂ ਕੀਤੀਆਂ। ਜਿਸ ਵਿੱਚ ਜੇਲ੍ਹਾਂ ਵਿੱਚ ਬੰਦ



ਪ੍ਰਵਾਸੀਆਂ ਦੀ ਵਕਾਲਤ ਕਰਦੇ ਹੋਏ ਉਨ੍ਹਾਂ ਨੂੰ ਬਾਂਡ ਤੇ ਛੁਡਾਉਣ ਲਈ ਅੱਗੇ ਆਏ। ਉਨ੍ਹਾਂ ਕਿਹਾ ਕਿ ਉੱਘੇ ਕਾਨੂੰਨੀ ਸਲਾਹਕਾਰਾਂ ਦੀ ਰਾਇ ਲੈ ਕੇ ਉਨ੍ਹਾਂ ਨੂੰ ਬਾਹਰ ਕੱਢਿਆ ਜਾਵੇ। ਜਿਸ ਲਈ ਹਰੇਕ ਖਰਚੇ ਨੂੰ ਕਰਨ ਲਈ ਰਖੜਾ ਸਾਹਿਬ ਤਿਆਰ ਹਨ। ਸੁਰਜੀਤ ਸਿੰਘ ਰੱਖੜਾ ਨੇ ਕਿਹਾ ਕਿ ਭਾਵੇਂ ਇਹ ਮੇਰਾ ਨਿੱਜੀ ਦੌਰਾ ਹੈ। ਪਰ ਪਾਰਟੀ ਵਰਕਰਾਂ ਤੇ ਅਹੁਦੇਦਾਰਾਂ ਦੀ ਦਿਲਚਸਪੀ ਤੇ ਪੀੜਾ ਨੂੰ ਸਮਝਦੇ ਹੋਏ। ਉਹ ਸ਼੍ਰੋਮਣੀ ਅਕਾਲੀ ਦਲ ਦੀ ਮਜ਼ਬੂਤੀ ਦੇ ਨਾਲ ਨਾਲ ਪ੍ਰਵਾਸੀਆ ਦੀ ਹਰ ਮੁਸ਼ਕਲ ਨੂੰ ਖੁਦ ਦੀ ਮੁਸ਼ਕਲ ਸਮਝ ਕੇ ਹੱਲ ਕਰਨਗੇ। ਉਨ੍ਹਾਂ ਦੀ ਅਹਿਮ ਮੀਟਿੰਗ ਵਿੱਚ ਪਾਰਟੀ ਲਈ ਮੈਂਬਰਸ਼ਿਪ ਕਰਨ, ਦਫਤਰ ਖੋਲ੍ਹਣ ਤੋਂ ਇਲਾਵਾ ਵਾਸ਼ਿੰਗਟਨ ਡੀ. ਸੀ. ਵਿੱਚ ਇੱਕ ਗੈਸਟ ਹਾਊਸ ਬਣਾਉਣ ਦਾ ਜ਼ਿਕਰ ਪਾਰਟੀ ਵੱਲੋਂ ਦਿੱਤੇ ਸੁਝਾਵਾਂ ਸਮੇਂ ਕੀਤਾ।ਆਸ ਹੈ ਕਿ ਕੱਲ੍ਹ ਦੀ ਕਾਨਫਰੰਸ ਦੌਰਾਨ ਉਹ ਸਾਰੇ ਪੱਤੇ ਖੋਲ੍ਹਣਗੇ, ਪਰ ਸੰਖੇਪ ਜਿਹੀ ਮਿਲਣੀ ਨੇ ਉਨ੍ਹਾਂ ਦੇ ਦਰਵੇਸ਼ ਹੋਣ ਦਾ ਪ੍ਰਗਟਾਵਾ ਕੀਤਾ ਜੋ ਪ੍ਰਵਾਸੀਆਂ ਲਈ ਮਦਦਗਾਰ ਸਾਬਤ ਹੋਵੇਗਾ। ਇਸ ਤੋਂ ਇਲਾਵਾ ਵਰਜੀਨੀਆ ਦੇ ਹੋਰ ਵੀ ਸੀਨੀਅਰ ਅਕਾਲੀ ਦਲ ਦੇ ਆਗੂਆਂ ਨੇ ਵੀ ਉਹਨਾਂ ਦਾ ਨਿੱਘਾ ਸਵਾਗਤ ਕੀਤਾ।

# ਐਲਬਾਕਰਕੀ ਨਿਊ-ਮੈਕਸੀਕੋ ਸੀਨੀਅਰ ਖੇਡਾਂ ਵਿੱਚ ਫਰਿਜ਼ਨੋ ਦੇ ਪੰਜਾਬੀ ਚੋਬਰਾਂ ਨੇ ਚਮਕਾਇਆ ਭਾਈਚਾਰੇ ਦਾ ਨਾਮ!

**ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ/ ਕੁਲਵੰਤ ਧਾਲੀਆਂ–** ਅਮਰੀਕਾ ਦੀ ਨਿਊ-ਮੈਕਸੀਕੋ ਸਟੇਟ ਦੇ ਸੋਹਣੇ ਸ਼ਹਿਰ ਐਲਬਾਕਰਕੀ ਵਿੱਚ 40ਵੀਆਂ ਸੀਨੀਅਰ ਓਲੰਪਿਕ ਖੇਡਾਂ ਦਾ ਅਯੋਜਨ ਕੀਤਾ ਗਿਆ। ਇਹਨਾਂ ਖੇਡਾਂ ਵਿੱਚ ਦੁਨੀਆਂ ਭਰ ਤੋਂ ਸੀਨੀਅਰ ਖਿਡਾਰੀ ਭਾਗ ਲੈਣ ਵਾਸਤੇ ਪਹੁੰਚੇ ਹੋਏ ਸਨ। ਇਹ ਖੇਡਾਂ ਸਥਾਨਿਕ ਟ੍ਰੈਕ ਐਂਡ ਫੀਲਡ ਖੇਤਰ ਵਿੱਚ ਕਰਵਾਈਆਂ ਗਈਆਂ। ਇਹਨਾਂ ਖੇਡਾਂ ਵਿੱਚ ਫਰਿਜ਼ਨੋ ਸ਼ਹਿਰ ਦੇ ਦੋ ਪੰਜਾਬੀ ਸੀਨੀਅਰ ਗੱਭਰੂਆਂ ਨੇ ਵੀ ਹਿੱਸਾ ਲਿਆ ਤੇ ਕਈ ਮੈਡਲ ਆਪਣੇ ਨਾਮ ਕੀਤੇ।



ਇਹਨਾਂ ਖਿਡਾਰੀਆਂ ਵਿੱਚੋਂ ਗੁਰਬਖਸ਼ ਸਿੰਘ ਸਿੱਧੂ ਨੇ ਹੈਂਮਰ ਥਰੋ ਵਿੱਚ ਸੋਨੇ ਦਾ ਤਗਮਾ ਅਤੇ ਡਿਸਕਸ ਥਰੋ ਵਿੱਚ ਚਾਂਦੀ ਦਾ ਤਗਮਾ ਜਿੱਤਿਆ। ਇਸੇ ਤਰਾਂ ਸੁਖਨੈਣ ਸਿੰਘ ਨੇ ਟਰਿਪਲ ਜੰਪ ਅਤੇ ਲੌਂਗ ਜੰਪ ਵਿੱਚ ਸੋਨੇ ਦਾ ਤਗਮਾ ਜਿੱਤਿਆ ਅਤੇ 50 ਮੀਟਰ ਡੈਸ਼ ਰਸ ਵਿੱਚ ਉਸਨੂੰ ਬਰਾਊਨਜ਼ ਮੈਡਲ ਨਾਲ ਸਬਰ ਕਰਨਾ ਪਿਆ। ਇਹ ਦੱਸ ਦੇਈਏ ਕਿ ਸੁਖਨੈਣ ਤੇ ਗੁਰਬਖਸ਼ ਸਿੱਧੂ ਪਿਛਲੇ ਲੰਮੇ ਸਮੇਂ ਤੋਂ ਆਪਣੇ ਖ਼ਰਚੇ ਤੇ ਪੂਰੇ ਅਮਰੀਕਾ ਭਰ ਵਿੱਚ ਸੀਨੀਅਰ ਗੇਮਾਂ ਵਿੱਚ ਹਿੱਸਾ ਲੈਕੇ ਪੰਜਾਬੀ ਭਾਈਚਾਰੇ ਦਾ ਨਾਮ ਉੱਚਾ ਕਰਦੇ ਆ ਰਹੇ।

# ਕਾਂਗਰਸੀ ਆਗੂ ਬਲਵੰਤ ਸ਼ੇਰਗਿੱਲ ਦੀ ਗੋਲੀ ਲੱਗਣ ਕਾਰਨ ਮੌਤ

**ਜਲੰਧਰ–** ਸ਼ਹਿਰ ਦੇ ਭੀੜ ਭੜੱਕੇ ਵਾਲੇ ਬਾਜ਼ਾਰ ਜੋਤੀ ਚੌਕ ਨੇੜੇ ਸਥਿਤ ਸੂਰੀ ਗੰਨ ਹਾਊਸ ਵਿੱਚ ਅੱਜ ਭੇਤਭਰੇ ਢੰਗ ਨਾਲ ਗੋਲੀ ਲੱਗਣ ਨਾਲ ਕਾਂਗਰਸੀ ਆਗੂ ਬਲਵੰਤ ਸਿੰਘ ਸ਼ੇਰਗਿੱਲ ਦੀ ਮੌਤ ਹੋ ਗਈ। ਅਜੇ ਤੱਕ ਇਹ ਸਪੱਸ਼ਟ ਨਹੀਂ ਹੋ ਸਕਿਆ ਕਿ ਗੋਲੀ ਕਿਸ ਹਥਿਆਰ ਵਿੱਚੋਂ ਤੇ ਕਿਵੇਂ ਚੱਲੀ।

ਮ੍ਰਿਤਕ ਬਲਵੰਤ ਸਿੰਘ ਦੇ ਪਿਤਾ ਨਛੱਤਰ ਸਿੰਘ ਦੇ ਬਿਆਨਾਂ ਅਨੁਸਾਰ ਉਹ ਘਰੋਂ ਦੁਪਹਿਰ 12 ਵਜੇ ਆਪਣਾ ਰਿਵਾਲਵਰ ਵੇਚਣ ਲਈ ਕਹਿ ਕੇ ਗਿਆ ਸੀ, ਕਿਉਂਕਿ ਉਸ ਨੇ ਵਿਦੇਸ਼ ਜਾਣਾ ਸੀ ਅਤੇ ਰਿਵਾਲਵਰ ਦਾ ਲਾਇਸੈਂਸ ਵੀ ਖਤਮ ਹੋਣ ਵਾਲਾ ਸੀ। ਨਛੱਤਰ ਸਿੰਘ ਨੇ ਦੱਸਿਆ ਕਿ ਬਲਵੰਤ ਨੇ ਕਦੇ ਵੀ ਘਰ ਵਿੱਚ ਰਿਵਾਲਵਰ ਲੋਡ ਕਰ ਕੇ ਨਹੀਂ ਸੀ ਰੱਖਿਆ ਤੇ ਅੱਜ ਵੀ ਘਰੋਂ ਜਾਣ ਲੱਗਿਆਂ ਉਹ ਰਿਵਾਲਵਰ ਵੱਖ ਤੇ ਗੋਲੀਆਂ ਵੱਖਰੀਆਂ ਲੈ ਕੇ ਗਿਆ ਸੀ। ਉਨ੍ਹਾਂ ਆਪਣੇ ਪੁੱਤਰ ਦੀ ਮੌਤ ਨੂੰ ਇਕ ਸਾਜ਼ਿਸ਼ ਦੱਸਿਆ। ਥਾਣਾ ਡਿਵੀਜ਼ਨ ਨੰਬਰ ਚਾਰ ਦੀ ਪੁਲੀਸ ਨੇ ਸੂਰੀ ਗੰਨ ਹਾਊਸ ਦੇ ਮਾਲਕ ਨੂੰ ਹਿਰਾਸਤ ਵਿੱਚ ਲੈ ਕੇ ਪੁੱਛਗਿੱਛ ਆਰੰਭ ਦਿੱਤੀ ਹੈ। ਜ਼ਿਕਰਯੋਗ ਹੈ ਕਿ ਇਹ ਘਟਨਾ ਵਾਪਰਨ ਤੋਂ ਬਾਅਦ ਗੰਨ ਹਾਊਸ ਦਾ ਮਾਲਕ ਉਥੋਂ ਖਿਸਕ ਗਿਆ ਸੀ। ਬਾਅਦ ਵਿੱਚ ਪੁਲੀਸ ਨੇ ਉਸ ਨੂੰ ਕਾਬੂ ਕਰ ਕੇ ਦੁਕਾਨ ਅੰਦਰੋਂ ਸੀਸੀਟੀਵੀ ਫੁਟੇਜ ਹਾਸਲ ਕੀਤੀ। ਫੁਟੇਜ ਵਿੱਚ ਸਾਫ ਤੌਰ 'ਤੇ ਨਜ਼ਰੀਂ ਪੈਂਦਾ ਹੈ ਕਿ ਗੋਲੀ ਗੰਨ ਹਾਊਸ ਦੇ ਮਾਲਕ ਕੋਲੋਂ ਚੱਲੀ ਸੀ। ਇਹ ਗੋਲੀ ਬਲਵੰਤ ਦੀ ਖੱਬੀ ਅੱਖ ਵਿਚ ਲੱਗੀ ਤੇ ਉਹ ਲਹੂ ਲੁਹਾਣ ਹੋ ਕੇ ਉਥੇ ਡਿੱਗ ਪਿਆ। ਉਸ ਨੂੰ ਤੁਰੰਤ ਇਕ ਨਿੱਜੀ ਹਸਪਤਾਲ ਲਿਜ-ਾਇਆ ਗਿਆ ਜਿਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਥਾਣਾ ਡਿਵੀਜ਼ਨ ਨੰਬਰ ਚਾਰ ਦੇ ਐਸਐਚਓ ਨੇ ਵੀ ਇਸ ਦੀ ਪੁਸ਼ਟੀ ਕੀਤੀ ਕਿ ਗੋਲੀ ਗੰਨ ਹਾਊਸ ਦੇ ਮਾਲਕ ਕੋਲੋਂ ਹੀ ਚੱਲੀ ਸੀ। ਜ਼ਿਕਰਯੋਗ ਹੈ ਕਿ ਬਲਵੰਤ ਸਿੰਘ ਸ਼ੇਰਗਿੱਲ ਆਪਣੇ ਮਾਪਿਆਂ ਦਾ ਇਕਲੌਤਾ ਪੁੱਤਰ ਸੀ ਤੇ ਉਸ ਦਾ ਆਪਣਾ ਇਕ ਬੇਟਾ ਹੈ ਜੋ ਤੀਜੀ ਜਮਾਤ ਵਿੱਚ ਪੜ੍ਹਦਾ ਹੈ। ਬਲਵੰਤ ਸਿੰਘ ਪੀਪਲਜ਼ ਪਾਰਟੀ ਆਫ ਪੰਜਾਬ ਦਾ ਸਰਗਰਮ ਮੈਂਬਰ ਸੀ ਅਤੇ ਮਨਪ੍ਰੀਤ ਸਿੰਘ ਬਾਦਲ ਦੇ ਕਾਂਗਰਸ ਵਿੱਚ ਸ਼ਾਮਿਲ ਹੋਣ ਬਾਅਦ ਉਹ ਵੀ ਕਾਂਗਰਸ ਵਿੱਚ ਆ ਗਿਆ ਸੀ।

# ਗੁਰਦੁਆਰਾ ਸੱਚਖੰਡ ਈਸ਼ਰ ਦਰਬਾਰ ਸੈਕਰਾਮੈਂਟੋ ਵਿਖੇ ਧਾਰਮਿਕ ਕਵੀ ਦਰਬਾਰ ਸਜਾਇਆ



**ਸੈਕਰਾਮੈਂਟੋ (ਬਿਊਰੋ)–** ਅਮਰੀਕੀ ਪੰਜਬੀ ਕਵੀਆਂ ਵੱਲੋਂ 2008 ਵਿਚ ਸ਼ੁਰੂ ਹੋਏ ਗੁਰਦੁਆਰਾ ਸੱਚਖੰਡ ਈਸ਼ਰ ਦਬਾਰ ਵਿਖੇ ਸਜੇ ਵਿਸ਼ੇਸ਼ ਦੀਵਾਨਾਂ ਵਿਚ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਦੇ ਸਬੰਧ ਵਿਚ ਧਾਰਮਿਕ ਕਵੀ ਦਰਬਾਰ ਬੜੀ ਸ਼ਰਧਾ ਭਾਵਨਾ ਨਾਲ ਸਜਾਇਆ ਗਿਆ। ਪ੍ਰਵਾਨਾ ਨੇ ਮੰਚ ਸੰਭਾਲਦਿਆਂ ਇਤਿਹਾਸ ਤੇ ਰੌਸ਼ਨੀ ਪਾਈ।

ਧਾਰਮਿਕ ਕਵੀ ਦਰਬਾਰ ਦੇ ਦੌਰ ਵਿਚ ਕਵੀ ਸ਼ਾਮਲ ਸਨ: ਬੀਬੀ ਬਲਜਿੰਦਰ ਕੌਰ, ਤਰਸੇਮ ਸਿੰਘ ਸੁੰਮਨ, ਗੁਰਦਿਆਲ ਸਿੰਘ ਨੂਰਪੁਰੀ, ਜਸਦੀਪ ਸਿੰਘ ਫਰੀਮਾਂਟ, ਪ੍ਰਮਿੰਦਰ ਸਿੰਘ ਰਾਏ ਖਾਨਖਾਨਾ, ਫੱਗਣ ਸਿੰਘ ਧਾਮੀ, ਕਿਰਪਾਲ ਸਿੰਘ ਢਿੱਲੋਂ, ਕੁਲਦੀਪ ਸਿੰਘ, ਦਰਸ਼ਨ ਸਿੰਘ, ਬਾਬਾ ਗਿੰਦਰ ਸਿੰਘ, ਪ੍ਰਮਿੰਦਰ ਸਿੰਘ ਪ੍ਰਵਾਨਾ ਆਦਿ।

# ਆਪਣਾ ਸਮਾਜ ਪਾਰਟੀ ਦੇ ਕੌਮੀ ਪ੍ਰਧਾਨ ਡਾ.ਸਵਰਨ ਸਿੰਘ ਨੇ ਭੇਜਿਆ ਜਥੇਦਾਰ ਅਕਾਲ ਤਖਤ ਸਾਹਿਬ ਨੂੰ ਪੱਤਰ

**ਅੰਮ੍ਰਿਤਸਰ–** ਆਪਣਾ ਸਮਾਜ ਪਾਰਟੀ ਦੇ ਕੌਮੀ ਪ੍ਰਧਾਨ ਡਾ. ਸਵਰਨ ਸਿੰਘ ਨੇ ਜਥੇਦਾਰ ਅਕਾਲ ਤਖਤ ਸਾਹਿਬ ਨੂੰ ਪੱਤਰ ਭੇਜ ਕੇ ਮਜ਼੍ਹਬੀ ਅਤੇ ਰਵਿਦਾਸੀਆ ਸਿੰਘਾਂ ਨਾਲ ਹੁੰਦੇ ਵਿਕਤਰੇ ਦਾ ਮੁੱਦਾ ਉਠਾਇਆ। ਉਹਨਾਂ ਨੇ ਪੱਤਰ ਵਿਚ ਲਿਖਿਆ ਕਿ ਮੈਨੂੰ ਅਫਸੋਸ ਨਾਲ ਦੁਬਾਰਾ ਲਿਖਣਾ ਪੈ ਰਿਹਾ ਹੈ ਕਿ ਮੈਂ ਜਥੇਬੰਦੀ ਫੋਰਸ ਵੰਨ ਵੱਲੋਂ ਅਤੇ ਜਥੇਦਾਰ ਮੇਜਰ ਸਿੰਘ ਮੁਖੀ ਦਸਮੇਸ਼ ਤਰਨਾ ਦਲ ਵੱਲੋਂ ਇਕ ਸਾਂਝਾ ਪੱਤਰ ਸਤੰਬਰ 2017 ਵਿਚ ਲਿਖਿਆ ਗਿਆ ਸੀ ਕਿ ਸਿੱਖਾਂ ਵਿਚ ਜਾਤ-ਪਾਤ ਦੀ ਬੁਰਾਈ ਬੁਰੀ ਤਰ੍ਹਾਂ ਫੈਲੀ ਹੋਈ ਹੈ, ਜਿਸ ਰਾਹੀਂ ਮਨੂੰਵਾਦੀ ਸੰਗਠਨਾਂ ਨੇ ਸਿੱਖ ਧਰਮ ਉਤੇ ਕਬਜ਼ਾ ਜਮਾ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸਾਜੇ ਖਾਲਸਾ ਪੰਥ ਦੀਆਂ ਰਵਾਇਤਾਂ ਦੀਆਂ ਧੱਜੀਆਂ ਉਡਾ ਕੇ ਰੱਖ ਦਿੱਤੀਆਂ ਹਨ, ਇਸ ਬੁਰਾਈ ਨੂੰ ਖਤਮ ਕਰਨ ਦਾ ਉਪਰਾਲਾ ਕੀਤਾ ਜਾਵੇ। ਸਿੱਧ ਹੋਣ ਲਈ, ਇਸ ਤੋਂ ਬਾਅਦ ਇਕ ਮੰਦਭਾਗੀ ਘਟਨਾ ਤਖਤ ਸ੍ਰੀ ਦਮਦਮਾ ਸਾਹਿਬ ਦ ਨਾਮ ਵ੍ਰਤੇ ਵੀ ਹੋਈ ਜਦੋਂ ਮਜ਼੍ਹਬੀ ਅਤੇ ਰਵਿਦਾਸੀ ਸਿੰਘਾਂ ਨਾਲ ਜਾਤਪਾਤ ਦੇ ਆਧਾਰ ਤੇ ਅੰਮ੍ਰਿਤ ਛਕਾਉਣ ਵੇਲੇ ਵਿਤਕਰਾ ਕੀਤਾ ਗਿਆ। ਇਸ ਬਾਬਤ ਪਹਿਲਾਂ ਵੀ ਪੱਤਰ ਭੇਜ ਕੇ ਤੁਰੰਤ ਜਾਂਚ ਕਰਵਾਉਣ ਦੀ ਬੇਨਤੀ



ਕੀਤੀ ਸੀ। ਦੁੱਖ ਤਾਂ ਇਸ ਗੱਲ ਦਾ ਹੈ ਕਿ ਅੱਜ ਇੰਨਾਂ ਸਮਾਂ ਬੀਤ ਜਾਣ ਪਿੱਛੋਂ ਵੀ ਮੈਨੂੰ ਇਸ ਘਟਨਾ ਤੇ ਹੋਈ ਕੋਈ ਵੀ ਕਾਰਵਾਈ ਬਾਰੇ ਨਾ ਤਾਂ ਬੁਲਾਇਆ ਗਿਆ ਅਤੇ ਨਾ ਹੀ ਦੱਸਿਆ ਗਿਆ ਹੈ, ਸਗੋਂ ਭਾਈ ਕੁਲਵਿਦਰ ਸਿੰਘ ਜੀ, ਜਿਹਨਾਂ ਦੀ ਵੀਡੀਓ ਵਾਇਰਲ ਹੋਈ ਸੀ, ਨੂੰ ਕਿਸੇ ਨੇ ਗਾਇਬ ਕਰ ਦਿੱਤਾ ਹੈ ਅਤੇ ਮਾਮਲੇ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਗਈ ਹੈ।

ਇਸਦਾ ਕੀ ਅਰਥ ਹੈ, ਮੈਨੂੰ ਇਸ ਗੱਲ ਦੀ ਸਮਝ ਨਹੀਂ ਆਈ। ਕੀ ਸ੍ਰੀ ਅਕਾਲ ਤਖਤ ਸਾਹਿਬ ਦੀ ਅਥਾਰਟੀ ਇੰਨੀ ਘੱਟ ਚੁੱਕੀ ਹੈ ਕਿ ਉਹ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਮੁਢਲੇ ਸਿਧਾਂਤ ਜਿਸ 'ਤੇ ਖਾਲਸਾ ਪੰਥ ਟਿਕਾਇਆ ਗਿਆ ਸੀ, ਨੂੰ ਵੀ ਕਾਇਮ ਰੱਖਣ ਵਿਚ ਅਸਮਰੱਥ ਹੈ? ਕੀ ਜਾਤ ਪਾਤ ਦੇ ਨਾਮ ਤੇ ਵਿਤਕਰਾ ਗੁਰੂ ਸਾਹਿਬ ਦੇ ਹੁਕਮਾਂ ਦੀ ਬੇਅਦਬੀ ਨਹੀਂ ਅਤੇ ਕੀ ਇਸ ਤੋਂ ਅਣਅਧਿਕਾਰਿਤ ਤੇ ਮਨੂੰਵਾਦੀ ਰਾਜਨੀਤਿਕ ਬੰਦਿਆਂ ਦਾ ਸਿੱਖੀ ਤੇ ਹੋਇਆ ਗਲਾਬ ਨਜ਼ਰ ਨਹੀਂ ਆਉਂਦਾ? ਮੈਂ ਸਿੱਖ ਹਾਂ, ਸਿੱਖ ਸਮਾਜ ਲਈ ਉੱਤਰ ਮੰਗਦਾ ਹਾਂ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.org

ਦੇਸ਼ ਦੁਆਬਾ

# ਕੌਮੀ ਉਡਾਰੀਆਂ ਦੀ ਲੋੜ ਕਿਉਂ?

**30 ਜੂਨ 1998 ਦੇ 'ਕੌਮੀ ਉਡਾਰੀਆਂ' (ਜਲੰਧਰ) ਦੀ ਇਕ ਸੰਪਾਦਕੀ**

ਜਨਵਰੀ 1985 ਵਿਚ ਗਦਰੀ ਬਾਬਾ ਅਤੇ ਆਦਿ ਧਰਮ ਮੰਡਲ ਦੇ ਬਾਨੀ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦੇ ਜੀਵਨ ਸੰਦੇਸ਼ ਨੂੰ ਪ੍ਰਚਾਰਨ, ਪ੍ਰਸਾਰਨ ਲਈ ਬਾਬੂ ਮੰਗੂ ਰਾਮ ਮੁੱਗੋਵਾਲੀਆ ਸੋਵੀਨਰ ਬੇਧਿਆਨੀ 'ਚ ਪ੍ਰਕਾਸ਼ਿਤ ਹੋ ਗਿਆ। ਦਸੰਬਰ 1985 ਵਿਚ 'ਕੌਮੀ ਉਡਾਰੀਆਂ' ਕੌਮ ਨੂੰ ਸਾਹਿਤਕ ਉਡਾਰੀ ਮਾਰਨ ਲਈ ਸ਼ੁਰੂ ਕੀਤਾ। ਇਸ ਦੌਰਾਨ ਕੌਮ ਦੇ ਦੁਸ਼ਮਣਾਂ ਤੋਂ ਟਾਡਾ ਐਕਟ ਤੋਂ ਲੈ ਕੇ 7 ਫਰਵਰੀ 1997 ਨੂੰ ਫਗਵਾੜੇ ਵਿਖੇ ਹੋਏ ਸਾਜਿਸ਼ੀ ਐਕਸੀਡੈਂਟ ਕਾਰਨ ਪਤਨੀ ਤੇ ਬੱਚੇ ਸਹਿਤ ਤਿੰਨ ਹਫਤੇ ਡੀ. ਐਮ. ਸੀ. ਲੁਧਿਆਣਾ ਵਿਚ ਦਾਖਲ ਰਹਿਣ ਤੱਕ ਅਤੇ ਅੱਜ ਤੱਕ ਇਸ ਐਕਸੀਡੈਂਟ ਬਾਰੇ ਪੁਲਿਸ ਵੱਲੋਂ ਸਾਡੇ ਬਿਆਨ ਨਾ ਲੈਣ ਦੇ ਸਰਟੀਫਿਕੇਟ ਮਿਲ ਚੁੱਕੇ ਹਨ। ਦੋ ਸਾਥੀਆਂ ਹੀਰਿਆਂ ਤੋਂ ਹੱਥ ਧੋ ਬੈਠੇ ਹਾਂ। ਲੱਗਭੱਗ ਅੱਧੀ ਦਰਜਨ ਜ਼ਖਮੀ ਹੋਏ। ਪਰ ਪੁਲਿਸ ਅਤੇ ਕੌਮ ਦੇ ਆਗੂ ਮੂਕ ਦਰਸ਼ਕ ਬਣੇ ਹੋਏ ਹਨ ਅਤੇ ਅਸੀਂ ਮੌਜੂਦਾ ਅਤੇ ਭਵਿੱਖ ਦੇ ਢਾਂਚੇ ਦੇ ਅਧਿਐਨ ਵਿਚ ਰੁੱਝੇ ਹੋਏ ਹਾਂ।

ਉਮਰ ਦੇ ਪੰਜਵੇਂ ਦਹਾਕੇ ਵਿਚ ਸ਼ਾਮਲ ਡੀ. ਐਮ. ਸੀ. ਹਸਪਤਾਲ ਵਿਖੇ ਹੀ ਹੋ ਗਿਆ ਸੀ ਪਰ ਮਨ ਬਚਪਨ ਵਾਲਾ ਹੀ ਹੈ ਕਿ ਅੱਗੇ ਹੀ ਅੱਗੇ ਰਹਿਣਾ ਹੈ। ਬਚਪਨ ਵਿਚ ਪਿੰਡ ਦੇ ਨਾਂ ਨੂੰ ਚਮਕਾਉਣ ਦੀ ਚੇਟਕ ਲੱਗੀ ਰਹਿੰਦੀ ਸੀ। ਹੁਣ 'ਜੋ ਪਿੰਡੇ ਸੋਹੀ ਬ੍ਰਹਮੰਡੇ' ਅਨੁਸਾਰ ਮਨੁੱਖ ਨੂੰ ਮਨੁੱਖੀ ਅਧਿਕਾਰ ਅਤੇ ਫਰਜ਼ ਮਿਲਣ ਦਿਵਾਉਣ ਦੀ ਚੇਟਕ ਲੱਗੀ ਹੋਈ ਹੈ। ਬਚਪਨ ਵਿਚ ਜਿਸ ਤਰ੍ਹਾਂ ਦਿਨੇ ਡੱਟ ਕੇ ਕਣਕ ਵੱਢਣ ਅਤੇ ਸ਼ਾਮੀਂ ਆਪਣੀ ਵਿਧਵਾ ਮਾਂ ਨੂੰ ਹੱਥਾਂ 'ਤੇ ਪਏ ਛਾਲਿਆਂ ਦਾ ਵਾਸਤਾ ਪਾ ਕੇ ਵਾਢੀ ਨਾ ਭੇਜਣ ਲਈ ਤਰਲੇ ਕਰਨੇ ਪਰ ਸਵੇਰੇ ਹਿਰਨਾਂ ਵਾਂਗ ਕਣਕ ਵੱਢਣ ਦੌੜ ਜਾਣਾ। ਉਸੇ ਤਰ੍ਹਾਂ ਹੁਣ ਵੀ ਸਮਾਜਿਕ ਕੰਮਾਂ ਵਿਚ ਆਉਂਦੀਆਂ ਮੁਸ਼ਕਿਲਾਂ ਨਾਲ ਮਨ ਤੇ ਛਾਲੇ ਪੈ ਜਾਂਦੇ ਹਨ ਪਰ ਜਦੋਂ ਸਵੇਰ ਪੈਂਦੀ ਹੈ ਤਾਂ ਫਿਰ ਆਪਣੇ ਕੰਮ 'ਤੇ ਦੌੜ ਪੈਂਦੇ ਹਾਂ।

ਐਕਸੀਡੈਂਟ ਤੋਂ ਬਾਅਦ ਹਸਪਤਾਲੋਂ ਰਾਜ਼ੀ ਹੋ ਕੇ ਜਦ ਘਰ ਆਏ ਤਾਂ ਆਪਣੀ ਲਾਇਬ੍ਰੇਰੀ ਨੂੰ ਸ਼ਿੰਗਾਰਿਆ ਕਿ ਅੱਗੇ ਨਾਲੋਂ ਵੀ ਜ਼ੋਰ-ਸ਼ੋਰ ਨਾਲ ਕੰਮ ਕਰਾਂਗੇ ਤਾਂ ਜੋ ਕੌਮ 'ਚ ਸਦੀਆਂ ਤੋਂ ਪਏ ਅਗਿਆਨਤਾ ਦੇ ਘਾਟੇ ਨੂੰ ਸਾਹਿਤ ਰਾਹੀਂ ਪੂਰਾ ਕਰਾਂਗੇ ਪਰ ਪੰਜਾਬ ਦੇ ਮੋਹਰੀ ਦਿਮਾਗੀ ਤੌਰ 'ਤੇ ਪਿਛਾੜੀ ਹੋਣ ਕਾਰਨ ਸਮੇਂ ਦੀ ਨਜ਼ਾਕਤ ਨੂੰ ਨਾ ਸਮਝ ਸਕੇ। ਚੋਣਾਂ ਵਿਚ ਪਾਰਟੀ ਦੀ ਹਾਰ ਤੋਂ ਬਾਅਦ ਵਰਕਰਾਂ ਅਤੇ ਆਮ ਜਨਤਾ ਨੂੰ ਜਿਸ ਤਰ੍ਹਾਂ ਦੀਆਂ ਰਾਜਨੀਤਿਕ ਹਾਲਾਤਾਂ ਦੀਆਂ ਵਿਆਖਿਆਵਾਂ ਕਰਨੀਆਂ ਸਨ, ਉਹ ਪ੍ਰੈਸ ਦੀ ਘਾਟ ਕਾਰਨ ਨਾ ਹੋ ਸਕੀਆਂ। ਵਿਰੋਧੀ ਪਾਰਟੀਆਂ ਅਤੇ ਵਿਰੋਧੀ ਪ੍ਰੈਸ ਨੇ ਅਫਵਾਹਾਂ ਦਾ ਬਾਜ਼ਾਰ ਗਰਮ ਰੱਖਿਆ। ਜੰਗ ਉਦੋਂ ਤੱਕ ਜਾਰੀ ਰਹਿਣੀ ਚਾਹੀਦੀ ਹੈ ਜਦੋਂ ਤੱਕ ਇਸ ਧਿਰ ਦੀ ਮਾਨਸਿਕ ਮੌਤ ਨਾ ਹੋ ਜਾਵੇ। ਆਗੂਆਂ ਨੂੰ ਮਾਨਸਿਕ, ਸਰੀਰਕ ਅਤੇ ਸਮਾਜਿਕ ਪੱਖੋਂ ਤੰਦਰੁਸਤ ਹੋਣਾ ਚਾਹੀਦਾ ਹੈ। ਪੰਜਾਬ ਦੀ ਲੀਡਰਸ਼ਿਪ ਵਿਚ ਅਜਿਹੀ ਤੰਦਰੁਸਤੀ ਦੀ ਘਾਟ ਹੋਣ ਕਾਰਨ ਸਮਾਜ ਨੂੰ ਨਮੋਸ਼ੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਤਿਕੜਮਬਾਜ਼ੀ ਨਾਲ ਪਾਰਟੀ ਵਿਚ ਸਥਿਤੀ ਤਾਂ ਸਾਰਥਕ ਹੋ ਸਕਦੀ ਹੈ ਪਰ ਸਮਾਜ ਵਿਚ ਨਹੀਂ। ਸਮਾਜ ਤਾਂ ਹਾਥੀ ਹੁੰਦਾ ਹੈ ਅਤੇ ਸਮਾਜ ਦੀਆਂ ਲੋੜਾਂ ਅਤੇ ਆਸ਼ਾਵਾਂ 'ਤੇ ਪੂਰੇ ਉਤਰਨ ਲਈ ਹਾਥੀ ਵਰਗਾ ਦਿਮਾਗ ਚਾਹੀਦਾ ਹੈ। ਵੈਰੀਆਂ ਨੇ ਹਾਥੀ ਦਾ ਸਿਰ ਵਢਵਾ ਕੇ ਗਣੇਸ਼ ਦੇ ਸਿਰ'ਤੇ ਰੱਖ ਦਿੱਤਾ ਤੇ ਉਸਦੀ ਸਵਾਰੀ ਚੂਹਾ ਵਿਰੋਧੀਆਂ ਦੀਆਂ ਜੜ੍ਹਾਂ ਕੁਤਰਣ ਲਈ ਹੈ। ਦਿਮਾਗੀ ਏਕਤਾ ਬਿਨਾਂ ਸਮਾਜਿਕ ਏਕਤਾ ਚਿਰ ਸਥਾਈ ਨਹੀਂ। ਜੰਗ ਵੱਡੀਆਂ ਫੌਜਾਂ ਨਾਲ ਨਹੀਂ ਵਧੀਆ ਫੌਜਾਂ ਨਾਲ ਜਿੱਤੀ ਜਾਂਦੀ ਹੈ। ਵਿਚਾਰਕ ਜੰਗਾਂ ਦਾ ਜਿੱਤਣਾ ਚਿਰ ਸਥਾਈ ਹੁੰਦਾ ਹੈ। ਵਿਚਾਰਕ ਜੰਗਾਂ ਜਿੱਤਣ ਲਈ ਵਿਚਾਰਵਾਨਾਂ ਦੀ ਫੌਜ ਚਾਹੀਦੀ ਹੈ ਅਤੇ ਉਨ੍ਹਾਂ ਕੋਲ ਆਧੁਨਿਕ ਨਵੀਨਤਮ ਵਿਚਾਰਕ ਹਥਿਆਰ ਹੋਣੇ ਚਾਹੀਦੇ ਹਨ।

ਕੌਮੀ ਉਡਾਰੀਆਂ ਦਾ ਮੁੜ ਪ੍ਰਕਾਸ਼ਨ ਜਾਂ ਪਹਿਲੀ ਸ਼ੁਰੂਆਤ ਕੋਈ ਦਿਮਾਗੀ ਅਯਾਸ਼ੀ ਜਾਂ ਵਿਉਪਾਰਕ ਜਾਂ ਰਾਜਨੀਤਿਕ ਹਿੱਤਾਂ ਲਈ ਸਾਧਨ ਨਹੀਂ। ਕੌਮੀ ਉਡਾਰੀਆਂ ਕਾਰਨ ਕਈ ਵੇਰਾਂ ਆਰਥਿਕ ਸੰਕਟਾਂ ਦਾ ਸ਼ਿਕਾਰ ਹੋਣਾ ਪਿਆ। ਜਦੋਂ ਅਸੀਂ ਉਡਾਰੀ ਮਾਰਦੇ ਹਾਂ ਤਾਂ ਭੋਲੇ ਪੁਰਸ਼ ਸੜਦੇ ਹਨ ਪਰ ਜਦੋਂ ਅਸੀਂ ਉਡਦੇ-ਉਡਦੇ ਧਰਤੀ ਤੇ ਆਲ੍ਹਣਿਆਂ 'ਚ ਆਰਾਮ ਕਰਨ ਜਾਂ ਭੋਜਨ ਛਕਣ ਲਈ ਆਉਂਦੇ ਹਾਂ ਤਾਂ ਭੋਲੇ ਪੁਰਸ਼ ਖੁਸ਼ੀ ਨਾਲ ਕਿਲਕਾਰੀਆਂ ਮਾਰਦੇ ਨੇ। ਅਸੀਂ ਭੋਲੇ ਲੋਕਾਂ ਨੂੰ ਮੌਕੇ ਦਿੰਦੇ ਹਾਂ ਕਿ ਉਹ ਉਡਾਰੀਆਂ ਮਾਰਨ ਪਰ ਉਹ ਸਿਰਫ ਛੜੱਪੇ ਮਾਰ ਕੇ ਥੱਕ-ਟੁੱਟ ਕੇ ਬਹਿ ਜਾਂਦੇ ਹਨ।

ਲਿਖਾਰੀ, ਗਾਇਕ ਅਤੇ ਐਕਟਰ ਸਮਾਜ ਨੂੰ ਦਿਸ਼ਾ-ਨਿਰਦੇਸ਼ ਦਿੰਦੇ ਹਨ। ਕਈ ਵੇਰਾਂ ਤਾਂ ਰਾਜਨੀਤੀਵਾਨਾਂ ਨੂੰ ਵੀ ਇਹਨਾਂ ਦਿਸ਼ਾ-ਨਿਰਦੇਸ਼ਾਂ ਨਾਲ ਕਾਫੀ ਸਹੂਲਤ ਮਿਲਦੀ ਹੈ। ਸਮਾਜ ਨੂੰ ਆਪਣੇ ਏਜੰਡੇ ਤੇ ਲਾਮਬੰਦ ਕਰਨ ਲਈ ਲਿਖਾਰੀਆਂ, ਗਾਇਕਾਂ ਅਤੇ ਐਕਟਰਾਂ ਨੂੰ ਸਮਾਜ ਨਾਲ ਵੱਧ ਤੋਂ ਵੱਧ ਸਮਾਂ ਮਿਲਣਾ-ਗਿਲਣਾ ਚਾਹੀਦਾ ਹੈ ਕਿਉਂਕਿ ਮਿਲਦਿਆਂ-ਗਿਲਦਿਆਂ ਦੇ ਰਿਸ਼ਤੇ ਨਾਤੇ ਹੁੰਦੇ ਹਨ।

ਇਕ ਲਿਖਾਰੀ ਵਜੋਂ ਸਮਾਜ ਪ੍ਰਤੀ ਆਪਣਾ ਫਰਜ਼ ਨਿਭਾਉਣ ਲਈ ਕੌਮੀ ਉਡਾਰੀਆਂ ਦਾ ਮੁੜ ਪ੍ਰਕਾਸ਼ਨ ਕੀਤਾ ਹੈ। ਇਹ ਤਾਂ ਸਿਰਫ ਟਰੇਲਰ ਹੈ। ਇਸਨੂੰ ਚੰਗੀ ਤਰ੍ਹਾਂ ਹਫਤਾਵਾਰ ਦੇ ਰੂਪ 'ਚ ਪੇਸ਼ ਕਰਨ ਦੇ ਸਾਥੀਆਂ ਦੇ ਉਦਮ ਸ਼ੁਰੂ ਹੋ ਗਏ ਹਨ। ਆਪਣੇ ਵਿਚਾਰ ਨੂੰ ਦਬਾਅ ਕੇ ਨਾ ਰੱਖੋ ਅਤੇ ਇਸ ਤੋਂ ਵੱਡੀ ਕੋਈ ਗੁਲਾਮੀ ਨਹੀਂ। ਵਿਚਾਰਾਂ ਦਾ ਆਦਾਨ-ਪ੍ਰਦਾਨ ਹੋਣਾ ਹੀ ਮਨੁੱਖਤਾ ਦੇ ਮਾਨਸਿਕ ਵਿਕਸ ਲਈ ਜ਼ਰੂਰੀ ਹੈ।

**- ਸੀ. ਐਲ. ਚੁੰਬਰ**

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥ (ਗੁਰੂ ਗ੍ਰੰਥ ਸਾਹਿਬ)

ਲੜੀ ਨੰਬਰ-73

## ਗੁਰਬਾਣੀ ਚਾਨਣ 'ਚ ਕਸਾਉਟੀ ਕੀ ਹੈ?



**ਅਵਤਾਰ ਸਿੰਘ ਮਿਸ਼ਨਰੀ**
**510-432-5827**

ਕਸੌਟੀ ਜਾਂ ਕਸਵੱਟੀ ਪੰਜਾਬੀ ਦੇ ਸ਼ਬਦ ਹਨ। ਕਸਾਉਟੀ ਦਾ ਅਰਥ ਪਰਖ ਅਤੇ ਪ੍ਰੀਖਿਆ ਹੈ। ਸੁਨਿਆਰੇ ਦੇ ਕੋਲ ਸੋਨਾ ਪਰਖਨ ਦੀ ਪੱਥਰੀ ਜਿਸ ਤੇ ਸੋਨਾ ਪਰਖਣ ਲਈ ਘਸਾ ਕੇ ਪਰਖੀਦਾ ਹੈ ਕਿ ਖੋਟਾ ਹੈ ਜਾਂ ਖਰਾ। ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿੱਚ ਸ਼੍ਰੋਮਣੀ ਭਗਤ ਬਾਬਾ ਕਬੀਰ ਜੀ ਫੁਰਮਾਂਦੇ ਹਨ ਕਿ-ਕਬੀਰ ਕਸਾਉਟੀ ਰਾਮ ਕੀ ਝੂਠਾ ਟਿਕੈ ਨ ਕੋਇ॥ ਰਾਮ ਕਸਾਉਟੀ ਸੋ ਸਹੈ ਜੋ ਮਰਿ ਜੀਵਾ ਹੋਇ॥੩੩॥ (੧੩੬੬) ਭਾਵ ਕਬੀਰ ਜੀ ਫੁਰਮਾਂਦੇ ਹਨ ਕਿ ਜੋ ਮਨੁੱਖ "ਦੁਨੀਆਂ" ਨਾਲ ਮੋਹ ਕਰਨ ਵਾਲਾ ਹੈ ਉਹ ਉਸ ਕਸਵੱਟੀ ਉੱਤੇ ਖਰਾ ਸਬਤ ਨਹੀਂ ਹੁੰਦਾ ਜਿਸ ਦੀ ਰਾਹੀਂ ਮਨੁੱਖ ਦੀ ਪ੍ਰਭੂ ਨਾਲ ਸੱਚੀ ਪ੍ਰੀਤ ਪਰਖੀ ਜਾਂਦੀ ਹੈ। ਪ੍ਰਭੂ ਨਾਲ ਪ੍ਰੀਤ ਦੀ ਪਰਖ ਵਿੱਚ ਉਹੀ ਮਨੁੱਖ ਪੂਰਾ ਉੱਤਰਦਾ ਹੈ ਜੋ ਦੁਨੀਆਂ ਦੇ ਮੋਹ ਵੱਲੋਂ ਮਰ ਕੇ "ਦੀਨ" ਦੇ ਪਿਆਰ ਵਿੱਚ ਜਿਉਂ ਪਿਆ ਹੈ। ਦੇਖੋ ਰੱਬ ਵੀ ਜੀਵਾਂ ਦੀ ਪਰਖ ਕਰਦਾ ਤੇ ਉਸ ਦੀ ਪਰਖ ਚ "ਪੂਰੇ" ਹੀ ਉਸ ਦੇ ਦਰ ਪ੍ਰਵਾਨ ਹੁੰਦੇ ਹਨ।

ਦੁਨੀਆਵੀ ਉਦਾਹਰਣ ਲਈ ਇੱਕ ਸਨਿਆਰਾ ਵੀ ਵੇਚਣ ਆਏ ਗਾਹਕਾਂ ਦੇ ਸੋਨੇ ਦੀ ਪਰਖ ਕਰਦਾ ਹੈ ਕਿ ਉਸ ਵਿੱਚ ਕਿੰਨਾ ਚਾਂਦੀ, ਤਾਂਬਾ, ਲੋਹਾ ਜਿਸਤ ਜਾਂ ਹੋਰ ਧਾਤ ਹੈ। ਉਹ ਅੱਖਾਂ ਮੀਟ ਕੇ ਗਾਹਕ ਦਾ ਸੋਨਾਂ ਨਹੀਂ ਖਰੀਦ ਦਾ ਸਗੋਂ ਪਰਖ ਕਰਨ ਵਾਲੀ ਕਸਵੱਟੀ ਦੀ ਵੱਟੀ ਨਾਲ ਘਸਾ ਕੇ ਪਰਖ ਲੈਂਦਾ ਹੈ। ਇਵੇਂ ਹੀ ਗਾਹਕ ਨੂੰ ਵੀ ਪਰਖਿਆ ਸੋਨਾ ਹੀ ਲੈਣਾ ਚਾਹੀਦਾ ਅਤੇ ਬ੍ਰੈਂਡ ਕੰਪਨੀਆਂ ਦੀ ਮੋਹਰ ਲੱਗੀ ਹੋਵੇ ਤੇ ਰਸੀਦ ਜਰੂਰ ਲੈ ਲਵੇ। ਇਹ ਤਾਂ ਸੀ ਮਨੁੱਖ ਦੇ ਪਿਆਰ ਤੇ ਸੁਨਾਰ ਦੇ ਸੋਨੇ ਦੀ ਪਰਖ ਦੀ ਗੱਲ।

ਜਿਵੇਂ ਗੁਰੂ ਸਿੱਖ ਦੀ ਪਰਖ ਕਰਦਾ ਉਵੇਂ ਹੀ ਸਿੱਖ ਵੀ ਗੁਰੂ ਦੀ ਪਰਖ ਕਰ ਸਕਦਾ ਹੈ ਕਿ ਗੁਰੂ ਕੱਚਾ ਹੈ ਜਾਂ ਪੱਕਾ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਕਚੜਿਆਂ ਨਾਲੋਂ ਤੋੜਨ ਤੇ ਪੱਕਿਆਂ ਨਾਲ ਜੋੜਨ ਦੀ ਸਿਖਿਆ ਦਿੰਦੀ ਹੈ-ਨਾਨਕ ਕਚੜਿਆ ਸਿਉ ਤੋੜਿ ਢੂਢਿ ਸਜਣ ਸੰਤ ਪਕਿਆ॥ ਓਇ ਜੀਵੰਦੇ ਵਿਛੁੜਹਿ ਓਇ ਮੁਇਆ ਨ ਜਾਹੀ ਛੋੜਿ॥੧॥(੧੧੦੨) ਹੁਣ ਸਿੱਖਾਂ ਦਾ ਗੁਰੂ "ਗੁਰੂ ਗ੍ਰੰਥ ਸਹਿਬ" ਹੈ ਜਿਸ ਵਿੱਚ ਰੱਬੀ ਭਗਤਾਂ, ਸਿੱਖ ਗੁਰੂਆਂ ਅਤੇ ਕੁਝ ਗੁਰਸਿੱਖਾਂ ਦੀ ਸੱਚੀ ਬਾਣੀ ਹੈ। ਇਸ ਦੇ ਉਲਟ ਗੁਰਮਤਿ ਵਿਰੋਧੀਆਂ ਨੇ ਗੁਰੂ ਗ੍ਰੰਥ ਦੇ ਬਰਾਬਰ ਹੋਰ ਗ੍ਰੰਥ ਰਚੇ ਜਿਨ੍ਹਾਂ ਚ ਕੱਚੀ ਬਾਣੀ ਹੈ। ਫੁਰਮਾਨ ਹੈ-ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ॥ ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ॥ ਕਹਦੇ ਕਚੇ ਸੁਣਦੇ ਕਚੇ ਕਚੀਂ ਆਖਿ ਵਖਾਣੀ....॥ਕਹੈ ਨਾਨਕੁ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ॥੨੪॥(੯੨੦) ਰੱਬੀ ਭਗਤ ਤੇ ਗੁਰੂ ਪਾਤਸ਼ਾਹ ਜਦ ਸਰੀਰ ਚ ਸਨ ਤਾਂ ਰੱਬੀ ਗਿਆਨ ਨਾਲ ਕੱਚੇ ਪੱਕੇ ਦੀ ਪਰਖ ਕਰ ਲੈਂਦੇ ਸਨ। ਇਸੇ ਕਰਕੇ ਕੱਚੀ ਬਾਣੀ ਵਾਲੇ ਕਾਹਨੇ ਤੇ ਪੀਹਲੂ ਆਦਿਕ ਵਰਗੇ ਭਗਤਾਂ ਦੀ ਕੱਚੀ ਬਾਣੀ ਉਨ੍ਹਾਂ ਗੁਰੂ ਗ੍ਰੰਥ ਚ ਦਰਜ ਨਹੀਂ ਸੀ ਕੀਤੀ ਜੋ ਮਨੁੱਖਤਾ ਦੇ ਵਿਰੁੱਧ ਉਪਦੇਸ਼ ਦਿੰਦੀ ਸੀ।

ਅੱਜ ਸਿੱਖਾਂ ਕੋਲ ਕੱਚੇ ਪੱਕੇ ਵਿਚਾਰਾਂ ਜਾਂ ਸਿਧਾਂਤ ਦੀ ਪਰਖ ਕਰਨ ਲਈ "ਗੁਰੂ ਗ੍ਰੰਥ ਸਾਹਿਬ" ਦੀ ਬਾਣੀ ਦਾ ਸਿਧਾਂਤ ਹੈ। ਅੱਜ ਹੋਰ ਬਥੇਰੇ ਸੰਤ ਤੇ ਗ੍ਰੰਥ ਹਨ ਜੋ ਰੱਬੀ ਭਗਤਾਂ ਤੇ ਸਿੱਖ ਗੁਰੂਆਂ ਦੇ ਨਾਂ ਤੇ ਉਨ੍ਹਾਂ ਦੀ ਕੱਚੀ ਬਾਣੀ ਪ੍ਰਚਾਰ ਕੇ ਗੁਰਮਤਿ ਵਿੱਚ ਬ੍ਰਾਹਮਣੀ ਤੇ ਅੰਧਵਿਸ਼ਵਾਸ਼ੀ ਵਿਚਾਰ ਘਸੋੜੀ ਜਾ ਰਹੇ ਹਨ। ਮਨਘੜਤ ਸਾਖੀਆਂ ਤੇ ਮਿਥਿਹਾਸ ਨੂੰ ਗੁਰੂਆਂ ਦੇ ਨਾਂ ਤੇ ਪ੍ਰਚਾਰ ਕੇ ਸਿੱਖਾਂ ਨੂੰ ਭੰਬਲ ਭੂਸਿਆਂ ਚ ਪਾ ਰਹੇ ਹਨ। ਅਗਿਆਨੀ ਤੇ ਅੰਧਵਿਸ਼ਵਾਸ਼ੀ ਸਿੱਖ ਇਹ ਪਰਖ ਨਹੀਂ ਕਰਦੇ ਤਾਂ ਹੀ ਉਹ ਹੋਰ ਹੋਰ ਸੰਤਾਂ ਤੇ ਗ੍ਰੰਥਾਂ ਦੇ ਕੱਚ-ਘਰੜ ਸਿਧਾਤਾਂ ਤੇ ਮਨ ਘੜਤ ਸਾਖੀਆਂ ਦੇ ਮਗਰ ਲੱਗ ਜਾਂਦੇ ਹਨ। ਜਦ ਇਹ ਗੱਲ ਪੱਕੀ ਹੈ ਕਿ ਸਿੱਖਾਂ ਦਾ ਇੱਕ ਗ੍ਰੰਥ ਤੇ ਇੱਕ ਗੁਰੂ ਦਾ ਪੰਥ ਹੈ। ਫਿਰ ਵੱਖ ਵੱਖ ਡੇਰੇ, ਸੰਪ੍ਰਦਾਵਾਂ ਤੇ ਅਖੌਤੀ ਟਕਸਾਲਾਂ ਜੋ ਵੱਖ ਸੰਤਾਂ ਤੇ ਗ੍ਰੰਥਾਂ ਦਾ ਅੱਡੀ ਚੋਟੀ ਨਾਲ ਪ੍ਰਚਾਰ ਕਰਦੀਆਂ ਨੇ ਉਨ੍ਹਾਂ ਦਾ ਗੁਰਮਤਿ ਨਾਲ ਕੋਈ ਲੈਣਾ ਦੇਣਾ ਨਹੀਂ। ਇਸ ਲਈ ਕੋਈ ਵੀ ਪ੍ਰਚਾਰਕ ਗੁਰਦੁਆਰੇ ਜਾਂ ਕਿਸੇ ਸਮਾਗਮ ਚ ਹੋਰ ਸੰਤਾਂ ਤੇ ਗ੍ਰੰਥਾਂ ਦਾ ਪ੍ਰਚਾਰ ਕਰੇ ਤਾਂ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਸਿਧਾਂਤ ਦੀ ਕਸਵੱਟੀ ਤੇ ਪਰਖ ਲਉ ਨਾਂ ਕਿ ਅੰਧਵਿਸ਼ਵਾਸ਼ੀ ਹੋ ਕੇ ਮੰਨ ਕੇ ਕੁਰਾਹੇ ਪੈ ਜਾਓ। ਸਿੱਖ ਨੂੰ ਕਿਸੇ ਨਕਲੀ ਸੰਤ ਤੇ ਗ੍ਰੰਥ ਮਗਰ ਅੰਧਵਿਸ਼ਵਾਸ਼ੀ ਹੋ ਕੇ ਨਹੀਂ ਲੱਗਣਾ ਸਗੋਂ ਗੁਰੂ ਗ੍ਰੰਥ ਸਾਹਿਬ ਜੀ ਦੇ ਸਿਧਾਂਤ ਤੇ ਕਸਵੱਟੀ ਲਾ ਕੇ ਪਰਖ ਕਰ ਲੈਣੀ ਚਾਹੀਦੀ ਹੈ।

ਅੱਜ ਗੁਰੂ ਗ੍ਰੰਥ ਦੇ ਬਰਾਬਰ ਅਖੌਤੀ ਦਸਮ ਗ੍ਰੰਥ, ਸਰਬਲੋਹ ਗ੍ਰੰਥ, ਮਹਿਮਾਂ ਪ੍ਰਕਾਸ਼, ਸੂਰਜ ਪ੍ਰਕਾਸ਼, ਗੁਰ ਬਿਲਾਸ ਪਾਤਸ਼ਾਹੀ ਛੇਵੀਂ ਤੇ ਦਸਵੀਂ ਆਦਿਕ ਤੇ ਹੋਰ ਕਈ ਅਖੌਤੀ ਬ੍ਰਹਮ ਗਿਆਨੀ ਸੰਤ ਰੱਖੇ ਤੇ ਗੁਰੂ ਦੇ ਬਚਨ ਕਹੇ ਕੇ ਪ੍ਰਚਾਰੇ ਜਾ ਰਹੇ ਹਨ। ਬਹੁਤੇ ਕਥਾਵਚਕ, ਰਾਗੀ, ਗ੍ਰੰਥੀ, ਢਾਡੀ ਤੇ ਪ੍ਰਚਾਰਕ ਜੋ ਵੱਖ ਵੱਖ ਡੇਰਿਆਂ ਤੇ ਟਕਸਾਲਾਂ ਤੋਂ ਪੜ੍ਹੇ ਹੋਣ ਕਰਕੇ ਗੁਰਮਤਿ ਵਿਰੋਧੀ ਰਲਗਡ ਗ੍ਰੰਥਾਂ ਦੀ ਕਥਾ ਤੇ ਵਿਚਾਰ ਦੇ ਜਾਂਦੇ ਹਨ।

ਸਾਡੇ ਕੋਲ ਪਰਖ ਦੀ ਕਸਵੱਟੀ ਕੇਵਲ ਤੇ ਕੇਵਲ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਹੈ ਜਿਸ ਦੇ ਸੱਚੇ ਸੁੱਚੇ ਤੇ ਮਨੁੱਖਤਾ ਦੀ ਭਲਿਆਈ ਵਾਲੇ ਸਿਧਾਂਤਾਂ ਤੇ ਪਰਖ ਲੈਣਾ ਚਾਹੀਦਾ ਹੈ। ਜੇ ਅਸੀਂ ਦੁਨੀਆਂ ਦੀ ਹਰ ਚੀਜ ਜਾਂ ਪਦਾਰਥ ਪਰਖ ਲੈਂਦੇ ਹਾਂ ਨਕਲੀ ਤੇ ਘੱਟੀਆ ਪਦਾਰਥ ਛੱਡ ਕੇ ਅਸਲ ਖਰੀਦਦੇ ਹਾਂ। ਇਸੇ ਤਰਾਂ ਸਾਨੂੰ ਅਸਲੀ ਤੇ ਨਕਲੀ ਗੁਰੂ ਤੇ ਸੰਤ ਦੀ ਪਰਖ ਕਰ ਲੈਣੀ ਚਾਹੀਦੀ ਹੈ। ਸੋ ਸਿੱਖ ਵਾਸਤੇ ਅਸਲ ਕਸਵੱਟੀ ਗੁਰੂ ਗ੍ਰੰਥ ਦੀ ਬਾਣੀ ਹੀ ਹੈ।

## ਸ਼ਹੀਦੀ ਦਿਵਸ (31 ਜੁਲਾਈ 2018) 'ਤੇ ਵਿਸ਼ੇਸ

# ਕੌਮੀ ਅਣਖ ਦਾ ਸੱਤ ਸਮੁੰਦਰੋਂ ਪਾਰ ਲੋਹਾ ਮਨਵਾਉਣ ਵਾਲਾ ਸੂਰਬੀਰ ਯੋਧਾ ਸ਼ਹੀਦ ਊਧਮ ਸਿੰਘ



**ਜਗਜੀਤ ਸਿੰਘ 'ਗਣੇਸ਼ਪੁਰ'**
**91-94655 76022**

ਜਦੋਂ ਅਸੀਂ ਸਾਰੇ ਭਾਰਤ ਵਾਸੀ ਅਗਲੇ ਵਰ੍ਹੇ ਜ਼ਲਿਆਂਵਾਲੇ ਬਾਂਗ ਦੇ ਖ਼ੂਨੀ ਸਾਕੇ ਦੀ ਸ਼ਤਾਬਦੀ ਮੌਕੇ ਉਨ੍ਹਾਂ ਸ਼ਹੀਦਾਂ ਨੂੰ ਸ਼ਰਧਾਂਜਲੀ ਅਰਪਿਤ ਕਰ ਰਹੇ ਹੋਵਾਂਗੇ ਤਾਂ ਉਸ ਸਮੇਂ ਸਾਡੇ ਦਿਲਾਂ ਅੰਦਰ ਜਿੱਥੇ ਉਸ ਜ਼ਾਲਮ ਅੰਗਰੇਜ਼ੀ ਹਕੂਮਤ ਪ੍ਰਤੀ ਗ਼ੁੱਸਾ,ਰੋਹ ਅਤੇ ਰੋਸ ਹੋਵੇਗਾ ਉੱਥੇ ਹੀ ਅਸੀਂ ਉਸ ਮਹਾਨ ਸੂਰਬੀਰ ਯੋਧੇ ਸ਼ਹੀਦ-ਏ-ਆਜ਼ਮ ਸਰਦਾਰ ਊਧਮ ਸਿੰਘ ਦੀ ਕੁਰਬਾਨੀ ਨੂੰ ਵੀ ਸਜਦਾ ਕਰਾਂਗੇ ਜਿਸ ਨੇ ਸਾਡੇ ਦੇਸ਼ ਦੀ ਅਣਖ ਗ਼ੈਰਤ ਨੂੰ ਵੰਗਾਰਨ ਵਾਲੇ ਉਸ ਹੰਕਾਰੀ ਅਫ਼ਸਰ ਨੂੰ ਸੱਤ ਸਮੁੰਦਰ ਪਾਰ ਜਾ ਕੇ ਮਾਰ ਮੁਕਾਇਆ ਸੀ।



ਸ਼ਹੀਦ ਊਧਮ ਸਿੰਘ ਜੀ ਦਾ ਜਨਮ 26 ਦਸੰਬਰ 1899 ਨੂੰ ਜ਼ਿਲ੍ਹਾ ਸੰਗਰੂਰ ਦੇ ਨਗਰ ਸੁਨਾਮ ਵਿਖੇ ਪਿਤਾ ਚੂਹੜ ਰਾਮ ਤੇ ਮਾਤਾ ਨਰਾਇਣੀ (ਅੰਮ੍ਰਿਤ ਛਕਣ ਤੋਂ ਬਾਅਦ ਇਹ ਨਾਮ ਸ. ਟਹਿਲ ਸਿੰਘ ਤੇ ਮਾਤਾ ਹਰਨਾਮ ਕੌਰ ਰੱਖ ਗਏ) ਜੀ ਦੇ ਘਰ ਕੰਬੋਜ ਪਰਿਵਾਰ ਵਿੱਚ ਹੋਇਆ।ਆਪ ਜੀ ਦੇ ਪਿਤਾ ਜੀ ਰੇਲਵੇ ਫਾਟਕ ਤੇ ਨੌਕਰੀ ਕਰਦੇ ਸਨ।ਸਰਦਾਰ ਊਧਮ ਸਿੰਘ ਜੀ ਦੇ ਬਚਪਨ ਦਾ ਨਾਮ ਸ਼ੇਰ ਸਿੰਘ ਸੀ।ਆਪ ਜੀ ਦੇ ਮਾਤਾ-ਪਿਤਾ ਆਪ ਨੂੰ ਬਚਪਨ ਵਿੱਚ ਹੀ ਸਦੀਵੀ ਵਿਛੋੜਾ ਦੇ ਗਏ।ਮਾਤਾ ਪਿਤਾ ਦੇ ਦਿਹਾਤ ਤੋਂ ਬਾਅਦ ਸ਼ੇਰ ਸਿੰਘ ਅਤੇ ਉਸਦੇ ਭਰਾ ਮੁਕਤਾ ਸਿੰਘ ਦਾ ਪਾਲਣ ਪੋਸ਼ਣ ਅੰਮ੍ਰਿਤਸਰ ਸ਼ਹਿਰ ਵਿੱਚ ਸਥਿਤ ਸੈਂ-ਟਰਲ ਖ਼ਾਲਸਾ ਯਤੀਮਖ਼ਾਨਾ ਪੁਤਲੀਘਰ ਵਿਖੇ ਹੋਇਆ। ਇੱਥੇ ਆ ਕੇ ਸ਼ੇਰ ਸਿੰਘ ਅਤੇ ਮੁਕਤਾ ਸਿੰਘ ਦੇ ਨਵੇਂ ਨਾਮ ਊਧਮ ਸਿੰਘ ਅਤੇ ਮੁਕਤਾ ਸਿੰਘ ਰੱਖ ਦਿੱਤੇ ਗਏ। ਆਪ ਜੀ ਨੂੰ ਇਸ ਯਤੀਮਖ਼ਾਨੇ ਵਿੱਚ ਕੁਰਬਾਨੀਆਂ ਭਰਿਆ ਸਿੱਖ ਇਤਿਹਾਸ ਪੜ੍ਹਨ ਦਾ ਮੌਕਾ ਮਿਲਿਆ ਜੋ ਕਿ ਅਗਾਂਹ ਜਾਂ ਕੇ ਆਪ ਜੀ ਦੇ ਜੀਵਨ ਸੰਘਰਸ਼ ਅਤੇ ਅਜ਼ਾਦੀ ਲਹਿਰ ਵਿੱਚ ਸ਼ਹਾਦਤ ਦੇਣ ਤੱਕ ਆਪ ਦੀ ਅਗਵਾਈ ਕਰਦਾ ਰਿਹਾ।

10 ਅਪ੍ਰੈਲ 1919 ਨੂੰ ਭਾਰਤ ਸੁਤੰਤਰਤਾ ਸੈਨਾਨੀ ਸਤਿਆਪਾਲ ਅਤੇ ਡਾ.ਸੈਫੂਦੀਨ ਕਿਚਲੂ ਨੂੰ ਬ੍ਰਿਟਿਸ਼ ਸਰਕਾਰ ਵੱਲੋਂ ਬਣਾਏ ਗਏ ਕਾਲੇ ਕਾਨੂੰਨ ਰੋਲਟ ਐਕਟ ਅਧੀਨ ਗ੍ਰਿਫ਼ਤਾਰ ਕਰ ਲਿਆ ਗਿਆ। ਜਿਸ ਦੇ ਵਿਰੋਧ ਵਿੱਚ 13 ਅਪ੍ਰੈਲ 1919 ਨੂੰ ਵਿਸਾਖੀ ਵਾਲੇ ਦਿਨ ਅੰਮ੍ਰਿਤਸਰ ਦੇ ਜਲਿਆ ਵਾਲੇ ਬਾਂਗ ਵਿਖੇ ਨਿਹੱਥੇ ਤਕਰੀਬਨ ਵੀਹ ਹਜ਼ਾਰ ਸਿੱਖ,ਹਿੰਦੂ,ਮੁਸਲਮਾਨ ਆਮ ਲੋਕ ਸ਼ਾਂਤਮਈ ਜਲਸਾ ਕਰ ਰਹੇ ਸਨ। ਸ. ਊਧਮ ਸਿੰਘ ਅਤੇ ਉਸ ਦੇ ਸਾਥੀ ਇਸ ਜਲਸੇ ਵਿੱਚ ਲੋਕਾਂ ਨੂੰ ਜਲ ਪਿਲਾਉਣ ਦੀ ਸੇਵਾ ਕਰ ਰਹੇ ਸਨ। ਸ਼ਾਮ ਦੇ 5.15 ਵਜੇ ਇਸ ਜਲਸੇ ਵਿੱਚ ਮੌਜੂਦ ਲੋਕਾਂ ਉੱਤੇ ਬਿਨਾ ਕੋਈ ਚੇਤਾਵਨੀ ਦਿੱਤੇ ਮੌਕੇ ਦੇ ਅਫ਼ਸਰ ਜਨਰਲ ਡਾਇਰ ਨੇ ਪੰਜਾਬ ਦੇ ਗਵਰਨਰ ਮਾਈਕਲ ਓਡਵਾਇਰ ਦੇ ਨਿਰਦੇਸ਼ਾਂ ਅਨੁਸਾਰ ਆਪਣੇ 90 ਸਿਪਾਹੀਆ ਨੂੰ ਗੋਲੀ ਚਲਾਉਣ ਦਾ ਹੁਕਮ ਦੇ ਦਿੱਤਾ। ਬਾਂਗ ਵਿਚ ਬਾਹਰ ਜਾਣ ਦਾ ਇੱਕੋ ਇਕ ਰਸਤਾ ਬੰਦ ਕਰ ਦਿੱਤਾ ਗਿਆ ਜਿਸ ਕਾਰਨ ਆਮ ਲੋਕ ਜਿੰਨਾ ਵਿੱਚ ਬਜ਼ੁਰਗ, ਔਰਤਾਂ ਅਤੇ ਬੱਚੇ ਵੀ ਸ਼ੁਮਾਰ ਸਨ ਨੇ ਆਪਣੀ ਜਾਨ ਬਚਾਉਣ ਲਈ ਬਾਂਗ ਦੀ ਹਦੂਦ ਅੰਦਰ ਸਥਿਤ ਖ਼ੂਹ ਵਿੱਚ ਛਾਲਾ ਮਾਰਨ ਦਿੱਤੀਆਂ। ਇਕ ਅੰਕੜੇ ਅਨੁਸਾਰ ਇੱਥੇ 10 ਮਿੰਟ ਵਿੱਚ 1650 ਗੋਲੀਆਂ ਨਿਰਦੋਸ਼ ਅਤੇ ਨਿਹੱਥੇ ਭਾਰਤੀਆ ਤੇ ਚਲਾਈਆਂ ਗਈਆਂ ਜਿਸ ਨਾਲ 1500 ਤੋਂ ਜ਼ਿਆਦਾ ਜਾਨਾਂ ਗਈਆਂ ਅਤੇ ਲਗਭਗ 1200 ਲੋਕ ਜ਼ਖ਼ਮੀ ਹੋਏ ਜਦੋਂ ਕਿ ਸਰਕਾਰੀ ਅੰਕੜਿਆਂ ਅਨੁਸਾਰ ਮਰਨ ਵਾਲਿਆਂ ਦੀ ਗਿਣਤੀ 381 ਹੀ ਦੱਸੀ ਗਈ ਸੀ।

ਇਸ ਖੌਫਨਾਕ ਮੰਜਰ ਨੇ ਊਧਮ ਸਿੰਘ ਦੇ ਮਨ ਤੇ ਡੂੰਘੀ ਸਟ ਮਾਰੀ । ਲੇਖਕ ਸ.ਖੁਸ਼ਵੰਤ ਸਿੰਘ ਅਨੁਸਾਰ ਊਧਮ ਸਿੰਘ ਇਸ ਕਤਲੇਆਮ ਤੋਂ ਕੁਝ ਦਿਨ ਬਾਅਦ ਦਰਬਾਰ ਸਾਹਿਬ ਅੰਮ੍ਰਿਤਸਰ ਗਿਆ ਅਤੇ ਉਸ ਨੇ ਅਹਿਦ ਕਰ ਲਿਆ ਕਿ ਉਹ ਇਸ ਸਾਕੇ ਦਾ ਬਦਲਾ ਇਸ ਦੇ ਜ਼ਿੰਮੇਵਾਰ ਲੋਕਾਂ ਕੋਲੋਂ ਇਕ ਦਿਨ ਜ਼ਰੂਰ ਲਵੇਗਾ।ਆਪਣੇ ਇਸ ਮਕਸਦ ਲਈ ਸ਼ਹੀਦ ਊਧਮ ਸਿੰਘ ਕਈ ਦੇਸ਼ਾਂ ਵਿੱਚ ਵੱਖ ਵੱਖ ਨਾਵਾਂ(ਸ਼ੇਰ ਸਿੰਘ,ਉਦੇ ਸਿੰਘ,ਫਰੈਂਕ ਬਰਾਜ਼ੀਲ,ਰਾਮ ਮੁਹੰਮਦ ਸਿੰਘ ਅਜ਼ਾਦ) ਨਾਲ ਭਾਰਤ ਦੀ ਅਜ਼ਾਦੀ ਲਈ ਲੜ ਰਹੀਆਂ ਜਥੇਬੰਦੀਆਂ (ਗ਼ਦਰ ਪਾਰਟੀ, ਹਿੰਦੋਸਤਾਨ ਸੋਸ਼ਲਿਸਟ ਰਿਪਬਲਿਕ ਐਸੋਸੀਏਸ਼ਨ ਅਤੇ ਇੰਡੀਅਨ ਵਰਕਰਜ਼ ਐਸੋਸੀਏਸ਼ਨ) ਨਾਲ ਜੁੜਿਆ ਰਿਹਾ ਪਰ ਉਸ ਦੇ ਦਿਲ ਅੰਦਰ ਹਮੇਸ਼ਾ ਆਪਣੇ ਦੁਆਰਾ ਅੰਮ੍ਰਿਤਸਰ ਵਿਖੇ ਕੀਤਾ ਪ੍ਰਣ ਇਕ ਹੂਕ ਬਣ ਕੇ ਧੜਕਦਾ ਸੀ।ਇਸ ਸਮੇਂ ਦੌਰਾਨ ਉਸ ਦਾ ਮੇਲ ਦੇਸ਼ ਦੇ ਸਿਰਮੌਰ ਅਜ਼ਾਦੀ ਘੁਲਾਟੀਆ ਨਾਲ ਵੀ ਹੋਇਆ ਜਿਨ੍ਹਾਂ ਵਿਚ ਉਸ ਦੇ ਆਦਰਸ਼ ਸ਼ਹੀਦ ਭਗਤ ਸਿੰਘ ਵੀ

(ਬਾਕੀ ਸਫਾ 21 'ਤੇ)



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
ਅਦਾਰਾ ਦੇਸ਼ ਦੁਆਰਾ ਇਸ ਅਖਬਾਰ ਵਿਚ ਛਪੇ ਇਸ਼ਤਿਹਾਰਾਂ 'ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਇਤਿਹਾਸਕ ਪਿੰਡ ਡਰੋਲੀ ਭਾਈ ਦੇ ਵਾਸੀਆਂ ਨੇ ਨਸ਼ਾ ਤਸਕਰਾਂ ਖਿਲਾਫ ਚੁੱਕਿਆ ਝੰਡਾ

**ਡਰੋਲੀ ਭਾਈ, ਮੋਗਾ–** ਜਿਲ੍ਹੇ ਦੇ ਇਤਿਹਾਸਕ ਤੇ ਤਿੰਨ ਗੁਰੂ ਸਾਹਿਬਾਨਾਂ ਦੀ ਚਰਨਸ਼ੋਹ ਪ੍ਰਾਪਤ ਪਿੰਡ ਡਰੋਲੀ ਭਾਈ ਦੇ ਨੌਜਵਾਨਾਂ ਤੇ ਗੁਰਦੁਆਰਾ ਬਾਬਾ ਗੁਰਦਿੱਤਾ ਸਾਹਿਬ ਜੀ ਪ੍ਰਬੰਧਕ ਕਮੇਟੀ ਦੇ ਉੱਦਮ ਸਦਕਾ ਤੇ ਵੱਖ-ਵੱਖ ਸਰਕਾਰੀ ਅਧਿਕਾਰੀਆਂ ਦੇ ਸਹਿਯੋਗ ਸਦਕਾ ਪਿੰਡ ਵਾਸੀਆਂ ਨੇ ਪਾਰਟੀਬਾਜੀ ਤੋਂ ਉੱਪਰ ਉਠਦਿਆਂ ਨਸ਼ਾ ਤਸਕਰਾਂ ਖਿਲਾਫ ਝੰਡਾ ਬੁਲੰਦ ਕਰ ਦਿੱਤਾ ਹੈ।

ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੇ ਬੱਚਿਆਂ ਤੇ ਪਿੰਡ ਵਾਸੀਆਂ ਨੇ ਸਾਂਝੀ ਚਿਤਾਵਨੀ ਰੈਲੀ ਕੱਢ ਕੇ ਨਸ਼ਾ ਤਸਕਰਾਂ ਦੇ ਸਮਾਜਿਕ ਬਾਈਕਾਟ ਦਾ ਸੱਦਾ ਦਿੱਤਾ ਤੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕੀਤਾ। ਪਿੰਡ ਵਿੱਚ ਕਿਸੇ ਤਰ੍ਹਾਂ ਦਾ ਵੀ ਨਸ਼ਾ ਵੇਚਣ ਤੇ ਪਿੰਡ ਵਾਸੀਆਂ ਨੇ ਪਾਬੰਦੀ ਲਾ ਦਿੱਤੀ ਹੈ ਤੇ ਜਲਦ ਹੀ ਇਸ ਸਬੰਧੀ ਸਰਬਸਾਂਝੀ ਕਮੇਟੀ ਬਣਾਈ ਜਾਵੇਗੀ, ਜਿਸ ਵਿੱਚ ਪਾਰਟੀਬਾਜੀ ਤੋਂ ਉਪਰ ਉੱਠ ਕੇ ਮੈਂਬਰ ਚੁਣੇ ਜਾਣਗੇ। ਇਹ ਕਮੇਟੀ ਮੈਡੀਕਲ ਸਟੋਰਾਂ, ਆਰਐਮਪੀ ਡਾਕਟਰਾਂ, ਕਰਿਆਨੇ ਦੀਆਂ ਦੁਕਾਨਾਂ ਆਦਿ ਦੀ ਅਚਨਚੇਤ ਚੈਕਿੰਗ ਕਰਿਆ ਕਰੇਗੀ ਤੇ ਪਿੰਡ ਦੇ ਸਹਿਯੋਗ ਨਾਲ ਦੋਸ਼ੀ ਪਾਏ ਜਾਣ ਵਾਲਿਆਂ 'ਤੇ ਕਾਰਵਾਈ ਯਕੀਨੀ ਬਣਾਇਆ ਕਰੇਗੀ ਤੇ ਨਾਲ ਹੀ ਨਸ਼ੇ ਦੇ ਜਾਲ 'ਚ ਫਸ ਚੁੱਕੇ ਨੌਜਵਾਨਾਂ ਨੂੰ ਨਸ਼ਾ ਛੱਡਣ ਲਈ ਪ੍ਰੇਰਿਤ ਕਰਿਆ ਕਰੇਗੀ।




ਅੱਜ ਦੀ ਚਿਤਾਵਨੀ ਰੈਲੀ ਵਿੱਚ ਐਸ. ਡੀ. ਐਮ. ਮੋਗਾ ਸੁੱਖਪ੍ਰੀਤ ਸਿੰਘ ਸਿੱਧੂ, ਤਹਿਸੀਲਦਾਰ ਲਖਵਿੰਦਰ ਸਿੰਘ ਗਿੱਲ, ਡੀਐਸਪੀ ਕੇਸਰ ਸਿੰਘ, ਪ੍ਰਿੰਸੀਪਲ ਹਰਦੀਪ ਸਿੰਘ, ਸਿਹਤ ਵਿਭਾਗ ਦੇ ਬੀਈਈ ਤੇ ਸਮਾਜ ਸੇਵੀ ਰਛਪਾਲ ਸਿੰਘ ਸੋਸਣ, ਏ.ਐਮ.ਓ. ਡਾ. ਗੁਰਪ੍ਰੀਤ ਸਿੰਘ, ਬਲਰਾਜ ਸਿੰਘ ਐਸ.ਆਈ., ਬਹਾਦਰ ਸਿੰਘ ਪਟਵਾਰੀ, ਸਕੂਲ ਸਟਾਫ ਤੋਂ ਇਲਾਵਾ ਸਰਪੰਚ ਨਾਹਰ ਸਿੰਘ, ਚੇਅਰਮੈਨ ਸਕੂਲ ਕਮੇਟੀ ਨੰਬਰਦਾਰ ਗੁਰਜੀਤ ਸਿੰਘ ਮੱਲ੍ਹੀ, ਨੌਜਵਾਨ ਆਗੂ ਜਸਪਾਲ ਸਿੰਘ ਬੱਬੂ, ਪ੍ਰਧਾਨ ਗੁਰਦੁਆਰਾ ਬਾਬਾ ਗੁਰਦਿੱਤਾ ਜੀ ਪ੍ਰਬੰਧਕ ਕਮੇਟੀ ਗਗਨਦੀਪ ਸਿੰਘ ਤੇ ਉਹਨਾਂ ਦੀ ਸਮੁੱਚੀ ਕਮੇਟੀ, ਗਗਨਦੀਪ ਸਿੰਘ ਗਗਨਾ, ਗੁਰਜੰਟ ਸਿੰਘ ਹੈਪੀ, ਪ੍ਰਧਾਨ ਗੁਰੂ ਹਰਗੋਬਿੰਦ ਸਿਮਘ ਟੂਰਨਾਮੈਂਟ ਕਮੇਟੀ ਹਰਕਮਲਪ੍ਰੀਤ ਸਿੰਘ ਭਾਈ, ਸਤਵੀਰ ਸਿੰਘ ਗੋਲਡੀ, ਰਘੁਬੀਰ ਸਿੰਘ ਮੈਂਬਰ, ਮਨਜੀਤ ਸਿੰਘ ਮੈਂਬਰ, ਅਮਨਦੀਪ ਸਿੰਘ ਅਮਨਾ, ਜਸਵੀਰ ਸਿੰਘ ਸੋਨੂੰ, ਸਾਬਕਾ ਬਲਾਕ ਸਮਿਤੀ ਮੈਂਬਰ ਮੇਜਰ ਸਿੰਘ, ਸ਼ਹੀਦ ਊਧਮ ਸਿੰਘ ਕਲੱਬ ਦੇ ਸਮੂੰਹ ਮੈਂਬਰ ਤੇ ਅਹੁਦੇਦਾਰ, ਬਾਬਾ ਸਾਂਈਦਾਸ ਜੀ ਕਲੱਬ ਦੇ ਸਮੂੰਹ ਮੈਂਬਰ ਤੇ ਅਹੁਦੇਦਾਰ, ਸ਼ਹੀਦ ਬਾਬਾ ਜੀਵਨ ਸਿੰਘ ਕਲੱਬ ਦੇ ਅਹੁਦੇਦਾਰ ਤੇ ਮੈਂਬਰ, ਗੁਰਦੁਆਰਾ ਪਾਤਸ਼ਾਹੀ ਛੇਂਵੀ ਲੋਕਲ ਗੁਰਦੁਆਰਾ ਕਮੇਟੀ ਦੇ ਸਮੂੰਹ ਅਹੁਦੇਦਾਰ ਤੇ ਮੈਂਬਰ, ਦਵਿੰਦਰ ਸਿੰਘ, ਗੁਰਲਾਭ ਸਿੰਘ ਮੈਂਬਰ, ਅਜ਼ਾਦ ਸੋਚ ਮੀਡੀਆ ਤੋਂ ਰਣਦੀਪ ਸਿੰਘ ਸੋਨੀ ਸਮੇਤ ਪਿੰਡ ਵਾਸੀਆਂ, ਸਕੂਲ ਦੇ ਬੱਚਿਆਂ ਤੇ ਅਧਿਆਪਕਾਂ ਨੇ ਰੈਲੀ ਵਿੱਚ ਭਾਗ ਲਿਆ ਜਦਕਿ ਮਾਧੋ ਇਲੈਕਟ੍ਰੀਕਲ ਵਰਕਸ ਤੇ ਪਾਈਪ ਸਟੋਰ ਡਰੋਲੀ ਭਾਈ ਦਾ ਵਿਸ਼ੇਸ਼ ਸਹਿਯੋਗ ਰਿਹਾ।

# ਪਿੰਡ ਮੁਕੰਦਪੁਰ ਵਿਖੇ ਦਲਿਤਾਂ ਨੂੰ ਖੇੜੇ ਮੰਦਰ 'ਚ ਪ੍ਰਵੇਸ਼ ਕਰਨ 'ਤੇ ਲਗਾਈ ਰੋਕ

## ਮੰਦਰ ਅੰਦਰ ਦਾਖਲ ਹੋਣ ਵਾਲੇ ਦਲਿਤ ਨੂੰ ਦੇਣਾ ਪਵੇਗਾ 5100 ਰੁਪਏ ਜੁਰਮਾਨਾ

**ਡੇਰਾਬਸੀ (ਮੋਹਾਲੀ)–** ਡੇਰਾਬਸੀ ਨੇੜਲੇ ਪਿੰਡ ਮੁਕੰਦਪੁਰ ਵਿਖੇ ਦਲਿਤ ਭਾਈਚਾਰੇ ਦੇ ਲੋਕਾਂ ਦੇ ਪਿੰਡ ਵਿਚਲੇ ਖੇੜਾ ਮੰਦਰ ਅੰਦਰ ਪ੍ਰਵੇਸ਼ 'ਤੇ ਰੋਕ ਲਗਾਏ ਜਾਣ ਸਬੰਧੀ ਫੁਰਮਾਨ ਜਾਰੀ ਕੀਤਾ ਗਿਆ ਹੈ। ਇੱਥੇ ਹੀ ਬੱਸ ਨਹੀਂ ਮੰਦਰ ਅੰਦਰ ਦਾਖਲ ਹੋਣ ਵਾਲੇ ਦਲਿਤ ਤੋਂ 5100 ਰੁਪਏ ਜੁਰਮਾਨਾ ਵਸੂਲਣ ਲਈ ਵੀ ਆਖਿਆ ਗਿਆ ਹੈ। ਇਸ ਮਸਲੇ ਨੂੰ ਲੈ ਕੇ ਪਿੰਡ 'ਚ ਦਹਿਸ਼ਤ ਦਾ ਮਾਹੌਲ ਬਣਿਆ ਹੋਇਆ ਹੈ। ਪਿੰਡ ਦੇ ਕੁਝ ਮੋਹਤਬਰਾਂ ਵੱਲੋਂ ਇਸ ਮਸਲੇ ਨੂੰ ਲੈ ਕੇ ਦਲਿਤ ਭਾਈਚਾਰੇ ਦੇ ਲੋਕਾਂ ਤੋਂ ਮੁਆਫੀ ਮੰਗ ਕੇ ਮਾਮਲਾ ਖਤਮ ਕਰਨ ਦੀ ਕੋਸ਼ਿਸ਼ ਵੀ ਕੀਤੀ ਗਈ ਸੀ, ਪਰ ਦਲਿਤ ਭਾਈਚਾਰੇ ਦੇ ਲੋਕ ਖੇੜਾ ਮੰਦਰ ਅੰਦਰ ਜਾਣ ਤੋਂ ਡਰ ਰਹੇ ਹਨ। ਦਲਿਤ ਭਾਈਚਾਰੇ ਨਾਲ ਸਬੰਧਤ ਕੁਝ ਵਿਅਕਤੀਆਂ ਨੇ ਦੱਸਿਆ ਕਿ ਪਿੰਡ 'ਚ ਕਰੀਬ 120 ਘਰ ਰਾਮਦਾਸੀਆ ਭਾਈਚਰੇ ਦੇ ਅਤੇ 250 ਘਰ ਗੁੱਜਰ ਭਾਈਚਾਰੇ ਦੇ ਹਨ। ਪਿਛਲੇ ਦਿਨੀਂ ਖੇੜਾ ਮੰਦਰ ਕਮੇਟੀ ਦੇ ਕੁਝ ਮੈਂਬਰਾਂ ਨੇ ਦਲਿਤ ਭਾਈਚਾਰੇ ਦੇ ਲੋਕਾਂ ਦੇ ਮੰਦਰ ਅੰਦਰ ਜਾਣ ਤੋਂ ਰੋਕ ਲਗਾਉਣ ਸਬੰਧੀ ਫੁਰਮਾਨ ਜਾਰੀ ਕਰਦਿਆਂ ਪਿੰਡ ਦੇ ਚੌਕੀਦਾਰ ਨੂੰ ਘਰ-ਘਰ ਜਾ ਕੇ ਸੁਨੇਹਾ ਦੇਣ ਲਈ ਵੀਆਖਿਆਸ ੀ। ਇਸ ਫੁਰਮਾਨ ਦਾ ਅਸਰ ਬੀਤੇ ਐਤਵਾਰ ਖੇੜੇ 'ਤੇ ਹੋਏ ਭੰਡਾਰੇ ਦੌਰਾਨ ਵੇਖਣ ਨੂੰ ਮਿਲਿਆ, ਜਿੱਥੇ ਕਿ ਰਾਮਦਾਸੀਆ ਭਾਈਚਾਰੇ ਦਾ ਕੋਈ ਵਿਅਕਤੀ ਨਹੀਂ ਪਹੁੰਚਿਆ।



ਪਿੰਡ ਦੀ ਸਰਪੰਚ ਜਗਿੰਦਰੋ ਦੇਵੀ ਦਾ ਕਹਿਣਾ ਹੈ ਕਿ ਜਿਸ ਤੋਂ ਬਾਅਦ ਉਨ੍ਹਾਂ ਨੇ ਆਪਣੇ ਪਤੀ ਅਤੇ ਪਿੰਡ ਦੇ ਮੋਹਤਬਰਾਂ ਨਾਲ ਮਿਲ ਕੇ ਮਾਮਲਾ ਖਤਮ ਕਰਨ ਦੀ ਕੋਸ਼ਿਸ਼ ਵੀ ਕੀਤੀ ਸੀ। ਉਹਨਾਂ ਕਿਹਾ ਕਿ ਅਜਿਹਾ ਫੁਰਮਾਨ ਜਾਰੀ ਕਰਨਾ ਗਲਤ ਹੈ ਕਿਉਂਕਿ ਧਾਰਮਿਕ ਅਸਥਾਨ ਪੂਰੇ ਪਿੰਡ ਦਾ ਸਾਂਝਾ ਹੁੰਦਾ ਹੈ। ਇਸ ਮਾਮਲੇ ਸਬੰਧੀ ਏ. ਐਸ. ਪੀ. ਡੇਰਾਬਸੀ ਹਰਮਨ ਹਾਂਸ ਦਾ ਕਹਿਣਾ ਹੈ ਕਿ ਉਹਨਾਂ ਕੋਲ ਇਸ ਬਾਰੇ ਕੋਈ ਸ਼ਿਕਾਇਤ ਨਹੀਂ ਆਈ ਪਰ ਫਿਰ ਵੀ ਉਹ ਆਪਣੇ ਪੱਧਰ 'ਤੇ ਮਾਮਲੇ ਦੀ ਜਾਂਚ ਕਰਵਾਉਣਗੇ। ਦੂਜੇ ਪਾਸੇ ਐਸ. ਡੀ. ਐਮ. ਪਰਮਜੀਤ ਸਿੰਘ ਨਾਲ ਸੰਪਰਕ ਕਰਨ 'ਤੇ ਉਹਨਾਂ ਕਿਹਾ ਕਿ ਅਜਿਹਾ ਕਰਨਾ ਗਲਤ ਹੈ ਅਤੇ ਅਜਿਹਾ ਫੁਰਮਾਨ ਜਾਰੀ ਕਰਨ ਵਾਲਿਆਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ।

*ਧੰਨਵਾਦ ਸਹਿਤ 'ਰੋਜ਼ਾਨਾ ਅਜੀਤ ਜਲੰਧਰ'*





FARMERS INSURANCE
Auto, Home, Business, Commercial, Rental, Workecomp, Life, Health etc.
Manjit Kaur Insurance Agency
Cell: 916-412-5222
Tel: 916-550-0318
Fax: 916-891-5109
Email: mkaur@farmersagent.com
COVERED CALIFORNIA
7651 Daly Ave, Suite Sacramento CA 95842

Buying, Selling any Kind of Real Estate or just need friendly advice call
RE/MAX
DALVIR 'DIL' NIJJAR
916-628-2210
Dil.realtor@gmail.com
2081 Arena Blvd. @ 100 Sacramento CA 95835



Realtor, Lic # 01418648

A & S
Auto Repair & Services
Specializing in Brakes & Axles
10% of any repair of $ $75.00 or More
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics



9:00 AM to 6:00 PM Mon-Sat
Ph: 916-238-4431
649 W. Elkhorn Blvd. Suite B2
Rio Linda, CA 95673



Amarjit Sandhu

# ਬਲਵੀਰ ਰਾਣੀ ਸੋਢੀ ਨੇ ਕੈਬਿਨੇਟ ਮੰਤਰੀ ਸਾਧੂ ਸਿੰਘ ਧਰਮਸੋਤ ਨਾਲ ਕੀਤੀ ਮੁਲਾਕਾਤ



**ਫਗਵਾੜਾ (ਰੱਤੂ)–** ਮਹਿਲਾ ਕਾਂਗਰਸ ਪੰਜਾਬ ਦੀ ਸੂਬਾ ਮੀਤ ਪ੍ਰਧਾਨ ਅਤੇ ਆਲ ਇੰਡੀਆ ਕਾਂਗਰਸ ਕਮੇਟੀ ਮੈਰਬਰ ਸ੍ਰੀਮਤੀ ਬਲਵੀਰ ਰਾਣੀ ਸੋਢੀ ਨੇ ਅੱਜ ਚੰਡੀਗੜ੍ਹ ਵਿਖੇ ਪੰਜਾਬ ਦੇ ਐਸ.ਸੀ./ਬੀ.ਸੀ. ਭਲਾਈ ਮਾਮਲਿਆਂ ਸਬੰਧੀ ਮਹਿਕਮੇ ਦੇ ਕੈਬਿਨੇਟ ਮੰਤਰੀ ਸਾਧੂ ਸਿੰਘ ਧਰਮਸੋਤ ਨਾਲ ਮੁਲਾਕਾਤ ਕੀਤੀ। ਸ੍ਰੀਮਤੀ ਸੋਢੀ ਜੋ ਕਿ ਗੁਰੂ ਰਵਿਦਾਸ ਕਾਲਜ ਟਰੱਸਟ ਫਗਵਾੜਾ ਦੇ ਵਾਈਸ ਚੇਅਰਮੈਨ ਵੀ ਹਨ ਉਹਨਾਂ ਕੈਬਿਨੇਟ ਮੰਤਰੀ ਨੂੰ ਦੱਸਿਆ ਕਿ ਕਾਲਜਾਂ ਨੂੰ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਤਹਿਤ ਦਲਿਤ ਵਿਦਿਆਰਥੀਆਂ ਦੀਆਂ ਫੀਸਾਂ ਦੀ ਅਦਾਇਗੀ ਨਾ ਹੋਣ ਨਾਲ ਵਿਦਿਆਰਥੀਆਂ ਅਤੇ ਕਾਲਜ ਪ੍ਰਬੰਧਕਾਂ ਨੂੰ ਭਾਰੀ ਪਰੇਸ਼ਾਨੀ ਹੋ ਰਹੀ ਹੈ ਕਿ ਕਈ ਸਾਲਾਂ ਤੋਰ ਗ੍ਰਾਂਟ ਤਹਿਤ ਫੀਸਾਂ ਜਮਾ ਨਾ ਹੋਣ ਨਾਲ ਸਟਾਫ ਦੀ ਤਨਖਾਹ ਅਤੇ ਕਾਲਜਾਂ ਦੇ ਹੋਰ ਖਰਚੇ ਪੂਰੇ ਨਹੀਂ ਹੋ ਰਹੇ ਅਤੇ ਗਰੀਬ ਵਿਦਿਆਰਥੀਆਂ ਦੇ ਮਾਪਿਆਂ ਨੂੰ ਫੀਸ ਲਈ ਪਰੇਸ਼ਾਨ ਕਰਨਾ ਜਾਇਜ ਨਹੀਂ ਹੈ।

ਸ੍ਰੀਮਤੀ ਸੋਢੀ ਨੇ ਇਸ ਮੁਲਾਕਾਤ ਬਾਰੇ ਪੱਤਰਕਾਰਾਂ ਨੂੰ ਦੱਸਿਆ ਕਿ ਕੈਬਿਨੇਟ ਮੰਤਰੀ ਸਾਧੂ ਸਿੰਘ ਧਰਮਸੋਤ ਨੇ ਭਰੋਸਾ ਦਿੱਤਾ ਹੈ ਕਿ ਉਕਤ ਸਕੀਮ ਅਧੀਨ ਸਾਲ 2015-16 ਦੀ ਗ੍ਰਾਂਟ 31 ਜੁਲਾਈ ਤੱਕ ਕਾਲਜਾਂ ਨੂੰ ਰਿਲੀਜ਼ ਕਰ ਦਿੱਤੀ ਜਾਵੇਗੀ। ਕੇਂਦਰ ਦੀ ਮੋਦੀ ਸਰਕਾਰ ਵਲੋਂ ਗ੍ਰਾਂਟ ਪ੍ਰਾਪਤ ਨਾ ਹੋਣ ਦੇ ਚਲਦੇ ਇਹ ਪਰੇਸ਼ਾਨੀ ਪੇਸ਼ ਆਈ ਹੈ ਪਰ ਹੁਣ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਨਿਜੀ ਦਖਲ ਤੋਰ ਬਾਅਦ ਕੇਂਦਰ ਸਰਕਾਰ ਨੇ ਗ੍ਰਾਂਟ ਜਾਰੀ ਕਰਨੀ ਸ਼ੁਰੂ ਕਰ ਦਿੱਤੀ ਹੈ ਅਤੇ ਸਰਕਾਰ ਦੀ ਕੋਸ਼ਿਸ਼ ਰਹੇਗੀ ਕਿ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਤਹਿਤ ਗ੍ਰਾਂਟ ਨੂੰ ਰੈਗੂਲਰ ਰੱਖਿਆ ਜਾਵੇ।

# ਡੀਜੀਪੀ ਦੇ ਸਿੱਧੇ ਕੰਟਰੋਲ ਹੇਠ ਕੰਮ ਕਰੇਗੀ ਐੱਸ ਟੀ ਐੱਫ

**ਚੰਡੀਗੜ੍ਹ–** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਰੱਹਦੀ ਇਲਾਕੇ ਵਿੱਚ ਨਸ਼ਾ ਤਸਕਰੀ ਰੋਕਣ ਲਈ ਬੀਐਸਐਫ ਦੇ ਜਵਾਨਾਂ ਤੇ ਨਸ਼ਾਂ ਤਸਕਰਾਂ ਵਿਚਕਾਰ ਕਥਿਤ ਗੱਠਜੋੜ ਤੋੜਨ ਵਾਸਤੇ ਸਰਹੱਦ ’ਤੇ ਬੀਐਸਐਫ ਜਵਾਨਾਂ ਦੀ ਤਾਇਨਾਤੀ ਦੀ ਮਿਆਦ ਘਟਾਉਣ ਦਾ ਸੁਝਾਅ ਦਿੱਤਾ ਹੈ। ਡਿਪਟੀ ਕਮਿਸ਼ਨਰਾਂ ਅਤੇ ਜ਼ਿਲ੍ਹਾ ਪੁਲੀਸ ਮੁਖੀਆਂ ਨਾਲ ਮੀਟਿੰਗ ਦੌਰਾਨ ਮੁੱਖ ਮੰਤਰੀ ਨੇ ਕਿਹਾ ਕਿ ਆਪਣੇ-ਆਪਣੇ ਇਲਾਕਿਆਂ ਨੂੰ ਨਸ਼ਿਆਂ ਤੋਂ ਮੁਕਤ ਬਣਾਉਣ ਲਈ ਐਸਡੀਐਮ, ਡੀਐੱਸਪੀ ਤੇ ਐਸਐਚਓ ਜ਼ਿੰਮੇਵਾਰ ਅਤੇ ਜਵਾਬਦੇਹ ਹੋਣਗੇ।

ਕੈਪਟਨ ਨੇ ਨਸ਼ਾ ਛੁਡਾਊ ਪ੍ਰੋਗਰਾਮਾਂ ਨੂੰ ਪ੍ਰਭਾਵੀ ਢੰਗ ਨਾਲ ਚਲਾਉਣ ਲਈ ਵੀ ਜ਼ਿੰਮੇਵਾਰੀ ਤੈਅ ਕੀਤੀ। ਉਨ੍ਹਾਂ ਕਿਹਾ ਕਿ ਮੈਡੀਕਲ, ਪੁਲੀਸ ਤੇ ਮਾਲ ਵਿਭਾਗ ਦੇ ਅਧਿਕਾਰੀਆਂ ਦੀਆਂ ਨਸ਼ਾਂ ਸਬੰਧੀ ਪ੍ਰਾਪਤੀਆਂ ਨੂੰ ਉਨ੍ਹਾਂ ਦੀ ਵਿਭਾਗੀ ਏਸੀਆਰ ਵਿੱਚ ਨੋਟ ਕੀਤਾ ਜਾਵੇ। ਮੁੱਖ ਮੰਤਰੀ ਨੇ ਸਪਸ਼ਟ ਕੀਤਾ ਕਿ ਐਸ ਟੀ ਐਫ ਹੁਣ ਡੀਜੀਪੀ ਦੇ ਕੰਟਰੋਲ ਹੇਠ ਸਿੱਧੇ ਤੌਰ ’ਤੇ ਕਾਰਜ ਕਰੇਗੀ, ਜਿਸ ਤਰ੍ਹਾਂ ਇੰਟੈਲੀਜੈਂਸ ਵਿੰਗ ਕਰਦਾ ਹੈ। ਮੁੱਖ ਮੰਤਰੀ ਨੇ ਸੂਬੇ ਵਿੱਚ ਨਸ਼ਾ ਤਸਕਰੀ ਰੋਕਣ ਵਾਸਤੇ ਸਰਹੱਦ ’ਤੇ ਸਾਰੇ ਨਾਕਿਆਂ ’ਤੇ ਅਤਿ-ਆਧੁਨਿਕ ਸੀ ਸੀ ਟੀ ਵੀ ਕੈਮਰੇ ਸਥਾਪਿਤ ਕਰਨ ਲਈ ਕਿਹਾ। ਮੁੱਖ ਮੰਤਰੀ ਨੇ ਸਿੱਖਜ਼ ਫਾਰ ਜਸਟਿਸ (ਐਸਐਫਜੇ) ਵਰਗੇ ਗਰੁੱਪਾਂ ਦੀਆਂ



ਕੋਸ਼ਿਸ਼ਾਂ ਵਿਰੁੱਧ ਵੱਖ-ਵੱਖ ਏਜੰਸੀਆਂ ਨੂੰ ਠੋਸ ਕਾਰਵਾਈ ਦਾ ਸੱਦਾ ਦਿੱਤਾ ਤੇ ਕਿਹਾ ਕਿ ਇਹ 2020 ਦੀ ਰਾਇਸ਼ੁਮਾਰੀ ਦੀ ਮੁਹਿੰਮ ਦੇ ਨਾਲ ਸੂਬੇ ਨੂੰ ਵੰਡਣ ਦੀ ਕੋਸ਼ਿਸ਼ ਵਿੱਚ ਹਨ। ਕੈਪਟਨ ਨੇ ਨਸ਼ਿਆਂ ਵਿਰੁੱਧ ਜੰਗ ਲਈ ਹੈੱਡਕੁਆਰਟਰ ਪੱਧਰ ’ਤੇ ਐੱਸਐੱਸਪੀਜ਼ ਅਤੇ ਡੀਐੱਸਪੀਜ਼ ਦੇ ਹੇਠ ਪੁਲੀਸ ਨੂੰ ਛਾਪਾ ਮਾਰੂ ਟੀਮਾਂ ਬਣਾਉਣ ਲਈ ਆਖਿਆ। ਉਨ੍ਹਾਂ ਨੇ ਸੈਂਪਲਾਂ ਦੇ ਢੁਕਵੇਂ ਅਤੇ ਤੇਜ਼ੀ ਨਾਲ ਟੈਸਟ ਕਰਨੇ ਯਕੀਨੀ ਬਣਾਉਣ ਵਾਸਤੇ ਫੋਰੈਂਸਿਕ ਲੈਬਾਂ ਨੂੰ ਵੀ ਡਟਣ ਦਾ ਸੱਦਾ ਦਿੱਤਾ। ਮੁੱਖ ਮੰਤਰੀ ਨੇ ਐਲਾਨ ਕੀਤਾ ਕਿ ਨਸ਼ਾ-ਮੁਕਤ ਪਿੰਡਾਂ ਨੂੰ ਵਿਕਾਸ ਕਾਰਜਾਂ ਵਾਸਤੇ ਵਾਧੂ ਗ੍ਰਾਂਟ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਕੇਸਾਂ ਦੇ ਤੇਜ਼ੀ ਨਾਲ ਨਿਪਟਾਰੇ ਵਾਸਤੇ ਉਹ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੂੰ ਫਾਸਟ ਟਰੈਕ ਅਦਾਲਤਾਂ ਲਾਉਣ ਦੀ ਬੇਨਤੀ ਕਰਨਗੇ। ਉਨ੍ਹਾਂ ਕਿਹਾ ਕਿ ਇਸ ਦੇ ਨਾਲ ਦੋਸ਼ੀਆਂ ਨੂੰ ਸਜ਼ਾ ਯਕੀਨੀ ਬਣਾਈ ਜਾ ਸਕੇਗੀ। ਡੀਜੀਪੀ ਸੁਰੇਸ਼ ਅਰੋੜਾ ਨੇ ਕਿਹਾ ਕਿ ਡਿਪਟੀ ਕਮਿਸ਼ਨਰ, ਐੱਸਐੱਸਪੀਜ਼ ਤੇ ਪੰਜਾਬ ਦੇ ਲੋਕਾਂ ਨੇ ਸਫ਼ਲਤਾ ਨਾਲ ਅਤਿਵਾਦ ਵਿਰੁੱਧ ਲੜਾਈ ਲੜੀ ਹੈ, ਹੁਣ ਇਕੱਠੇ ਹੋ ਕੇ ਨਸ਼ਿਆਂ ਵਿਰੁੱਧ ਲੜਾਈ ਲੜਨ ਦਾ ਸਮਾਂ ਆ ਗਿਆ ਹੈ। ਮੀਟਿੰਗ ਵਿੱਚ ਸਿਹਤ ਮੰਤਰੀ ਬ੍ਰਹਮ ਮਹਿੰਦਰਾ, ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਸੁਨੀਲ ਜਾਖੜ, ਮੁੱਖ ਮੰਤਰੀ ਦੇ ਮੁੱਖ ਪ੍ਰਮੁੱਖ ਸਕੱਤਰ ਸੁਰੇਸ਼ ਕੁਮਾਰ ਤੇ ਮੁੱਖ ਸਕੱਤਰ ਕਰਨ ਅਵਤਾਰ ਸਿੰਘ ਹਾਜ਼ਰ ਸਨ।

# ਘੁੱਗੀ ਦਾ ਪਿੰਡ ਪੈਦਾ ਕਰਦਾ ਆ ਰਿਹਾ ਹੈ ਨਾਮਵਰ ਫੁੱਟਬਾਲਰ

**ਬਟਾਲਾ–** ਪੰਜਾਬ ਦੀ ਰਾਜ ਖੇਡ ਕਬੱਡੀ ਹੋਣ ਦੇ ਬਾਵਜੂਦ ਬਟਾਲਾ ਨੇੜਲੇ ਅੱਧੀ ਦਰਜਨ ਤੋਂ ਵੱਧ ਪਿੰਡਾਂ ਵਿੱਚ ਫੁਟਬਾਲ ਪ੍ਰਤੀ ਜਨੂਨ ਕਾਇਮ ਹੈ। ਬੱਚੇ ਤੋਂ 50 ਸਾਲਾਂ ਤੱਕ ਦੇ ‘ਨੌਜਵਾਨ’ ਸ਼ਾਮ ਨੂੰ ਹਰ ਪਿੰਡ ਦੇ ਫੁਟਬਾਲ ਮੈਦਾਨ ਵਿੱਚ ਖੇਡਦੇ ਮਿਲਣਗੇ। ਹਾਲਾਂਕਿ ਸਰਕਾਰੀ ਬੇਰੁਖ਼ੀ ਕਾਰਨ ਇਹ ਪਿੰਡ ਖੇਡ ਸਟੇਡੀਅਮਾਂ ਨੂੰ ਤਰਸ ਰਹੇ ਹਨ। ਇਨ੍ਹਾਂ ਮੈਦਾਨਾਂ ਵਿੱਚੋਂ ਨਿਕਲੇ ਦਰਜਨਾਂ ਖਿਡਾਰੀ ਦੇਸ਼ ਦੇ ਵੱਖ-ਵੱਖ ਨਾਮੀਂ ਫੁਟਬਾਲ ਕਲੱਬਾਂ ਵਿੱਚ 80 ਲੱਖ ਤੋਂ ਡੇਢ ਕਰੋੜ ਰੁਪਏ ਸਾਲਾਨਾ ਕਮਾ ਰਹੇ ਹਨ। ਪਿੰਡ ਖੋਖਰ ਫੌਜੀਆਂ ਨੇ ਜਿੱਥੇ ਸਭਿਆਚਾਰਕ ਖੇਤਰ ਵਿੱਚ ਕੌਮਾਂਤਰੀ ਪੱਧਰ ਦਾ ਭੰਗੜਚੀ ਮਾਸਟਰ ਹਰਭਜਨ ਸਿੰਘ ਅਤੇ ਹਾਸਰਸ ਫਿਲਮੀ ਕਲਾਕਾਰ ਗੁਰਪ੍ਰੀਤ ਘੁੱਗੀ ਪੈਦਾ ਕੀਤਾ ਹੈ, ਉਥੇ ਕਈ ਦਰਜਨ ਫੁਟਬਾਲ ਖਿਡਾਰੀ ਅਤੇ ਫ਼ੌਜੀ ਵੀ ਪੈਦਾ ਕੀਤੇ ਹਨ।ਖੋਖਰ ਫੌਜੀਆਂ ਦੇ ਨੌਜਵਾਨਾਂ ਨੇ ਫ਼ੌਜ, ਪੁਲੀਸ ਅਤੇ ਹੋਰ ਵਿਭਾਗਾਂ ਵਿੱਚ ਨੌਕਰੀ ਦੌਰਾਨ ਖੇਡ ਕੇ ਚੋਖਾ ਨਾਮ ਕਮਾਇਆ ਅਤੇ ਕਮਾ ਰਹੇ ਹਨ। ਇੱਕ ਹਜ਼ਾਰ ਦੀ ਆਬਾਦੀ ਵਾਲੇ ਇਸ ਪਿੰਡ ’ਚ ਫੁਟਬਾਲ ਦੀ ਚਿਣਗ 1980 ਵਿੱਚ ਲੱਗੀ, ਜਦੋਂ ਫੁਟਬਾਲ ਦੇ ਸ਼ੌਕੀਨਾਂ ਨੇ ਸਾਜ਼ੋ-ਸਾਮਾਨ ਖ਼ਰੀਦਣ ਲਈ ਹੱਥੀਂ ਕਿਰਤ ਕਰਕੇ ਪੈਸਾ ਜੋੜਿਆ ਸੀ। ਪਿੰਡ ਤੋਂ ਅੱਧੀ ਕਿਲੋਮੀਟਰ ਦੀ ਵਿੱਥ ’ਤੇ ਬਣੇ ਖ਼ਸਤਾ ਹਾਲ ਖੇਡ ਮੈਦਾਨ ਨੇ ਰੇਲ ਕੋਚ ਫੈਕਟਰੀ ਵਿੱਚ ਫੁਟਬਾਲ ਟੀਮ ਦੇ ਮੌਜੂਦਾ ਕੋਚ ਹਰਸ਼ਰਨਜੀਤ ਸਿੰਘ ਗੋਨੀ (ਭੰਗੜਾ ਕਲਾਕਾਰ ਮਾਸਟਰ ਹਰਭਜਨ ਸਿੰਘ ਦੇ ਫਰਜ਼ੰਦ) ਤੋਂ ਇਲਾਵਾ ਕੋਲਕਾਤਾ ਦੇ



ਅਟਲੈਟਿਕੋ ਫੁਟਬਾਲ ਕਲੱਬ ਦਾ ਲਾਰਾ ਸ਼ਰਮਾ ਅਤੇ ਨਾਰਥ ਈਸਟ ਫੁਟਬਾਲ ਕਲੱਬ ਦੇ ਅਜੇ ਕੁਮਾਰ ਵਰਗੇ ਫੁਟਬਾਲਰ ਪੈਦਾ ਕੀਤੇ ਹਨ। ਅੰਮ੍ਰਿਤਸਰ -ਕਸ਼ਮੀਰ ਕੌਮੀ ਮਾਰਗ 14 ’ਤੇ ਵਸੇ ਇਸ ਪਿੰਡ ਦੇ ਨਾਲ ਹੀ ਉਦੋਵਾਲ ਪਿੰਡ ਦਾ ਸਹਿਨਾਜ਼ ਮੁੰਬਈ ਕਲੱਬ ਨਾਲ ਜੁੜਿਆ ਹੋਇਆ ਹੈ, ਜੋ ਡੇਢ ਕਰੋੜ ਰੁਪਏ ਸਾਲਾਨਾ ਕਮਾ ਰਿਹਾ ਹੈ। ਪਿੰਡ ਦਿਆਲਗੜ੍ਹ ਦੇ ਗੁਮਿੰਦਰ ਸਿੰਘ ਉਰਫ਼ ਘੁੱਦੁ ਤੇ ਕਰਨਪ੍ਰੀਤ ਸਿੰਘ ਰੇਲ ਕੋਚ ਫੈਕਟਰੀ ਵਿੱਚ ਕ੍ਰਮਵਾਰ ਗੋਲਕੀਪਰ ਤੇ ਖਿਡਾਰੀ ਹਨ। ਇਸੇ ਪਿੰਡ ਦਾ ਬਲਜੀਤ ਸਿੰਘ ਟੀਟੀ ਅਤੇ ਪਿੰਡ ਮਮਰਾਵਾਂ ਦਾ ਮਨਜੀਤ ਸਿੰਘ ਕੌਮਾਂਤਰੀ ਪੱਧਰ ’ਤੇ ਮੱਲਾਂ ਮਾਰ ਰਹੇ ਹਨ। ਪਿੰਡ ਬਹਿਬਲ ਚੱਕ ਦਾ ਬਿਕਰਮ ਸਿੰਘ ਫੁਟਬਾਲ ਕਲੱਬ ਤੋਂ ਸਾਲਾਨਾ ਡੇਢ ਕਰੋੜ ਰੁਪਏ ਕਮਾ ਰਿਹਾ ਹੈ। ਇਸੇ ਤਰ੍ਹਾਂ ਬੁੱਲੋਵਾਲ ਦਾ ਮਨਜਿੰਦਰ ਸਿੰਘ ਟੋਨੀ ਆਰਸੀਐਫ ਕਪੂਰਥਲਾ, ਰਾਕੇਸ਼ ਮਸੀਹ ਕੋਲਕਾਤਾ ਕਲੱਬ ਅਤੇ ਪਿੰਡ ਪੇਰੋਸ਼ਾਹ ਦਾ ਜਰਮਨ ਸਿੰਘ ਐਫਸੀ ਕਲੱਬ ਚੇਨੱਈ ਨਾਲ ਜੁੜਿਆ ਹੋਇਆ ਹੈ। ਕੌਮੀ ਅਤੇ ਕੌਮਾਂਤਰੀ ਪੱਧਰ ਦੇ ਖਿਡਾਰੀ ਦੇਣ ਵਾਲੇ ਇਨ੍ਹਾਂ ਪਿੰਡਾਂ ਦੇ ਖੇਡ ਸਟੇਡੀਅਮਾਂ ’ਤੇ ਪੰਜਾਬ ਵਿੱਚ ਕਿਸੇ ਵੀ ਪਾਰਟੀ ਦੀ ਸਰਕਾਰ ਸਵੱਲੀ ਨਜ਼ਰ ਨਹੀਂ ਪਈ। ਪਿੰਡ ਖੋਖਰ ਫ਼ੌਜੀਆ ਦਾ ਫੁਟਬਾਲ ਖਿਡਾਰੀ ਅਤੇ ਭੰਗੜਾ ਕਲਾਕਾਰ ਅੰਮ੍ਰਿਤਪਾਲ ਸਿੰਘ ਨੇੜਲੇ ਸਰਕਾਰੀ ਸਕੂਲ ਦਿਆਲਗੜ੍ਹ ਵਿੱਚ ਅਧਿਆਪਕ ਹੈ। ਉਸ ਨੇ ਸਕੂਲ ਦੀਆਂ ਲੜਕੀਆਂ ਦੀ ਫੁਟਬਾਲ ਟੀਮ ਬਣਾਈ, ਜੋ 2015 ਦੌਰਾਨ (ਅੰਡਰ-14, 17 ਅਤੇ 19) ਪੰਜਾਬ ਦੀ ਜੇਤੂ ਟੀਮ ਬਣੀ, ਜਦੋਂਕਿ ਲੜਕਿਆਂ ਦੀ ਟੀਮ ਨੇ ਪਿਛਲੇ ਸਾਲ ਗੋਲਡ ਮੈਡਲ ਜਿੱਤਿਆ।

# ਤੀਆਂ ਦਾ ਮੇਲਾ ‘ਝਾਂਜਰ ਦੀ ਛਣਕਾਰ’ ਪੰਜਾਬ ਦੇ ਮੇਲੇ ਦੀ ਤਸਵੀਰ ਪੇਸ਼ ਕਰ ਗਿਆ















**ਮਿਲਪੀਟਸ (ਬਿਓਰੋ) –** ਸੈਨਹੋਜ਼ੇ ਪੰਜਾਬੀ ਹੈਰੀਟੇਜ ਕਲੱਬ ਵਲੋਂ ਗੁਰਮੀਤ ਕੌਰ ਛੀਨਾ ਅਤੇ ਗੁਰਮੀਤ ਕੌਰ ਚਾਹਲ ਦੀ ਅਗਵਾਈ ਹੇਠ ਪੰਜਾਬਣਾਂ ਦੇ ਰਵਾਇਤੀ ਤਿਓਹਾਰ ਤੀਆਂ ਨੂੰ ਇਸ ਵਾਰ ਬਿਲਕੁਲ ਨਿਵੇਕਲੇ ਢੰਗ ਨਾਲ ਮਨਾਉਣ ਦਾ ਸਫਲ ਉਪਰਾਲਾ ਕੀਤਾ ਗਿਆ। ਵੱਖਰੀ ਗੱਲ ਇਹ ਸੀ ਕਿ ਨਾ ਸਿਰਫ ਗੀਤ ਸੰਗੀਤ ਗਿੱਧੇ ਭੰਗੜੇ ਦੀ ਗੱਲ ਤੁਰੀ ਸਗੋਂ ਬੀਬੀਆਂ ਨੇ 'ਪੰਜਾਬ ਬੋਲਦਾ ਹੈ’ ਨਾਟਕ ਖੇਡ ਕੇ ਨਸ਼ਿਆਂ ਦੀ ਬਰਬਾਦੀ ’ਚ ਫਸੀ ਜਵਾਨੀ ’ਤੇ ਤਿੱਖਾ ਵਿਅੰਗ ਕੱਸਦਿਆਂ ਮੋਨਰੰਜਨ ਦੇ ਨਾਲ ਨਾਲ ਇਕ ਨਵੀਂ ਸੇਧ ਵੀ ਦਿੱਤੀ। ਅਜੇ ਭੰਗੜਾ ਅਕੈਡਮੀਆਂ ਦੀਆਂ ਮੁਟਿਆਰਾਂ ਅਤੇ ਗੱਭਰੂਆਂ ਵਲੋਂ ਗਿੱਧਾ ਅਤੇ ਭੰਗੜਾ ਦੀ ਪੇਸ਼ਕਾਰੀ ਕੀਤੀ ਗਈ ਜਦੋਂ ਕਿ ਬੀਬੀ ਜਸਵਿੰਦਰ ਧਨੋਆ, ਕਸ਼ਮੀਰ ਕੌਰ ਭੌਰਾ ਅਤੇ ਸੋਨੀਆ ਚੇੜਾ ਦੀ ਅਗਵਾਈ ’ਚ ਰਵਾਇਤੀ ਲੋਕ ਗੀਤ 'ਕੱਚੀ ਕੱਚੀ ਕਲੀਓ ਨਾ ਤੋੜ’ ਨੂੰ ਪੇਸ਼ ਕਰਕੇ ਕਰੀਬ ਪੰਜਾਹ ਸਾਲ ਪੁਰਾਣੇ ਪੰਜਾਬ ਦੀ ਤਸਵੀਰ ਸਿਰਜ ਦਿੱਤੀ ਗਈ। ਸੰਸਥਾ ਵਲੋਂ ਜੋ ਵੱਖਰਾ ਉਪਰਾਲਾ ਕੀਤਾ ਗਿਆ ਸੀ ਉਹ ਇਹ ਕਿ ਜਿਹੜੀਆਂ ਬੀਬੀਆਂ ਇਸ ਇੰਡੀਅਨ ਕਮਿਊਨਿਟੀ ਸੈਂਟਰ ਮਿਲਪੀਟਸ ਵਿਚ ਹੋਣ ਵਾਲੇ ਇਸ ਤੀਆਂ ਦੇ ਤਿਓਹਾਰ 'ਝਾਂਜਰ ਦੀ ਛਣਕਾਰ’ ਲਈ 12 ਵਜੇ ਤੋਂ ਪਹਿਲਾਂ ਪਹੁੰਚਣਗੀਆਂ ਉਨ੍ਹਾਂ ਨੂੰ ਖ਼ੂਬਸੂਰਤ ਫੁਲਕਾਰੀਆਂ ਸਨਮਾਨ ’ਚ ਦਿੱਤੇ ਜਾਣ ਦੀ ਵਿਵਸਥਾ ਕੀਤੀ ਗਈ ਸੀ ਅਤੇ ਕਾਮਲ ਇਹ ਹੋਈ ਕਿ ਡੇਢ ਸੌ ਦੇ ਕਰੀਬ ਫੁਲਕਾਰੀਆਂ ਹਾਸਲ ਕਰਨ ਲਈ ਬੀਬੀਆਂ ਤਿਆਰ ਹੋ ਕੇ 12 ਤੋਂ ਪਹਿਲਾਂ ਤਿਆਰ ਹੋ ਕੇ ਚਾਈਂ ਚਾਈਂ ਪਹੁੰਚੀਆਂ। ਜਸਵਿੰਦਰ ਧਨੋਆ ਦੀ ਕਮੇਟੀ, ਸੋਨੀਆ ਚੇੜਾ, ਜੱਸੀ ਸਰ੍ਹਾਂ, ਰਾਣੋ, ਜੱਸੀ ਕੌਰ ਅਤੇ ਜਸਵਿੰਦਰ ਕੌਰ ਦੀ ਕੋਰੀਓਗ੍ਰਾਫੀ, ਭੂਆ ਗੁਰਮੀਤ ਕੌਰ ਛੀਨਾ ਅਤੇ ਜਸਵਿੰਦਰ ਧਨੋਆ ਦਾ 'ਜਮਰਾਜ ਦਾ ਫੋਨ’ ਲਘੂ ਨਾਟਕ ਆਪਣੇ ਆਪ ’ਚ ਕਮਾਲ ਦੀ ਪੇਸ਼ਕਾਰੀ ਸੀ। ਖਾਸ ਗੱਲ ਇਹ ਸੀ ਕਿ ਛਣਕਾਟਾ ਵੰਗਾਂ ਦਾ ਪ੍ਰੋਗਰਾਮ ਰਾਹੀਂ ਅਮਰੀਕਾ ’ਚ ਇੰਗਲੈਂਡ ਤੋਂ ਪਹੁੰਚ ਕੇ ਆਪਣੀ ਵੱਖਰੀ ਪਹਿਚਾਣ ਬਣਾਉਣ ਵਾਲੀ ਸੋਨਾ ਵਾਲੀਆਂ ਨੇ ਕਰੀਬ ਆਪਣੇ ਦੋ ਦਰਜਨ ਗੀਤਾਂ ਨਾਲ ਗੀਤ ਸੰਗੀਤ ਦੀ ਛਹਿਬਰ ਲਾ ਦਿੱਤੀ। 'ਪਿੰਡਾਂ ਵਾਲੇ ਜੱਟ’ ਗੀਤ ਨੂੰ ਕਈ ਵਾਰ ਸੁਣਿਆ ਗਿਆ। ਯੁਵਾ ਵਰਗ ਵਿਚ ਬਹਚਰਚਿਤ ਗਾਇਕ ਰੇਸ਼ਮ ਅਨਮੋਲ ਨੇ 'ਝਾਂਜਰ ਦੀ ਛਣਕਾਰ’ ਪ੍ਰੋਗਰਾਮ ਨੂੰ ਆਪਣੇ ਗੀਤਾਂ ਨਾਲ ਸੱਚੀਂ ਮੁੱਚੀਂ ਹੀ ਛਣਕਣ ਲਾ ਦਿੱਤਾ। ਮੰਚ ਸੰਚਾਲਨ ਦੀ ਭੂਮਿਕਾ ਨਿਭਾਉਣ ਵਾਲੀ ਸ਼ਕਤੀ ਮਾਣਕ ਦਾ ਇਸ ਪ੍ਰੋਗਰਾਮ ਦੀ ਸਫਲਤਾ ਪਿੱਛੇ ਵਿਸ਼ੇਸ਼ ਯੋਗਦਾਨ ਸੀ।

ਤਕਰੀਬਨ ਪੂਰੇ ਹਾਲ ਨੂੰ ਨੱਕੋ ਨੱਕ ਭਰਨ ਵਾਲੀਆਂ ਬੀਬੀਆਂ, ਮੁਟਿਆਰਾਂ ਅਤੇ ਬੱਚੀਆਂ ਨੇ ਆਪਣੇ ਖ਼ੂਬਸੂਰਤ ਪਹਿਰਾਵੇ ਨਾਲ ਝਾਂਜਰ ਦੀ ਛਣਕਾਰ ਨੂੰ ਕਮਾਲ ਦਾ ਤੀਆਂ ਦਾ ਮੇਲਾ ਬਣਾ ਦਿੱਤਾ। ਮੇਲੇ ਵਿਚ ਮੁੱਖ ਮਹਿਮਾਨ ਵਜੋਂ ਕੁਲਵੰਤ ਕੋਰ ਸੰਘੇੜਾ, ਇੰਦਰਜੀਤ ਗਾਖਲ, ਸੁਖਵਿੰਦਰ ਗਾਖਲ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ। ਵਿਸ਼ੇਸ਼ ਸਹਿਯੋਗ ਵਿਚ ਨੋਨੀ ਮੁਹਾਰ, ਸੈਨਹੋਜ਼ੇ ਗੁਰਦੁਆਰਾ ਕਮੇਟੀ, ਟੋਨੀ ਧਾਲੀਵਾਲ, ਸਹਾਇਤਾ ਤੋਂ ਲਵੀ ਸਰਾਂ, ਸੁਰਿੰਦਰ ਕੌਰ, ਮੋਨੀ ਮਾਨ ਸ਼ਾਮਿਲ ਸਨ। ਮੁੱਖ ਪ੍ਰਬੰਧਕ ਗੁਰਮੀਤ ਕੌਰ ਛੀਨਾ ਨੇ ਕਿਹਾ ਕਿ ਪੰਜਾਬ ਲੋਕ ਰੰਗ ਅਤੇ ਇੱਕੀ ਇੰਟਰਨੈਸ਼ਨਲ ਦੇ ਸਹਿਯੋਗ ਨਾਲ ਇਸ ਝਾਂਜਰ ਦੀ ਛਣਕਾਰ ਨੂੰ ਅਗਲੇ ਵਰ੍ਹਿਆਂ ਵਿਚ ਬੀਬੀਆਂ ਅਤੇ ਮਰਦਾਂ ਦੋਵਾਂ ਲਈ ਹੀ ਪੇਸ਼ ਕੀਤਾ ਜਾਇਆ ਕਰੇਗਾ।

# ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੇ ਕਮਜ਼ੋਰ ਵਰਗਾਂ ਨੂੰ ਉਦਯੋਗਪਤੀ ਬਣਾਉਣ ਦਾ ਚੁੱਕਿਆ ਬੀੜਾ-ਵਿਜੇ ਸਾਂਪਲਾ

**ਫਗਵਾੜਾ (ਰੱਤੂ)**- ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੇ ਕਮਜ਼ੋਰ ਵਰਗਾਂ ਨੂੰ ਨੌਕਰੀ ਮੰਗਣ ਦੀ ਥਾਂ ਨੌਕਰੀ ਦੇਣ ਵਾਲੇ ਬਣਾਉਣ ਦਾ ਸੁਪਨਾ ਲਿਆ ਹੈ, ਜਿਸ ਤਹਿਤ ਭਾਰਤ ਸਰਕਾਰ ਵੱਲੋਂ ਅਨੁਸੂਚਿਤ ਜਾਤੀਆਂ ਅਤੇ ਪੱਛੜੇ ਵਰਗਾਂ ਦੇ ਲੋਕਾਂ ਨੂੰ ਉਦਯੋਗਪਤੀ ਬਣਾਉਣ ਦਾ ਬੀੜਾ ਚੁੱਕਿਆ ਗਿਆ ਹੈ। ਇਹ ਪ੍ਰਗਟਾਵਾ ਕੇਂਦਰੀ ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਰਾਜ ਮੰਤਰੀ ਸ੍ਰੀ ਵਿਜੇ ਸਾਂਪਲਾ ਨੇ ਅੱਜ ਸਥਾਨਕ ਪੀ. ਡਬਲਿਊ. ਡੀ ਰੈਸਟ ਹਾਊਸ ਆਡੀਟੋਰੀਅਮ ਵਿਖੇ ਆਈ. ਐਫ. ਸੀ. ਆਈ ਵੈਂਚਰ ਕੈਪੀਟਲ ਫੰਡਜ਼ ਲਿਮਟਿਡ, ਨਵੀਂ ਦਿੱਲੀ ਵੱਲੋਂ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਨਾਲ ਸਬੰਧਤ ਉਦਮੀਆਂ ਲਈ ਕਰਵਾਏ ਵਿਸ਼ਾਲ ਸੈਮੀਨਾਰ ਵਿਚ ਮੁੱਖ ਮਹਿਮਾਨ ਵਜੋਂ ਸੰਬੋਧਨ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਇਸ ਤਹਿਤ ਅਨੁਸੂਚਿਤ ਜਾਤੀਆਂ ਅਤੇ ਪੱਛੜੇ ਵਰਗ ਦੇ ਲੋਕਾਂ ਲਈ ਵੈਂਚਰ ਕੈਪੀਟਲ ਫੰਡ ਅਤੇ ਕ੍ਰੈਡਿਟ ਐਨਹਾਂਸਮੈਂਟ ਸਕੀਮ ਚਲਾਈ ਗਈ ਹੈ, ਜਿਸ ਤਹਿਤ ਸਨਅਤ ਸਥਾਪਿਤ ਕਰਨ ਲਈ 15 ਲੱਖ ਤੋਂ 15 ਕਰੋੜ ਰੁਪਏ ਤੱਕ ਦਾ ਕਰਜ਼ਾ ਕੇਵਲ 8 ਫੀਸਦੀ ਵਿਆਜ ਦਰ 'ਤੇ ਦਿੱਤਾ ਜਾਂਦਾ ਹੈ ਜਦਕਿ ਔਰਤਾਂ ਅਤੇ ਦਿਵਿਆਂਗਾਂ ਲਈ ਇਹ ਦਰ ਕੇਵਲ 7.75 ਫੀਸਦੀ ਹੈ। ਉਨ੍ਹਾਂ ਦੱਸਿਆ ਕਿ ਵੈਂਚਰ ਕੈਪੀਟਲ ਫੰਡ ਸਕੀਮ ਵਿਚ 50 ਕਰੋੜ ਰੁਪਏ ਇੰਡਸਟ੍ਰੀਅਲ ਕਾਰਪੋਰੇਸ਼ਨ ਆਫ ਇੰਡੀਆ (ਆਈ. ਐਫ. ਸੀ. ਆਈ) ਅਤੇ 200 ਕਰੋੜ ਰੁਪਏ ਭਾਰਤ ਸਰਕਾਰ ਸਾਲਾਨਾ ਦੇ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਫੰਡ ਕੇਵਲ ਆਰਥਿਕ ਤੌਰ 'ਤੇ ਪੱਛੜੇ ਵਰਗਾਂ ਨੂੰ ਉੱਪਰ ਚੁੱਕਣ ਲਈ ਹੈ।



ਉਨ੍ਹਾਂ ਦੱਸਿਆ ਕਿ ਕੰਪਨੀ ਦੇ ਆਧਾਰ 'ਤੇ ਜਿਹੜੀਆਂ ਸਨਅਤਾਂ ਚੱਲਦੀਆਂ ਹਨ, ਉਨ੍ਹਾਂ ਨੂੰ ਇਕੁਇਟੀ (ਸ਼ੇਅਰ ਹੋਲਡਰ ਤੇ ਨਫੇ-ਨੁਕਸਾਨ ਦਾ ਭਾਗੀਦਾਰ) ਦੇ ਆਧਾਰ 'ਤੇ ਕੰਮ ਕਰਨਾ ਹੁੰਦਾ ਹੈ। ਉਨ੍ਹਾਂ ਦੱਸਿਆ ਕਿ ਕ੍ਰੈਡਿਟ ਐਨਹਾਂਸਮੈਂਟ ਗਾਰੰਟੀ ਸਕੀਮ ਉਨ੍ਹਾਂ ਸਨਅਤਕਾਰਾਂ ਲਈ ਹੈ, ਜਿਨ੍ਹਾਂ ਦੀ ਪਹਿਲਾਂ ਕੰਪਨੀ ਚੱਲ ਰਹੀ ਹੈ ਅਤੇ ਉਹ ਉਸ ਨੂੰ ਹੋਰ ਵਾਧੇ ਵਿਚ ਲਿਆਉਣਾ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ ਇਸ ਲਈ ਬੈਂਕਾਂ ਨੂੰ ਗਾਰੰਟੀ ਸਰਕਾਰ ਦੇਵੇਗੀ, ਜਿਸ ਨਾਲ ਕਰਜ਼ਾ ਆਸਾਨੀ ਨਾਲ ਮਿਲ ਜਾਵੇਗਾ। ਉਨ੍ਹਾਂ ਦੱਸਿਆ ਕਿ ਅਕਸਰ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਨਾਲ ਸਬੰਧਤ ਸਨਅਤਕਾਰ ਕਰਜ਼ਾ ਲੈਣ ਲਈ ਪਿੱਛੇ ਰਹਿ ਜਾਂਦੇ ਸਨ, ਪਰੰਤੂ ਹੁਣ ਅਜਿਹਾ ਨਹੀਂ ਹੋਵੇਗਾ ਅਤੇ ਭਾਰਤ ਸਰਕਾਰ ਨੇ ਇਨ੍ਹਾਂ ਸਨਅਤਕਾਰਾਂ ਲਈ ਆਪਣੇ ਬੂਹੇ ਖੋਲ੍ਹ ਦਿੱਤੇ ਹਨ। ਉਨ੍ਹਾਂ ਕਿਹਾ ਕਿ ਕਮਜ਼ੋਰ ਵਰਗਾਂ ਦੇ ਸੰਭਾਵੀ ਉਦਮੀਆਂ ਨੂੰ ਇਨ੍ਹਾਂ ਸਕੀਮਾਂ ਦਾ ਵੱਧ ਤੋਂ ਵੱਧ ਲਾਭ ਉਠਾਉਣਾ ਚਾਹੀਦਾ ਹੈ।

ਇਸ ਮੌਕੇ ਆਈ. ਐਫ. ਸੀ. ਆਈ ਦੇ ਮੈਨੇਜਿੰਗ ਡਾਇਰੈਕਟਰ ਸ੍ਰੀ ਅਲੋਕ ਸੱਭਰਵਾਲ ਨੇ ਇਨ੍ਹਾਂ ਸਕੀਮਾਂ ਸਬੰਧੀ ਵਿਸਥਾਰ ਨਾਲ ਚਾਨਣਾ ਪਾਇਆ। ਇਸ ਤੋਂ ਇਲਾਵਾ ਆਈ. ਐਫ. ਸੀ. ਆਈ ਦੇ ਜਨਰਲ ਮੈਨੇਜਰ ਸ੍ਰੀ ਸ਼ਿਵੇਂਦਰ ਤੋਮਰ ਅਤੇ ਆਈ. ਐਫ. ਸੀ. ਆਈ ਵੈਂਚਰ ਦੇ ਜਨਰਲ ਮੈਨੇਜਰ ਮੈਡਮ ਪੂਨਮ ਗਰਗ ਨੇ ਵੱਡੀ ਗਿਣਤੀ ਵਿਚ ਹਾਜ਼ਰ ਉਦਮੀਆਂ ਅਤੇ ਸੰਭਾਵੀ ਉਦਮੀਆਂ ਦੇ ਸਵਾਲਾਂ ਦੇ ਜਵਾਬ ਦਿੱਤੇ ਅਤੇ ਉਨ੍ਹਾਂ ਦੇ ਸ਼ੰਕਿਆਂ ਦਾ ਨਿਵਾਰਣ ਕੀਤਾ।

ਉਨ੍ਹਾਂ ਦੱਸਿਆ ਇਨ੍ਹਾਂ ਸਕੀਮਾਂ ਦਾ ਲਾਭ ਲੈਣ ਲਈ ਆਨਲਾਈਨ ਅਪਲਾਈ ਕੀਤਾ ਜਾ ਸਕਦਾ ਹੈ ਅਤੇ ਕੋਈ ਵੀ ਪ੍ਰੋਸੈਸਿੰਗ ਫੀਸ ਨਹੀਂ ਲੱਗਦੀ। ਇਸੇ ਤਰ੍ਹਾਂ ਸ੍ਰੀ ਵਿਜੇਂਦਰ ਸਿੰਘ ਕਬੀਰਾ ਨੇ ਭਾਰਤ ਸਰਕਾਰ ਦੀਆਂ ਸਵੈ-ਰੁਜ਼ਗਾਰ ਸਕੀਮਾਂ ਸਬੰਧੀ ਚਾਨਣਾ ਪਾਇਆ। ਇਸ ਮੌਕੇ ਐਸ. ਸੀ ਮੋਰਚਾ ਦੇ ਪ੍ਰਧਾਨ ਸ੍ਰੀ ਦਿਲਬਾਗ, ਕਮਿਸ਼ਨਰ ਨਗਰ ਨਿਗਮ ਫਗਵਾੜਾ ਸ. ਬਖਤਾਵਰ ਸਿੰਘ, ਐਸ. ਡੀ. ਐਮ ਫਗਵਾੜਾ ਮੇਜਰ ਡਾ. ਸੁਮਿਤ ਮੁੱਧ, ਡੀ. ਐਸ. ਪੀ ਸ. ਸੰਦੀਪ ਸਿੰਘ ਮੰਡ, ਨਾਇਬ ਤਹਿਸੀਲਦਾਰ ਫਗਵਾੜਾ ਮੈਡਮ ਸਵਪਨਦੀਪ ਕੌਰ, ਆਈ. ਐਫ. ਸੀ. ਆਈ ਵੈਂਚਰ ਦੇ ਏ. ਜੀ. ਐਮ ਸ੍ਰੀ ਅਰਿੰਦਮ ਰੌਏ ਤੇ ਮੈਡਮ ਮਿਲੀ ਨੰਦੀ ਤੋਂ ਇਲਾਵਾ ਇਲਾਕੇ ਦੀਆਂ ਉੱਘੀਆਂ ਸ਼ਖਸੀਅਤਾਂ ਅਤੇ ਉਦਮੀ ਹਾਜ਼ਰ ਸਨ।

# ਅਨੁਸੂਚਿਤ ਜਾਤੀ ਉੱਦਮੀ ਸ਼ਸ਼ਕਤੀਕਰਨ ਫੋਰਮ ਦੇ ਵਫ਼ਦ ਵੱਲੋਂ ਰਾਸ਼ਟਪਤੀ ਦੇ ਨਾਂ 'ਤੇ ਪੰਜਾਬ ਦੇ ਗਵਰਨਰ ਨੂੰ ਸੌਂਪਿਆ ਗਿਆ ਮੰਗ ਪੱਤਰ : ਸੀਫ



**ਜਲੰਧਰ (ਬਿਊਰੋ)**- ਅਨੁਸੂਚਿਤ ਜਾਤੀ ਉਦਮੀ ਸ਼ਸ਼ਕਤੀਕਰਨ ਫੋਰਮ ਦੇ ਵਫ਼ਦ ਨੇ ਪੰਜਾਬ ਦੇ ਗਵਰਨਰ ਨੂੰ ਮਾਣਯੋਗ ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਦੇ ਨਾਮ 'ਤੇ ਯਾਦਪੱਤਰ ਸੌਂਪਿਆ। ਇਸ ਬਾਰੇ ਜਾਣਕਾਰੀ ਦਿੰਦਿਆਂ ਸ੍ਰੀ ਰਾਜੇਸ਼ ਬਾਘਾ (ਸਾਬਕਾ ਚੇਅਰਮੈਨ ਅਨੁਸੂਚਿਤ ਜਾਤੀ ਕਮਿਸ਼ਨ ਪੰਜਾਬ ਸਰਕਾਰ) ਅਤੇ ਸੀਫ ਦੇ ਮੁੱਖ ਸਲਾਹਕਾਰ ਨੇ ਦੱਸਿਆ ਕਿ ਮੰਗ ਪੱਤਰ ਵਿੱਚ ਭਾਰਤ ਦੇ ਰਾਸ਼ਟਰਪਤੀ, ਪ੍ਰਧਾਨ ਮੰਤਰੀ ਅਤੇ ਪੰਜਾਬ ਸਰਕਾਰ ਨੂੰ ਬੇਨਤੀ ਕੀਤੀ ਗਈ ਹੈ ਕਿ ਅਨੁਸੂਚਿਤ ਜਾਤੀ ਅਤੇ ਜਨਜਾਤੀ ਵਰਗ ਦੀ ਜਨਸੰਖਿਆ ਅਨੁਸਾਰ ਨਿਰਧਾਰਿਤ ਇਸ ਬਜਟ ਨੂੰ ਸਹੀ ਦਿਸ਼ਾ ਅਤੇ ਢੁਕਵੇਂ ਭਲਾਈ ਕਾਰਜਾਂ 'ਤੇ ਖ਼ਰਚ ਕੀਤਾ ਜਾਵੇ ਅਤੇ ਇਹ ਤਾਂ ਹੀ ਸੰਭਵ ਹੋ ਸਕਦਾ ਹੈ ਜਦੋਂ ਅਨੁਸੂਚਿਤ ਜਾਤੀ ਸਬ-ਪਲਾਨ ਅਤੇ ਜਨਜਾਤੀ ਸਬ-ਪਲਾਨ ਕਾਨੂੰਨ ਨੂੰ ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਵੱਲੋਂ ਜਲਦ ਤੋਂ ਜਲਦ ਪਾਸ ਕੀਤਾ ਜਾਵੇ। ਫੋਰਮ ਨੇ ਆਪਣੀ ਖੋਜ ਵਿੱਚ ਇਹ ਪਾਇਆ ਹੈ ਕਿ ਅਨੁਸੂਚਿਤ ਜਾਤੀ ਤੇ ਜਨਜਾਤੀ ਵਰਗ ਦੀ ਜਨਸੰਖਿਆ ਦੇ ਹਿਸਾਬ ਨਾਲ ਬਜਟ ਨਿਰਧਾਰਿਤ ਨਹੀਂ ਕੀਤਾ ਜਾਂਦਾ ਅਤੇ ਨਿਰਧਾਰਿਤ ਬਜਟ ਵਿੱਚ ਕਦੇ ਵੀ ਪੂਰੇ ਖਰਚ ਦਾ ਉਪਬੰਧ ਨਹੀਂ ਕੀਤਾ ਜਾਂਦ, ਸਰਕਾਰ ਕੋਲ ਅਨੁਸੂਚਿਤ ਜਾਤੀ ਅਤੇ ਜਨਜਾਤੀ ਵਰਗ ਦੀ ਭਲਾਈ ਲਈ ਕੋਈ ਕੋਈ ਠੋਸ ਪਾਲਿਸੀ ਜਾਂ ਪਲਾਨਿੰਗ ਨਹੀਂ ਹੈ, ਨਕਾਰਾਤਮਕ ਪ੍ਰਸਾਸ਼ਨਿਕ ਸੋਚ ਦੇ ਚਲਦਿਆਂ ਫੰਡ ਦੀ ਦੁਰਵਰਤੋਂ ਹੁੰਦੀ ਹੈ ਅਤੇ ਅੰਕੜੇ ਦੱਸਦੇ ਹਨ ਕਿ ਅਨੁਸੂਚਿਤ ਜਾਤੀ ਅਤੇ ਜਨਜਾਤੀ ਵਰਗ ਲਈ ਨਿਰਧਾਰਿਤ ਫੰਡ ਨੂੰ ਸਰਕਾਰਾਂ ਵੱਲੋਂ ਕਿਸੇ ਗੈਰ-ਅਨੁਸੂਚਿਤ ਜਾਤੀ ਅਤੇ ਜਨਜਾਤੀ ਇਕਾਈ 'ਤੇ ਖ਼ਰਚ ਦਿੱਤਾ ਜਾਂਦਾ ਹੈ। ਇਸਨੂੰ ਰੋਕਣ ਲਈ ਅਨੁਸੂਚਿਤ ਜਾਤੀ ਸਬ-ਪਲਾਨ ਅਤੇ ਜਨਜਾਤੀ ਸਬ-ਪਲਾਨ ਨੂੰ ਕਾਨੂੰਨੀ ਜਾਮਾ ਪਹਿਨਾਉਣਾ ਅਤਿ ਜ਼ਰੂਰੀ ਹੈ ਤਾਂ ਕਿ ਇਨ੍ਹਾਂ ਫੰਡਜ਼ ਦੀ ਦੁਰਵਰਤੋਂ ਕਰਨ ਵਾਲਿਆਂ ਨੂੰ ਸਜ਼ਾ ਦੇ ਘੇਰੇ ਵਿੱਚ ਲਿਆ ਕੇ ਅਨੁਸੂਚਿਤ ਜਾਤੀ ਸਬ-ਪਲਾਨ ਅਤੇ ਜਨਜਾਤੀ ਵਰਗ ਅਧੀਨ ਫੰਡਜ਼ ਨੂੰ ਸਹੀ ਦਿਸ਼ਾ ਵਿੱਚ ਖ਼ਰਚ ਕੀਤਾ ਜਾ ਸਕੇ।

ਫੋਰਮ ਨੇ ਇਸ ਮੰਗ ਪੱਤਰ 'ਤੇ ਸੂਬੇ ਭਰ 'ਚੋਂ 10 ਲੱਖ ਤੋਂ ਉੱਪਰ ਦਸਤਖ਼ਤ ਕਰਵਾਏ ਹਨ ਅਤੇ ਇਸ ਦਸਤਖ਼ਤ ਯੁਕਤ ਮੰਗ ਪੱਤਰ ਨੂੰ ਢੁਕਵੀਂ ਕਾਰਵਾਈ ਤੋਂ ਬਾਅਦ ਵਫ਼ਦ ਵੱਲੋਂ ਰਾਸ਼ਟਰਪਤੀ ਭਵਨ ਨਵੀਂ ਦਿੱਲੀ ਵਿਖੇ ਰਾਸ਼ਟਰਪਤੀ ਨੂੰ ਸੌਂਪਿਆ ਜਾਵੇਗਾ।

ਵਫ਼ਦ ਦੀ ਅਗਵਾਈ ਸ੍ਰੀ ਰਾਜੇਸ਼ ਬਾਘਾ (ਸਾਬਕਾ ਚੇਅਰਮੈਨ ਅਨੁਸੂਚਿਤ ਜਾਤੀ ਕਮਿਸ਼ਨ ਪੰਜਾਬ ਸਰਕਾਰ) ਅਤੇ ਸੀਫ਼ ਦੇ ਮੁੱਖ ਸਲਾਹਕਾਰ ਨੇ ਕੀਤੀ। ਵਫ਼ਦ ਵਿੱਚ ਜੀਵਨ ਸਿੰਘ, ਮਨਜੀਤ ਬਾਲੀ, ਪ੍ਰੇਮ ਪਾਲ ਡੋਮੇਲੀ, ਭੁਪਿੰਦਰ ਕੁਮਾਰ, ਮਨਜੀਤ ਸਿੰਘ ਬੁੱਟਰ, ਗੁਰਚਰਨ ਲਾਡੀ, ਸਰਬਜੀਤ ਸਿੰਘ, ਪਿਆਰੇ ਲਾਲ, ਸੰਤੋਖ ਸਿੰਘ ਗੁਮਟਾਲਾ, ਸੁਨੀਲ ਦੱਤ, ਬੱਗਾ ਸਿੰਘ, ਕਪੂਰ ਚੰਦ ਥਾਪਰ, ਵਿਜੈ ਸਹਿਗਿੱਲ, ਰਾਜ ਕੁਮਾਰ ਹੈਪੀ, ਐਡਵੋਕੇਟ ਦੇ ਐਸ ਬਾਗੀ, ਰਾਝਾਂ ਬਖਸ਼ੀ, ਰੁਪੇਸ਼ ਚੰਦਰ ਸ਼ਾਮਿਲ ਸਨ।

## ਖਤਰੇ 'ਚ ਪੱਗ ਪ੍ਰਚਾਰਕਾਂ ਦੀ

ਹਰ ਧਰਮ ਹੀ ਇਹੋ ਤਾਕੀਦ ਕਰਦਾ
ਬੰਦੇ ਬਣਨ ਵੀ 'ਬੰਦੇ' ਕਹਾਉਣ ਵਾਲੇ।

ਕੱਟੜਪੁਣੇ ਦਾ ਕਰਨ ਪ੍ਰਚਾਰ ਯਾਰੋ
ਮਾਨਵ ਧਰਮ ਨੂੰ ਦਿਲੋਂ ਭੁਲਾਉਣ ਵਾਲੇ।

ਬਹਿੰਦੇ 'ਸੂਰਮੇ' ਬੜੇ 'ਸਚਿਆਰ' ਬਣਕੇ
ਸੱਚ ਹੋਰਾਂ ਦਾ 'ਝੂਠ' ਬਣਾਉਣ ਵਾਲੇ।

ਪਿੱਛੇ ਆਪ ਮੱਕਾਰ ਨੇ ਛੁਪੇ ਰਹਿੰਦੇ
'ਚੁਣਕੇ' ਮੂਰਖਾਂ ਤਾਈਂ ਭੜਕਾਉਣ ਵਾਲੇ।

ਅੱਖਾਂ ਮੀਚ ਕੇ ਲੀਹਾਂ 'ਚ ਤੁਰਨ ਗਿੱਝੇ
ਕਾਹਨੂੰ ਮੰਨਦੇ ਖੋਜ ਸੁਧਾਰਕਾਂ ਦੀ।

ਆਪੋ ਆਪਣੇ 'ਧਰਮੀਆਂ ਕਰਮੀਆਂ' ਤੋਂ
ਪਈ ਖਤਰੇ ਵਿਚ ਪੱਗ ਪ੍ਰਚਾਰਕਾਂ ਦੀ!



ਤਰਲੋਚਨ ਸਿੰਘ ਦੁਪਾਲਪੁਰ
001-408-915-1268

# ਆਰ ਐਸ ਐਸ ਦੀਆਂ ਜੜ੍ਹਾਂ ਸਿੱਖਾਂ ਦੇ ਗੁਰੂ ਘਰਾਂ ਦੇ ਅੰਦਰ ਪਹੁੰਚੀਆਂ

**ਲੁਧਿਆਣਾ (ਗੁਰਪ੍ਰੀਤ ਸਿੰਘ ਮਹਿਦੂਦਾਂ)**- ਕਿਸੇ ਸਮੇਂ ਵਿਸ਼ਵ ਦੇ ਸ੍ਰੇਸ਼ਠ ਤੇ ਵੱਡੇ ਅਤੇ ਤਰਕ ਤੇ ਵਿਗਿਆਨਕ ਦਾ ਸੁਮੇਲ ਮੰਨੇ ਜਾਂਦੇ ਬੁੱਧ ਧਰਮ ਭਾਵ ਬੁੱਧ ਮਤ ਨੂੰ ਹਿੰਦੂਤਵੀ ਅਜਗਰ ਨੇ ਕਿਸ ਪ੍ਰਕਾਰ ਨਿਗਲਿਆ ਇਸ ਬਾਰੇ ਅਕਸਰ ਹੀ ਕਈ ਵਾਰ ਪੜ੍ਹਨ ਸੁਣਨ ਨੂੰ ਮਿਲਿਆ। ਬੁੱਧ ਧਰਮ ਨੂੰ ਬਿਨ ਸਿਰ ਪੈਰ ਦੇ ਹਿੰਦੂਤਵੀ ਢਾਂਚੇ ਦੁਆਰਾ ਜਿਸ ਪ੍ਰਕਾਰ ਨਿਗਲਿਆ ਗਿਆ ਉਸ ਬਾਰੇ ਸਮਾਨਤਾ ਅਤੇ ਇੱਕ ਰੱਬ ਦੀ ਗੱਲ ਕਰਨ ਵਾਲੇ ਸਿੱਖ ਧਰਮ ਦੇ ਬੁੱਧੀਜੀਵੀ/ ਚਿੰਤਕ ਵੀ ਕਾਫੀ ਚਿੰਤਾ ਵਿੱਚ ਹਨ ਅਤੇ ਸਿੱਖ ਧਰਮ ਬਾਰੇ ਵੀ ਅਜਿਹਾ ਹੋਣ ਤੋਂ ਰੋਕਣ ਲਈ ਇਸਦੇ ਪੈਰੋਕਾਰਾਂ ਨੂੰ ਸੁਚੇਤ ਕਰਦੇ ਦਿਖਾਈ ਦਿੰਦੇ ਹਨ। ਪਰ ਸਿੱਖ ਧਰਮ ਦੇ ਪੈਰੋਕਾਰ ਕਈ ਪ੍ਰਕਾਰ ਦੇ ਪੈਦਾ ਹੋਏ ਹੰਕਾਰਾਂ ਕਾਰਨ ਬੁੱਧੀਜੀਵੀ ਚਿੰਤਕਾਂ ਦੀਆਂ ਗੱਲਾਂ ਨੂੰ ਅੱਜ ਨਜ਼ਰ ਅੰਦਾਜ ਕਰ ਰਹੇ ਹਨ ਪਰ ਜਿਸ ਦਿਨ ਚੁੱਪ ਚੁਪੀਤੇ ਇਨ੍ਹਾਂ ਦਾ ਹਿੰਦੂਕਰਨ ਹੋ ਗਿਆ ਉਸ ਦਿਨ ਸਿਵਾਏ ਪਛਤਾਉਣ ਦੇ ਹੋਰ ਕੁਝ ਬਾਕੀ ਨਹੀ ਬਚਣਾ। ਕਈ ਵਾਰ ਅਜਿਹੀ ਗੱਲ ਕਰਨ ਤੇ ਸਾਡੇ ਅਜਿਹੇ ਪੈਰੋਕਾਰ ਅਕਸਰ ਹੀ ਭੜਕ ਤੇ ਜਵਾਬ ਦਿੰਦੇ ਹਨ ਕਿ ਕਿਸੇ ਵਿੱਚ ਹਿੰਮਤ ਨਹੀ ਸਿੱਖ ਧਰਮ ਨੂੰ ਖਤਮ ਕਰਨ ਦੀ ਜਾਂ ਨਿਗਲਣ ਦੀ। ਪੈਰੋਕਾਰ ਸਬਦਾਂ ਦੀ ਸਖਤੀ ਅਤੇ ਸੱਚਾਈ ਨੂੰ ਸਮਝਣ ਦੀ ਕੋਸ਼ਿਸ ਜਰੂਰ ਕਰਨ ਕਿ ਜੇਕਰ ਬੁੱਧ ਧਰਮ ਨਿਗਲਿਆ ਜਾ ਸਕਦਾ ਹੈ ਤਾਂ ਫੇਰ ਸਿੱਖ ਧਰਮ ਕਿਉਂ ਨਹੀ। ਪੈਰੋਕਾਰਾਂ ਨੂੰ ਦੱਸ ਦੇਈਏ ਕਿ ਸਿੱਖ ਧਰਮ ਦਾ ਹਿੰਦੂਕਰਨ ਲਈ ਲਈ ਭਗਵਾਂ ਲਾਂਬੀ ਕਾਫੀ ਹੱਦ ਤੱਕ ਸਫਲ ਹੋ ਚੁੱਕੀ ਹੈ ਅਤੇ ਜੇਕਰ ਏਸੇ ਪ੍ਰਕਾਰ ਭਰਮ ਪਾਲ ਕੇ ਸੁੱਤੇ ਰਹੇ ਤਾਂ ਬਾਕੀ ਰਹਿੰਦਾ ਕੰਮ ਅਸੀ ਖੁਦ ਪੂਰਾ ਦੇਵਾਂਗੇ।

ਪਹਿਰੇਦਾਰ ਦੀ ਟੀਮ ਇਸ ਦੀ ਜਿਉਂਦੀ ਜਾਗਦੀ ਉਦਾਹਰਨ ਪੇਸ਼ ਕਰਨ ਲੱਗੀ ਹੈ। ਪਹਿਰੇਦਾਰ ਅਦਾਰੇ ਨੂੰ ਪੰਥ ਦਾ ਦਰਦੀ ਅਤੇ ਰਾਖਾ ਮੰਨਣ ਵਾਲੇ ਕਿਸੇ ਸਿੱਖ ਵੀਰ ਦੀ ਆਈ ਫੋਨ ਕਾਲ ਆਈ ਕਿ ਦੋਰਾਹੇ ਨੇੜੇ ਪੈਂਦੇ ਪਿੰਡ ਦੋਬੁਰਜੀ ਦੀ ਨਹਿਰ ਉੱਤੇ ਬਣੇ ਗੁਰਦੁਆਰਾ ਹੋਤੀ ਮਰਦਾਨ ਸਾਹਿਬ ਅੰਦਰ ਸਿੱਖ ਧਰਮ ਵਿਰੋਧੀ ਅਜਿਹੀਆਂ ਕਾਰਵਾਈਆਂ ਹੋ ਰਹੀਆਂ ਹਨ ਜੋ ਸਿੱਖੀ ਸਿਧਾਂਤ, ਕਦਰਾ ਕੀਮਤਾਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਨੂੰ ਢਾਹ ਲਾ ਰਹੀਆਂ ਹਨ। ਪਹਿਰੇਦਾਰ ਟੀਮ ਨੇ ਜਦੋਂ ਇਸ ਥਾਂ ਦਾ ਦੌਰਾ ਕੀਤਾ ਜੋ ਸੁਣਿਆ ਸੀ ਉਸ ਤੋਂ ਜਿਆਦਾ ਪਾਇਆ। ਦਰਬਾਰ ਸਾਹਿਬ ਤੋਂ ਪਹਿਲਾਂ ਲਵਕੁਸ਼ ਅਤੇ ਵਾਲਮੀਕਿ ਜੀ ਦੀ ਫੋਟੋ ਲੱਗੀ ਹੈ। ਦਰਬਾਰ ਸਾਹਿਬ 'ਚ ਸੁਸ਼ੋਭਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਟਕੇਣ ਤੋਂ ਪਹਿਲਾਂ ਦਰਬਾਰ ਸਾਹਿਬ ਦੇ ਬੂਹੇ ਦੇ ਨਾਲ ਲੱਗੀ ਹਨੂਮਾਨ ਦੀ ਇੱਕ ਵੱਡੀ ਫੋਟੋ ਨੂੰ ਮੱਥਾ ਟੇਕਣਾ ਪੈਂਦਾ ਹੈ। ਦਰਬਾਰ ਸਾਹਿਬ ਦੇ ਸਾਹਮਣੇ ਲਾਲ ਗੋਟੇ ਵਾਲੀਆਂ ਚੁੰਨੀਆਂ ਲਪੇਟੇ ਲਾਲ ਰੰਗ ਦੇ ਕਈ ਛੋਟੇ ਵੱਡੇ ਕੁੱਜੇ ਪਾਣੀ ਨਾਲ ਭਰ ਕੇ ਰੱਖੇ ਗਏ ਹਨ ਅਤੇ ਇੱਕ ਝੋਪੜੀ ਬਣਾਈ ਹੋਈ ਹੈ। ਦਰਬਾਰ ਸਾਹਿਬ ਅਤੇ ਲੰਗਰ ਹਾਲ ਬਹੁਤ ਸਾਰੀਆਂ ਫੋਟੋਆਂ ਨਾਲ ਭਰਿਆ ਪਿਆ ਹੈ। ਲੰਗਰ ਹਾਲ ਵਿੱਚ ਇੱਕ ਵੱਡ ਅਕਾਰੀ ਫੋਟੋ ਰਾਮ ਚੰਦਰ, ਸੀਤਾ ਮਾਤਾ ਅਤੇ ਲਛਮਣ ਦੀ ਲੱਗੀ ਹੋਈ ਹੈ ਜਿਸ ਉੱਪਰ ਲਿਖਿਆ ਹੈ 'ਹਮੇਂ ਸੂਰਿਆਵੰਸੀ ਹੋਣੇ ਪੇ ਗਰਭ ਹੈ'। ਦੂਸਰੀ ਫੋਟੋ ਲਵਕੁਸ਼ ਦੀ ਅਸ਼ਵਮੇਘ ਯੱਗ ਵਾਲਾ ਘੋੜਾ ਫੜਦਿਆਂ ਦੀ ਲੱਗੀ ਹੋਈ ਹੈ। ਲੰਗਰ ਹਾਲ ਦੇ ਬਾਹਰ ਭਗਤਾਂ ਦੀਆਂ ਫੋਟੋਆਂ ਲੱਗੀਆਂ ਹੋਈਆਂ ਹਨ।



ਸਿੱਖ ਧਰਮ ਦੀ ਵਿਚਾਰਧਾਰਾ ਦੇ ਵਿਰੋਧ ਵਿੱਚ ਕੀਤੀਆਂ ਇਨ੍ਹਾਂ ਗਤੀਵਿਧੀਆਂ ਸਬੰਧੀ ਜਦੋਂ ਗੁਰਦੁਆਰਾ ਸਾਹਿਬ ਦੇ ਸੰਚਾਲਕ ਮਨਜੀਤ ਸਿੰਘ ਨਾਲ ਗੱਲ ਕੀਤੀ ਗਈ ਤਾਂ ਉਸ ਵੱਲੋਂ ਦਿੱਤੇ ਜਵਾਬ ਸਾਫ ਕਰਦੇ ਸਨ ਕਿ ਆਰ ਐਸ ਐਸ ਦੀਆਂ ਜੜ੍ਹਾਂ ਸਿੱਖ ਧਰਮ ਦੇ ਗੁਰਦੁਆਰਾ ਸਾਹਿਬਾਨਾਂ ਤੱਕ ਪਹੁੰਚ ਚੁੱਕੀਆਂ ਹਨ। ਗੁਰਦੁਆਰਾ ਸਾਹਿਬ ਅੰਦਰ ਲੱਗੀਆਂ ਹਿੰਦੂ ਦੇਵਦਿਆਂ ਦੀਆਂ ਫੋਟੋਆਂ ਤੇ ਉਨ੍ਹਾਂ ਕਿਹਾ ਕਿ ਸਿੱਖ ਧਰਮ ਸ੍ਰੀ ਰਾਮਚੰਦਰ ਦੇ ਵੰਸ ਵਿੱਚੋਂ ਚੱਲ ਰਿਹਾ ਹੈ। ਗੁਰੂ ਗੋਬਿੰਦ ਸਿੰਘ ਨੇ ਨਾਦੇੜ ਦੀ ਧਰਤੀ ਨੂੰ ਤ੍ਰੇਤੇ ਯੁੱਗ ਦੇ ਆਪਣੇ ਬਜੁਰਗਾਂ ਦੀ ਜਮੀਨ ਆਖ ਉਥੋਂ ਦੇ ਨਵਾਬ ਤੋਂ ਮੰਗਿਆ ਸੀ। ਨਵਾਬ ਵੱਲੋਂ ਜਮੀਨ ਨਾ ਦੇਣ ਤੇ ਉਨ੍ਹਾਂ ਧਰਤੀ ਪੁੱਟਾ ਕੇ ਲਵਕੁਸ਼ ਦੀਆਂ ਨਿਸ਼ਾਨੀਆਂ ਪ੍ਰਗਟ ਕੀਤਾ ਸੀ। ਅਜਿਹਾ ਕਰਨ ਤੇ ਨਵਾਬ ਨੇ ਇਹ ਜਗ੍ਹਾ ਜਦੋਂ ਗੁਰੂ ਗੋਬਿੰਦ ਸਿੰਘ ਨੂੰ ਦੇਣੀ ਚਾਹੀ ਤਾਂ ਉਨ੍ਹਾਂ ਲੈਣ ਤੋਂ ਇਨਕਾਰ ਕਰ ਦਿੱਤਾ ਅਤੇ ਪੈਸੇ ਲੈ ਕੇ ਇਸ ਜਗ੍ਹਾ ਦੀ ਰਜਿਸਟਰੀ ਅਤੇ ਇੰਤਕਾਲ ਕਰਵਾਇਆ। ਇਸ ਜਗ੍ਹਾ ਦਾ ਪਟਾਨਾਮਾ ਖਾਲਸਾ ਦੇ ਨਾਮ ਤੇ ਕਰਵਾਇਆ। ਉਨ੍ਹਾਂ ਭੱਟਾਂ ਦੇ ਸਵੱਈਆਂ ਦੀ ਇੱਕ ਤੁਕ 'ਤ੍ਰੇਤਾ ਤਾਂ ਮਾਣਿਓ ਰਾਮ ਰੰਘੁਵੰਸ ਕਹਾਇਓ' ਬੋਲ ਕੇ ਰਾਮਚੰਦਰ ਅਤੇ ਲਵਕੁਸ਼ ਨੂੰ ਗੁਰੂ ਗੋਬਿੰਦ ਸਿੰਘ ਦੇ ਪੁਰਵਜ ਪ੍ਰਮਾਣਤ ਕਰਨ ਦੀ ਕੋਸ਼ਿਸ ਕੀਤੀ। ਉਨ੍ਹਾਂ ਅੱਗੇ ਗੱਲ ਕਰਦਿਆਂ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਜਿਥੇ ਅਸੀ ਪੰਜਵੇਂ ਪਾਤਸ਼ਾਹ ਦੀ ਉਸਤਤ ਕਰਦੇ ਹਾਂ ਉਥੇ ਹੀ ਪ੍ਰਭੂ ਰਾਮ ਦੀ ਉਸਤਤ ਵੀ ਕਰਦੇ ਹਾਂ। ਜਿਥੇ ਅਸੀ ਦੇਵਤਿਆਂ ਨੂੰ ਪੂਜਦੇ ਹਾਂ ਉਥੇ ਹੀ ਅਸੀ ਗੁਰੂ ਨਾਨਕ ਨੂੰ ਵੀ ਪੂਜਦੇ ਹਾਂ। ਉਨ੍ਹਾਂ ਵਰਣ ਵਿਵਸਥਾ ਤੇ ਮਾਣ ਮਹਿਸੂਸ ਕਰਦਿਆਂ ਕਿਹਾ ਕਿ ਅਸੀ ਖੱਤਰੀ ਹਾਂ ਅਤੇ ਛੇਵੇਂ ਪਾਤਸ਼ਾਹ ਹਰਗੋਬਿੰਦ ਸਾਹਿਬ ਸੂਰਿਆਵੰਸ਼ੀ ਸਨ। ਵਰਣ ਵਿਵਸਥਾ ਖੱਤਰੀ ਸਾਡਾ ਵਿਰਸਾ ਹੈ ਸਾਨੂੰ ਇਸਤੋਂ ਦੂਰ ਨਹੀ ਹੋਣਾ ਚਾਹੀਦਾ। ਜਦੋਂ ਉਨ੍ਹਾਂ ਤੋਂ ਪੁੱਛਿਆ ਗਿਆ ਕਿ ਜੇਕਰ ਤੁਸੀ ਸਿੱਖ ਹੋ ਕੇ ਵਰਣ ਵਿਵਸਥਾ ਨੂੰ ਪਹਿਲ ਦੇਵੋਗੇ ਤਾਂ ਸਿੱਖਾਂ ਵਿੱਚ ਬਹੁਗਿਣਤੀ ਸਿੱਖ (ਜੱਟ, ਮੱਜਬੀ, ਜਾਂ ਹੋਰ ਜਾਤਾਂ) ਚੌਥੇ ਵਰਣ ਸੂਦਰ ਵਿੱਚ ਮੰਨੀਆਂ ਜਾਣਗੀਆਂ ਤਾਂ ਕੀ ਤੁਸੀ ਉਨ੍ਹਾਂ ਤੋਂ ਪਹਿਲਾਂ ਦੀ ਤਰ੍ਹਾਂ ਕਰਵਾਈ ਜਾਂਦੀ ਦਾਸਤਾ ਨੂੰ ਵੀ ਸਵੀਕਾਰ ਕਰੋਗੇ। ਇਸ ਤੋਂ ਇਲਾਵਾ ਗੁਰੂ ਗੋਬਿੰਦ ਸਿੰਘ ਨੇ ਕਿਸ ਲਿਖਤ ਵਿੱਚ ਵਰਣ ਵਿਵਸਥਾ ਨੂੰ ਸਹੀ ਠਹਿਰਾਇਆ ਦਾ ਉਹ ਕੋਈ ਵੀ ਜਵਾਬ ਨਹੀ ਦੇ ਪਾਏ। ਇਨ੍ਹਾਂ ਸਵਾਲਾਂ ਦੇ ਜਵਾਬ ਘੁੰਮਾਉਂਦੇ ਹੋਏ ਮਨਜੀਤ ਸਿੰਘ ਤਾਂ ਹੱਦ ਹੀ ਕਰ ਦਿੱਤੀ। ਉਨ੍ਹਾਂ ਕਿਹਾ ਕਿ ਗੁਰੂ ਗੋਬਿੰਦ ਸਿੰਘ ਦਾ ਨਾਮ ਸਪਤਸਿੰਧ ਸੀ। ਸਮੁੰਦਰ ਮੰਥਨ ਤੋਂ ਬਾਅਦ ਦੇਵਤਿਆਂ ਅਤੇ ਅਸੁਰਾਂ ਵਿੱਚ ਜੰਗ ਸੁਰੂ ਹੋ ਗਈ। ਦੁਰਗਾ ਇਨ੍ਹਾਂ ਅਸੁਰਾਂ ਨੂੰ ਮਾਰ ਰਹੀ ਸੀ ਪਰ ਇੱਕ ਅਸੁਰ ਮਰ ਨਹੀ ਸੀ ਰਿਹਾ। ਦੁਰਗਾ ਸਪਤਸਿੰਧ (ਗੁਰੂ ਗੋਬਿੰਦ ਸਿੰਘ) ਕੋਲ ਗਈ ਅਤੇ ਇਸ ਅਸੁਰ ਨੂੰ ਮਾਰਨ ਲਈ ਬੇਨਤੀ ਕੀਤੀ। ਉਸਨੇ ਤੀਰਾਂ ਦਾ ਗੁੱਥਾ ਚੁੱਕਿਆ। ਜਦੋਂ ਦੁਰਗਾ ਲੜ੍ਹਦੀ ਸੀ ਤਾਂ ਸਪਤਸਿੰਧ ਅਗਨਬਾਣ ਛੱਡਦਾ ਸੀ। ਇਸ ਪ੍ਰਕਾਰ ਦੁਰਗਾ ਦੀ ਜਿੱਤ ਹੋਈ।

ਉਸਨੇ ਕਿਹਾ ਕਿ ਗੁਰਦੁਆਰਾ ਸਾਹਿਬ ਵਿੱਚ ਗੁਰੂ ਗ੍ਰੰਥ ਸਾਹਿਬ ਦਾ ਪਾਠ ਤਾਂ ਰੋਜ ਹੀ ਹੁੰਦਾ ਹੈ ਸਾਡੇ ਮੁੰਡੇ ਹਨੂੰਮਾਨ ਚਾਲੀਸਾ ਵੀ ਪੜ੍ਹ ਲੈਂਦੇ ਹਨ। ਉਨ੍ਹਾਂ ਕਿਹਾ ਕਿ ਧੰਨੇ ਨੇ ਠਾਕੁਰ ਪੂਜਿਆ ਸੀ ਜੋ ਇੱਕ ਪੱਥਰ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਪ੍ਰਭੂ ਰਾਮ ਦਾ ਨਾਮ ਵਾਰ ਵਾਰ ਆਉਂਦਾ ਹੈ। ਭਗਤ ਰਵਿਦਾਸ ਦੇ ਚਰਨਾਂ ਵਿੱਚ ਗੰਗਾਂ ਜਮਨਾਂ ਅਤੇ ਸਰਸਵਤੀ ਵਗਦੀਆਂ ਹਨ। ਲਵਕੁਸ਼ ਦਾ ਪਾਲਕ ਵਾਲਮੀਕਿ (ਛੋਟੀ ਜਾਤ) ਸੀ ਜਿਸਨੇ ਇੱਕ ਯੁੱਗ ਪਹਿਲਾਂ ਹੀ ਰਮਾਇਣ ਦੀ ਰਚਨਾ ਕਰ ਦਿੱਤੀ।

# ਬਸਪਾ ਕਰ ਰਹੀ ਹੈ ਲੋਕ ਸਭਾ ਚੋਣਾਂ ਦੀ ਜੋਰ ਸ਼ੋਰ ਨਾਲ ਤਿਆਰੀ : ਬਸਪਾ ਆਗੂ

**ਲੁਧਿਆਣਾ (ਬਿਊਰੋ)–** ਬਹੁਜਨ ਸਮਾਜ ਪਾਰਟੀ ਦੀ ਇੱਕ ਮੀਟਿੰਗ ਜਿਲ੍ਹਾ ਪ੍ਰਧਾਨ ਜੀਤਰਾਮ ਬਸਰਾ ਦੀ ਅਗਵਾਈ ਹੇਠ ਹੋਈ ਜਿਸ ਵਿੱਚ ਸੂਬੇ ਸਕੱਤਰ ਦੇਸ਼ਰਾਜ ਚੌਹਾਨ ਵਿਸ਼ੇਸ ਤੌਰ ਤੇ ਪਹੁੰਚੇ। ਇਸ ਮੌਕੇ ਜੀਤ ਰਾਮ ਬਸਰਾ ਨੇ ਕਿਹਾ ਕਿ ਭਾਜਪਾ ਲੋਕਾਂ ਵਿੱਚ ਤਾਂ ਪਹਿਲਾਂ ਹੀ ਵਿਸ਼ਵਾਸ ਗੁਆ ਚੁੱਕੀ ਹੈ ਅਤੇ ਹੁਣ ਇਸ ਦੇ ਖਿਲਾਫ ਦੋਵਾਂ ਸਦਨਾਂ ਵਿੱਚ ਅਵਿਸ਼ਵਾਸ ਮਤਾ ਪਾਸ ਹੋ ਚੁੱਕਿਆ ਹੈ। ਏਥੋਂ ਤੱਕ ਕਿ ਇਸਦੇ ਆਪਣੇ ਸੰਸਦ ਮੈਂਬਰ ਵੀ ਇਸ ਦੀ ਕਾਰਗੁਜਾਰੀ ਤੇ ਵਾਲ ਖੜ੍ਹੇ ਕਰ ਇਸਦੇ ਵਿਰੁੱਧ ਭੁਗਤ ਰਹੇ ਹਨ। ਪੈਦਾ ਹੋਈ ਏਹ ਸਥਿਤੀ ਭਾਜਪਾ ਦੀ ਰਵਾਨਗੀ ਦੇ ਸੰਕੇਤ ਦੇ ਰਹੀ ਹੈ। ਦੇਸ਼ ਦੇ ਲੋਕਾਂ ਨੂੰ ਸੁਖਾਵਾ ਮਾਹੌਲ ਦੇਣ ਲਈ ਬਸਪਾ ਪੂਰੀ ਤਰ੍ਹਾਂ ਤਿਆਰੀ ਵਿੱਚ ਹੈ। ਇਸ ਲਈ ਦੇਸ਼ ਦੇ ਲੋਕ ਹੁਣ ਹੋਰਨਾਂ ਪਾਰਟੀਆਂ ਦੇ ਗੁੰਮਰਾਹਕੁੰਨ ਪ੍ਰਚਾਰ ਵਿੱਚ ਨਾ ਆ ਕੇ ਅਤੇ ਜਾਤੀ ਧਰਮ ਦੀ ਸਿਆਸਤ ਤੋਂ ਉੱਪਰ ਉੱਠ ਕੇ ਬਸਪਾ ਮੁੱਖੀ ਭੈਣ ਕੁਮਾਰੀ ਮਾਇਆਵਤੀ ਦੀ ਤਾਕਤ ਬਣਨ। ਸ੍ਰੀ ਬਸਰਾ



ਨੇ ਕਿਹਾ ਕਿ ਬਸਪਾ ਲੋਕ ਸਭਾ ਚੋਣਾਂ ਦੀ ਤਿਆਰੀ ਵਿੱਚ ਜੋਰ ਸ਼ੋਰ ਨਾਲ ਲੱਗ ਗਈ ਹੈ ਅਤੇ ਜਨਤਾ ਤੋਂ ਇਸਦੇ ਲਈ ਸਹਿਯੋਗ ਦੀ ਮੰਗ ਕਰਦੀ ਹੈ।

ਇਸ ਮੌਕੇ ਜੋਨ ਇੰਚਾਰਜ ਗੁਰਮੇਲ ਸਿੰਘ, ਜਨਰਲ ਸਕੱਤਰ ਪ੍ਰਗਣ ਬਿਲਗਾ, ਬਲਾਕ ਸੰਮਤੀ ਮੈਂਬਰ ਲਾਭ ਸਿੰਘ ਭਾਮੀਆਂ, ਰਾਜਿੰਦਰ ਸਿੰਘ ਸੰਧੂ, ਰਾਜਿੰਦਰ ਨਿੱਕਾ, ਸੁਰੇਸ਼ ਕੁਮਾਰ ਸੋਨੂੰ, ਵਿੱਕੀ ਬਹਾਦਰਕੇ, ਕਮਲ ਬੌਧ, ਪਵਨ, ਨਵਤੇਜ ਦੁੱਗਰੀ, ਰਾਜਿੰਦਰ ਕਾਕਾ, ਅਜੇ ਚੌਹਾਨ, ਜਸਪਾਲ ਭੌਰਾ, ਜਸਵੀਰ ਪਾਲ, ਸੁਖਵਿੰਦਰ ਕੌਰ, ਸੁਰਿੰਦਰ ਕੌਰ, ਸੁਖਦੇਵ ਭਟੋਏ, ਸੁਖਦੇਵ ਮਹੇ, ਕੇਤਨ, ਪਰਮਿੰਦਰ, ਨਰੇਸ਼ ਬਸਰਾ, ਹਰਕੀਰਤ ਸਿੰਘ, ਮਨੋਜ ਬਿਰਦੀ, ਸੁਰਿੰਦਰ ਸਿੰਘ ਲੰਬੜਦਾਰ, ਮਾਸਟਰ ਰਾਮਾਨੰਦ, ਠੇਕੇਦਾਰ ਸੁਰਜਨ ਸਿੰਘ, ਜਸਵਿੰਦਰ ਜੱਸੀ, ਬਲਵਿੰਦਰ ਕੁਮਾਰ, ਕਰਨੈਲ ਸਿੰਘ ਕਾਰਾਬਾਰਾ ਅਤੇ ਹੋਰ ਹਾਜਰ ਸਨ।

# ਬਰਜਿੰਦਰ ਮਚਲਾ ਜੱਟ ਸ਼ਾਮਚੁਰਾਸੀ ਨੇ ਤੂੰਬੀ ਦੀ ਟੁਣਕਾਰ ਤੇ ਕੈਨੇਡੀਅਨ ਕੀਲੇ

**ਸ਼ਾਮਚੁਰਾਸੀ (ਚੁੰਬਰ)–** ਉਸਤਾਦ ਲਾਲ ਚੰਦ ਯਮਲਾ ਜੱਟ ਦੀ ਗਾਇਕੀ ਵਿਰਾਸਤ ਪੰਜਾਬੀ ਗਾਇਕੀ ਵਿਚ ਬਹੁਤ ਹੀ ਮਹਾਨ ਸਥਾਨ ਰੱਖਦੀ ਹੈ। ਜਿਸ ਦੀ ਝਲਕ ਉਨ੍ਹਾਂ ਦੇ ਸ਼ਗਿਰਦ ਬਰਜਿੰਦਰ ਮਚਲਾ ਜੱਟ ਸ਼ਾਮਚੁਰਾਸੀ ਨੇ ਪੰਜਾਬ ਭਵਨ ਸਰੀ ਕੈਨੇਡਾ ਵਿਚ ਆਪਣੀ ਗਾਇਕੀ ਦਾ ਪ੍ਰਦਰਸ਼ਨ ਕਰਕੇ ਹਾਜ਼ਰੀਨ ਦੇ ਰੂਬਰੂ ਕਰ ਦਿੱਤੀ। ਇਹ ਬੋਲ ਪੰਜਾਬ ਭਵਨ ਦੇ ਬਾਨੀ ਸੰਸਥਾਪਕ ਸੁੱਖੀ ਬਾਠ ਕੈਨੇਡਾ ਨੇ ਬਰਜਿੰਦਰ ਮਚਲਾ ਜੱਟ ਦੇ ਕਰਵਾਏ ਵਿਸ਼ੇਸ਼ ਵਿਰਾਸਤੀ ਪ੍ਰੋਗਰਾਮ ਮੌਕੇ ਕਹੇ। ਇਸ ਮੌਕੇ ਉਨ੍ਹਾਂ ਕਿਹਾ ਕਿ ਅੱਜ ਵੀ ਪੰਜਾਬੀ ਲੋਕ ਜਿੱਥੇ ਮਾਂ ਬੋਲੀ ਵਿਰਾਸਤ ਨੂੰ ਜਿਉਂਦਾ ਰੱਖਣ ਲਈ ਤਨੋ ਮਨੋ ਧਨੋ ਆਪਣਾ ਯੋਗਦਾਨ ਦੇ ਰਹੇ ਹਨ, ਉਥੇ ਹੀ ਸਾਫ਼ ਸੁਥਰੀ ਗਾਇਕੀ ਰੂਪਮਾਨ ਕਰਨ ਵਾਲੇ ਗਾਇਕਾਂ ਦਾ ਵੀ ਉਹ ਮਾਣ ਕਰਦੇ ਹਨ। ਇਸ ਮੌਕੇ ਸੁੱਖੀ ਬਾਠ ਨੇ ਕਿਹਾ ਕਿ ਇਕਤਾਰਾ ਤੂੰਬੀ ਨਾਲ ਪੰਜਾਬ ਦੇ ਲੋਕ ਕਿੱਸੇ ਅਤੇ ਲੋਕ ਬੋਲੀਆਂ ਢੋਲਾ, ਮਾਹੀਆ, ਜਿੰਦੂਆ



ਵਰਗੇ ਮਹਾਨ ਬੋਲਾਂ ਨੂੰ ਗਾਉਣ ਵਾਲੇ ਗਾਇਕ ਸਾਡੇ ਕੋਲ ਸਾਡੀ ਵਿਰਾਸਤ ਵਾਂਗ ਸਾਂਭੇ ਪਏ ਹਨ। ਇਸ ਮੌਕੇ ਉਨ੍ਹਾਂ ਆਉਣ ਵਾਲੀਆਂ ਨਸਲਾਂ ਨੂੰ ਵੀ ਆਪਣੀ ਮਾਂ ਬੋਲੀ ਵਿਰਸਾ ਵਿਰਾਸਤ ਨਾਲ ਜੁੜਨ ਦਾ ਸੁਨੇਹਾ ਦਿੱਤਾ ਅਤੇ ਕਿਹਾ ਕਿ ਜਿਹੜੀਆਂ ਕੌਮਾਂ ਆਪਣਾ ਇਤਿਹਾਸ ਅਤੇ ਵਿਰਾਸਤ ਭੁੱਲ ਜਾਂਦੀਆਂ ਹਨ, ਉਨ੍ਹਾਂ ਦਾ ਪਤਨ ਹੋਣ ਵਿਚ ਦੇਰ ਨਹੀਂ ਲੱਗਦੀ।

ਬਰਜਿੰਦਰ ਮਚਲਾ ਜੱਟ ਨੇ ਇਸ ਮੌਕੇ ਆਪਣੇ ਨਿਵੇਕਲੇ ਅੰਦਾਜ ਨਾਲ ਤੂੰਬੀ ਦੇ ਪੋਟੇ ਲਗਾ ਕੇ ਆਪਣੇ ਵਿਰਾਸਤੀ ਗੀਤ ਹਾਜ਼ਰੀਨ ਨੂੰ ਸੁਣਾਏ ਅਤੇ ਉਨ੍ਹਾਂ ਨੂੰ ਮਹਿਫ਼ਲ ਵਿਚ ਸ਼ਰਸ਼ਾਰ ਕੀਤਾ। ਇਸ ਸਮਾਗਮ ਵਿਚ ਪੰਜਾਬ ਖੇਤੀ ਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਇੰਚਾਰਜ ਪੰਜਾਬੀ ਸਾਹਿਤ ਅਕੈਡਮੀ ਦੇ ਮੈਂਬਰ ਨਾਟਕਕਾਰ ਅਨਿਲ ਸ਼ਰਮਾ, ਰੇਡੀਓ ਸ਼ੇਰੇ ਪੰਜਾਬ ਦੇ ਪੇਸ਼ਕਾਰ ਡਾ. ਗੁਰਬਾਜ ਸਿੰਘ ਬਰਾੜ, ਬਲਵਿੰਦਰ ਸਰਾਂ, ਵਿਧਾਇਕ ਜਗਰੂਪ ਸਿੰਘ ਬਰਾੜ ਸਮੇਤ ਕਈ ਹੋਰ ਕਲਾ ਪ੍ਰੇਮੀ ਹਾਜ਼ਰ ਸਨ।

# ਸ਼ਿਕਾਗੋ ਜੇਲ੍ਹ 'ਚ ਹੈਡਲੀ ਉੱਤੇ ਕਾਤਲਾਨਾ ਹਮਲਾ

**ਨਿਊਯਾਰਕ–** ਮੁੰਬਈ ਹਮਲੇ ਦੇ ਦੋਸ਼ੀ ਅਮਰੀਕੀ-ਪਾਕਿਸਤਾਨੀ ਡੇਵਿਡ ਕੋਲਮੈਨ ਹੈਡਲੀ 'ਤੇ ਸ਼ਿਕਾਗੋ ਦੀ ਮੈਟਰੋਪੋਲਿਟਨ ਜੇਲ੍ਹ ਵਿੱਚ ਦੋ ਕੈਦੀਆਂ ਨੇ ਹਮਲਾ ਕਰ ਦਿੱਤਾ ਹੈ ਅਤੇ ਉਸ ਦੀ ਹਾਲਤ ਨਾਜ਼ੁਕ ਦੱਸੀ ਜਾਂਦੀ ਹੈ। ਇੰਡੀਆ ਟੂਡੇ ਦੀ ਇਕ ਰਿਪੋਰਟ ਅਨੁਸਾਰ ਹੈਡਲੀ 'ਤੇ 8 ਜੁਲਾਈ ਨੂੰ ਹਮਲਾ ਹੋਇਆ ਸੀ। ਉਹ ਇਸ ਵੇਲੇ ਨੌਰਥ ਐਵਨਸਟਨ ਹਸਪਤਾਲ ਦੀ ਕ੍ਰਿਟੀਕਲ ਕੇਅਰ ਯੂਨਿਟ ਵਿੱਚ ਜ਼ੇਰੇ ਇਲਾਜ ਹੈ। ਪਤਾ ਚੱਲਿਆ ਹੈ ਕਿ ਦੋਵੇਂ ਹਮਲਾਵਰ ਭਰਾ ਹਨ।



# ਜਿਸ ਪੱਗ ਨੂੰ ਬਚਾਉਣ ਲਈ ਪੰਜਾਬੀਆਂ ਨੇ ਲਾਮਿਸਾਲ ਕੁਰਬਾਨੀਆਂ ਕੀਤੀਆਂ, ਉਸ ਪੱਗ ਨੂੰ ਮੋਦੀ ਦੋ ਮਿੰਟ ਵੀ ਸਿਰ 'ਤੇ ਰੱਖ ਨਾ ਸਕੇ: ਭਗਵੰਤ ਮਾਨ



**ਨਵੀਂ ਦਿੱਲੀ–** ਆਮ ਆਦਮੀ ਪਾਰਟੀ ਦੇ ਸੰਗਰੂਰ ਤੋਂ ਐਮ.ਪੀ. ਭਗਵੰਤ ਮਾਨ ਨੇ ਲੋਕ ਸਭਾ 'ਚ ਪਿਛਲੇ ਦਿਨੀਂ ਪੰਜਾਬ 'ਚ ਮਲੋਟ ਰੈਲੀ ਮੌਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਦਸਤਾਰ ਨੂੰ ਇਤਰਾਜ਼ਯੋਗ ਤਰੀਕੇ ਨਾਲ ਸਿਰ ਤੋਂ ਲਾਹੁਣ ਦੇ ਮੁੱਦੇ 'ਤੇ ਸਖ਼ਤ ਸ਼ਬਦਾਂ ਵਿਚ ਨਿੰਦਾ ਕਰਦਿਆਂ ਕਿਹਾ ਕਿ ਪੰਜਾਬੀਆਂ ਨੇ ਲਾਮਿਸਾਲ ਕੁਰਬਾਨੀਆ ਸਦਕਾ ਪੱਗ ਨੂੰ ਸਿਰ 'ਤੇ ਸਜਾਇਆ ਹੈ ਪਰ ਮੋਦੀ ਦੋ ਮਿੰਟ ਵੀ ਆਪਣੇ ਸਿਰ 'ਤੇ ਉਹ ਪੱਗ ਨਹੀਂ ਰੱਖ ਸਕੇ। ਉਨ੍ਹਾਂ ਕਿਹਾ ਕਿ ਮੋਦੀ ਨੇ ਪੱਗ ਦਾ ਅਪਮਾਨ ਕਰਕੇ ਸਮੁੱਚੇ ਪੰਜਾਬੀਆਂ ਦੇ ਸਵੈਮਾਣ ਦਾ ਨਿਰਾਦਰ ਕੀਤਾ ਹੈ।

ਲੋਕ ਸਭਾ ਵਿੱਚ ਮੋਦੀ ਸਰਕਾਰ ਖਿਲਾਫ ਲਿਆਂਦੇ ਗਏ ਬੇਵਿਸਾਹੀ ਮਤੇ ਦੌਰਾਨ ਆਮ ਆਦਮੀ ਪਾਰਟੀ ਦੇ ਸੰਗਰੂਰ ਤੋਂ ਸੰਸਦ ਮੈਂਬਰ ਭਗਵੰਤ ਮਾਨ ਨੇ ਕੇਂਦਰ ਦੀ ਭਾਜਪਾ ਸਰਕਾਰ 'ਤੇ ਆਪਣੇ ਅੰਦਾਜ਼ ਵਿੱਚ ਨਿਸ਼ਾਨਾ ਸਾਧਿਆ। 'ਆਪ' ਦੇ ਪੰਜਾਬ ਪ੍ਰਧਾਨ ਭਗਵੰਤ ਮਾਨ ਨੇ ਦੋਸ਼ ਲਾਇਆ ਕਿ ਭਾਜਪਾ ਫੈਡਰਲ ਢਾਂਚੇ ਨੂੰ ਖ਼ਤਮ ਕਰਨਾ ਚਾਹੁੰਦੀ ਹੈ ਤੇ ਦਿੱਲੀ ਦੇ ਉਪ ਰਾਜਪਾਲ 'ਤੇ ਵਾਇਸਰਾਏ ਦੀ ਆਤਮਾ ਹਾਵੀ ਹੈ। ਉਨ੍ਹਾਂ ਵਧਦੀ ਹੋਈ ਮਹਿੰਗਾਈ 'ਤੇ ਵੀ ਕੇਂਦਰ ਸਰਕਾਰ ਉੱਪਰ ਹੱਲਾ ਬੋਲਿਆ। ਮਾਨ ਨੇ ਕਿਹਾ ਕਿ ਇਸ ਸਰਕਾਰ ਵਿੱਚ ਕੀਮਤਾਂ ਅਸਮਾਨ ਛੋਹ ਰਹੀਆਂ ਹਨ, ਜਦਕਿ ਮਹਿੰਗਾਈ ਘਟਾਉਣ ਦਾ ਵਾਅਦਾ ਲੈ ਕੇ ਹੀ ਇਹ ਸਰਕਾਰ ਸੱਤਾ ਵਿੱਚ ਆਈ ਸੀ। ਮਾਨ ਨੇ ਇਹ ਵੀ ਕਿਹਾ ਕਿ ਪ੍ਰਧਾਨ ਮੰਤਰੀ ਦੇ ਦਿਲ ਵਿੱਚ ਘੱਟ ਗਿਣਤੀਆਂ ਲਈ ਕੋਈ ਥਾਂ ਨਹੀਂ ਹੈ ਤੇ ਦੇਸ਼ ਲਈ ਇਹ ਵੰਜਣ ਦੀ ਸਿਆਸਤ ਬੇਹੱਦ ਖ਼ਤਰਨਾਕ ਹੈ।

ਭਗਵੰਤ ਮਾਨ ਨੇ ਸਦਨ ਵਿੱਚ ਇੱਕ ਕਵਿਤਾ ਰਾਹੀਂ ਵੀ ਮੋਦੀ ਸਰਕਾਰ ਦੇ ਅੱਛੇ ਦਿਨਾਂ ਦੇ ਵਾਅਦੇ 'ਤੇ ਤੰਜ਼ ਕੱਸਿਆ। ਹਾਲਾਂਕਿ, ਮਾਨ ਦੀ ਇਸ ਕਵਿਤਾ ਉੱਪਰ ਗ੍ਰਹਿ ਮੰਤਰੀ ਰਾਜਨਾਥ ਸਿੰਘ ਵੀ ਆਪਣਾ ਹਾਸਾ ਨਹੀਂ ਰੋਕ ਪਾਏ।

ਮਾਨ ਦੀ ਕਵਿਤਾ ਕੁਝ ਇਸ ਤਰ੍ਹਾਂ ਹੈ–

ਬਾਤ ਚੱਲੀ ਥੀ ਭਾਰਤ ਨੂੰ ਡਿਜੀਟਲ ਇੰਡੀਆ ਬਨਾਨੇ ਸੇ
ਬਾਤ ਚਲੀ ਥੀ ਇੱਕ ਸਿਰ ਬਦਲੇ ਦਸ ਸਿਰ ਲਾਨੇ ਸੇ
ਬਾਤ ਚਲੀ ਥੀ ਬੁਲੇਟ ਟ੍ਰੇਨ ਚਲਾਨੇ ਸੇ
ਬਾਤ ਚਲੀ ਥੀ 56 ਇੰਚ ਕਾ ਸੀਨਾ ਦਿਖਾਨੇ ਸੇ
ਬਾਤ ਚਲੀ ਥੀ ਨ ਖਾਨੇ ਸੇ ਨ ਖਿਲਾਨੇ ਸੇ
ਕਹਾਂ ਗਈ ਵੋਹ 100 ਦਿਨ ਮੇਂ ਕਾਲੇ ਧਨ ਕੀ ਬਾਤ
ਚਾਰ ਸਾਲ ਸੇ ਦੇਸ਼ ਕੀ ਜਨਤਾ ਰੇਡੀਓ ਪਰ ਸੁਨ ਰਹੀ ਹੈ ਸਿਰਫ ਮਨ ਕੀ ਬਾਤ
ਚੌਕੀਦਾਰ ਦੇਖ ਰਹਾ ਹੈ ਔਰ ਲੋਗ ਬੈਂਕੋਂ ਕੋ ਚੂਨਾ ਲਗਾ ਕੇ ਭਗੌੜੇ ਹੋ ਰਹੇ ਹਨ
ਲਾਖੋਂ ਨੌਜਵਾਨੋਂ ਕੇ ਸਪਨੇ ਆਂਖੋਂ ਕੇ ਸਾਮਨੇ ਪਕੌੜੇ ਹੋ ਰਹੇ ਹੈਂ
ਅਬ ਤੋ ਸਾਹਬ ਕੇ ਆਫਿਸ ਸੇ ਮੈਨਿਊ ਬਨਕਰ ਆਤਾ ਹੈ ਕਿ
ਹਮੇਂ ਕਿਆ ਪਹਿਨਨਾ ਹੈ ਔਰ ਹਮ ਕਿਆ ਖਾਨੇ ਵਾਲੇ ਹੈਂ
ਮੋਦੀ ਜੀ 6-7 ਮਹੀਨੇ ਮੇਂ ਆਪ ਜਾਨੇ ਵਾਲੇ ਹੈਂ
ਜਾਤੇ-ਜਾਤੇ ਹੀ ਬਤਾ ਦੀਜੀਏ, ਅੱਛੇ ਦਿਨ ਕਬ ਆਨੇ ਵਾਲੇ ਹੈਂ

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਸ਼੍ਰੀ ਮੁਕਤਸਰ ਸਾਹਿਬ ਨੇ ਪੈਨਸ਼ਨਾਂ ਦੇ ਚੈਕ ਵੰਡੇ

**ਬਠਿੰਡਾ (ਗੁਰਬਾਜ ਗਿੱਲ)–** ਪੁਰਾਤਨ ਵਿਰਸੇ ਨੂੰ ਯਾਦ ਰੱਖਣਾ ਇਕ ਪੂਰੀ ਰੀਲ੍ਹ ਦੀ ਤਰਾਂ ਯਾਦਾਸ਼ਤ ਨੂੰ ਘੁੰਮਾ ਕੇ ਦਿਮਾਗ ਵਿਚ ਲਿਆ ਕੇ ਉਸ ਨੂੰ ਕਿਤਾਬਾਂ ਦਾ ਰੂਪ ਦੇਣਾ ਤੇ ਅਜੋਕੀ ਵਿਰਸਾ ਭੁਲਦੀ ਜਾ ਰਹੀ ਪੀੜ੍ਹੀ ਨੂੰ ਲੇਖਾਂ ਕਵਿਤਾਵਾਂ ਰਾਹੀਂ ਉਸ ਨਾਲ ਜੋੜਨ ਦਾ ਨਿਵੇਕਲਾ ਉਪਰਾਲਾ ਆਪਣੀ ਲੇਖਣੀ ਨਾਲ ਕਰ ਰਿਹਾ ਹੈ, ਲੇਖਕ ਜਸਵੀਰ ਸ਼ਰਮਾ ਦੱਦਾਹੂਰ! ਇਹ ਗੱਲ ਡੇਰਾ ਭਾਈ ਮਸਤਾਨ ਸਿੰਘ ਸ਼੍ਰੀ ਮੁਕਤਸਰ ਸਾਹਿਬ ਦੇ ਸੰਚਾਲਕ ਸੰਤ ਬਾਬਾ ਕਸ਼ਮੀਰਾ ਸਿੰਘ ਨੇ ਕਹੇ, ਜਦੋਂ "ਵਿਰਸੇ ਦੇ ਵਾਰਿਸ ਖਿਤਾਬ" ਨਾਲ ਸਨਮਾਨਿਤ ਹੋ ਚੁੱਕੇ ਲੇਖਕ ਜਸਵੀਰ ਸ਼ਰਮਾ ਦੱਦਾਹੂਰ ਨੇ ਆਪਣੀ ਵਿਰਸੇ ਦੀ ਫੁਲਵਾੜੀ 'ਚੋਂ ਹੁਣੇ-ਹੁਣੇ ਰਲੀਜ਼ ਹੋਈ ਪੁਸਤਕ "ਪੰਜਾਬੀ ਵਿਰਸੇ ਦੀਆ ਅਣਮੁੱਲੀਆ ਯਾਦਾਂ" ਬਾਬਾ ਜੀ ਨੂੰ ਭੇਟ ਕੀਤੀ! ਗੱਲ ਕਰਦਿਆਂ ਬਾਬਾ ਜੀ ਨੇ ਕਿਹਾ ਕਿ ਅਸੀਂ ਜਲਦੀ ਹੀ ਇਸ ਸਕੂਲ ਵਿਚ ਇਕ ਬਹੁਤ ਵੱਡੀ ਲਾਇਬ੍ਰੇਰੀ ਸਥਾਪਿਤ ਕਰ ਰਹੇ ਹਾਂ ਜਿਸ ਵਿਚ ਨਾਮੀ



ਲੇਖਕਾਂ ਦੀਆਂ ਪੁਸਤਕਾਂ ਦਾ ਬਹੁਤ ਵੱਡਾ ਭੰਡਾਰ ਰੱਖਿਆ ਜਾਵੇਗਾ ਤਾਂ ਕਿ ਬੱਚੇ ਪੜ੍ਹਾਈ ਦੇ ਨਾਲ-ਨਾਲ ਸਭਿਆਚਾਰ ਨਾਲ ਵੀ ਜੁੜ ਸਕਣ! ਉਨਾਂ ਕਿਹਾ ਕਿ ਉਸ ਲਾਇਬ੍ਰੇਰੀ ਵਿਚੋਂ ਸ਼ਹਿਰੀ ਤੇ ਪੇਂਡੂ ਲੋਕ ਵੀ ਕਿਤਾਬਾਂ ਲੈ ਕੇ ਪੜ੍ਹ ਸਕਿਆ ਕਰਨਗੇ! ਇਸ ਸਮੇਂ ਲੇਖਕ ਜਸਵੀਰ ਦੱਦਾਹੂਰ ਦੇ ਨਾਲ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਸ਼੍ਰੀ ਮੁਕਤਸਰ ਸਾਹਿਬ ਇਕਾਈ ਦੇ ਪ੍ਰਧਾਨ ਗੁਰਬਿੰਦਰ ਸਿੰਘ ਬਰਾੜ, ਸੁਦਰਸ਼ਨ ਸਿਡਾਨਾ, ਮਲਕੀਤ ਸਿੰਘ, ਗੁਰਵਿੰਦਰ ਬੱਬੂ, ਰਜਿੰਦਰ ਸਿਘ, ਜਸਵਿੰਦਰ ਮਣਕੂ ਤੇ ਇਸ ਸੰਸਥਾ ਦੇ ਹੋਰ ਵੀ ਮੈਂਬਰ ਸਨ, ਜੋ ਅੱਜ ਉਚੇਚੇ ਤੌਰ ਤੇ ਵਿਧਵਾਵਾਂ, ਅੰਗਹੀਣਾਂ ਤੇ ਲੋੜਵੰਦਾਂ ਨੂੰ ਟਰੱਸਟ ਵੱਲੋਂ ਲੱਗੀਆਂ ਪੈਨਸ਼ਨਾਂ ਦੇ ਚੈਕ ਵੰਡਣ ਆਏ ਸਨ!

# ਸੜਕ ਦੁਰਘਟਨਾ 'ਚ ਜਾਨ ਗਵਾ ਗਏ ਪਰਮਿੰਦਰ ਸਿੰਘ ਜੱਬਲ ਦਾ ਮ੍ਰਿਤਕ ਸਰੀਰ ਜਾਵੇਗਾ ਇੰਡੀਆ

**ਆਕਲੈਂਡ– (ਹਰਜਿੰਦਰ ਸਿੰਘ ਬਸਿਆਲਾ)–** ਬੀਤੀ 11 ਜੁਲਾਈ ਨੂੰ ਟੌਰੰਗਾ ਨੇੜੇ ਇਕ ਕਾਰ-ਟਰੱਕ ਦੁਰਘਟਨਾ ਦੇ ਵਿਚ ਲੁਧਿਆਣਾ ਦਾ ਪੰਜਾਬੀ 27 ਸਾਲਾ ਪੰਜਾਬੀ ਨੌਜਵਾਨ ਆਪਣੀ ਜਾਨ ਗਵਾ ਬੈਠਾ ਸੀ। ਇਥੇ ਉਸਨੇ ਆਪਣੀ ਜੀਵਨ ਸਾਥਣ ਦੀ ਚੋਣ ਕਰ ਲਈ ਹੋਈ ਸੀ ਅਤੇ ਉਹ ਕੁਝ ਮਹੀਨਿਆਂ ਬਾਅਦ ਇਕ ਬੱਚੇ ਨੂੰ ਜਨਮ ਦੇਣ ਵਾਲੀ ਹੈ। ਇਸ ਲੜਕੀ ਨੇ ਉਸਦਾ ਸੰਸਕਾਰ ਇਥੇ ਹੀ ਕਰਨ ਦੀ ਇੱਛਾ ਜ਼ਾਹਿਰ ਕੀਤੀ ਸੀ ਜਦ ਕਿ ਉਸਦਾ ਇੰਡੀਆ ਰਹਿੰਦਾ ਪਰਿਵਾਰ ਉਸਦਾ ਮ੍ਰਿਤਕ ਸਰੀਰ ਇੰਡੀਆ ਮੰਗ ਰਿਹਾ ਸੀ। ਪਰਿਵਾਰ ਨੇ ਇਥੇ ਭਾਰਤੀ ਭਾਈਚਾਰੇ ਦੇ ਨਾਲ ਸੰਪਰਕ ਕੀਤਾ। ਸ. ਖੜਗ ਸਿੰਘ ਅਤੇ ਭਾਈ ਸਰਵਣ ਸਿੰਘ ਨੇ ਉਸਦੇ ਪਰਿਵਾਰ, ਉਸ ਦੀ ਜੀਵਨ ਸਾਥਣ, ਭਾਰਤੀ ਦੂਤਾਵਾਸ ਅਤੇ ਰੋਟੋਰੂਆ ਪੁਲਿਸ ਦੇ ਨਾਲ ਸੰਪਰਕ ਕਾਇਮ ਕਰਕੇ ਇਕ ਮੀਟਿੰਗ ਆਯੋਜਿਤ ਕੀਤੀ। ਇਸ ਮੀਟਿੰਗ ਦੇ ਵਿਚ ਇਹ ਪੱਤਰਕਾਰ ਵੀ ਸ਼ਾਮਿਲ ਹੋਇਆ। ਸ. ਖੜਗ ਸਿੰਘ ਨੇ ਇਥੇ ਅਹਿਮ ਰੋਲ ਅਦਾ ਕਰਕੇ ਇਸ ਗੱਲ ਉਤੇ ਸਹਿਮਤੀ ਬਣਾ ਲਈ ਕਿ ਮ੍ਰਿਤਕ ਪਰਮਿੰਦਰ ਸਿੰਘ ਜੱਬਲ ਦਾ ਮ੍ਰਿਤਕ ਸਰੀਰ ਇੰਡੀਆ ਭੇਜ ਦਿੱਤਾ ਜਾਵੇ। ਹੁਣ ਇਸ ਸਬੰਧੀ ਲਗਪਗ ਸਾਰੇ ਕਾਰਜ ਹੋ ਚੁੱਕੇ ਹਨ। ਮ੍ਰਿਤਕ ਸਰੀਰ ਪਹਿਲਾਂ ਰੋਟੋਰੂਆ ਅਤੇ ਫਿਰ ਹੁਣ ਆਕਲੈਂਡ ਪਹੁੰਚ ਚੁੱਕਾ ਹੈ। ਅੱਜ ਸਵੇਰੇ ਇਸ ਮ੍ਰਿਤਕ ਨੌਜਵਾਨ ਦੇ ਜਿੱਥੇ ਅੰਤਿਮ ਦਰਸ਼ਨ ਮੌਕੇ ਗੁਰਦੁਆਰਾ ਸ੍ਰੀ ਗੁਰੂ ਹਰਗੋਬਿੰਦ ਸਾਹਿਬ (ਵੀਰੀ ਸਟੇਸ਼ਨ ਰੋਡ) ਤੋਂ



ਪਹੁੰਚੇ ਭਾਈ ਸੁਖਪ੍ਰੀਤ ਸਿੰਘ ਨੇ ਕੀਰਤਨ ਸੋਹਿਲੇ ਦਾ ਪਾਠ ਕੀਤਾ ਅਤੇ ਫਿਰ ਅਰਦਾਸ ਕੀਤੀ ਗਈ ਉਥੇ ਉਸਦੇ ਸਿਰ ਉਤੇ ਦਸਤਾਰ ਸਜਾਈ ਗਈ ਅਤੇ ਸਿਰੋਪਾ ਪਾਇਆ ਗਿਆ। ਲਗਪਗ 14,000 ਡਾਲਰ ਦਾ ਖਰਚਾ ਸਾਰੇ ਕਾਰਜ ਵਾਸਤੇ ਆਉਣਾ ਹੈ ਇਸ ਸਬੰਧ ਵਿਚ ਸ. ਖੜਗ ਸਿੰਘ ਹੋਰਾਂ ਨੇ ਫੇਸ ਬੁੱਕ ਉਤੇ ਫੰਡ ਰੇਜਿੰਗ ਖਾਤਾ ਖੋਲ੍ਹਿਆ ਗਿਆ ਜੋ ਕਿ 24 ਘੰਟਿਆਂ ਦੇ ਵਿਚ ਹੀ ਪੂਰਾ ਕਰ ਲਿਆ ਗਿਆ। ਇਸ ਦੇ ਲਈ ਸਾਰੇ ਦਾਨ ਕਰਨ ਵਾਲੇ ਭਾਰਤੀ ਵੀਰਾਂ-ਭੈਣਾ, ਨਿਊਜ਼ੀਲੈਂਡ ਦੀ ਵਾਈਡਰ ਕਮਿਊਨਿਟੀ ਦਾ ਵੀ ਧੰਨਵਾਦ ਕੀਤਾ ਗਿਆ। ਮ੍ਰਿਤਕ ਨੌਜਵਾਨ ਦਾ ਸਰੀਰ ਅਗਲੇ ਹਫਤੇ ਕਿਸੀ ਵੀ ਦਿਨ ਇੰਡੀਆ ਰਵਾਨਾ ਹੋ ਜਾਵੇਗਾ ਇਸ ਵੇਲੇ ਭਾਰਤੀ ਹਾਈ ਕਮਿਸ਼ਨ ਤੋਂ ਟ੍ਰੈਵਲਿੰਗ ਕਾਗਜ਼ ਤਿਆਰ ਹੋ ਰਹੇ ਹਨ।

ਪੰਜਾਬੀ ਪੁਲਿਸ ਅਫਸਰ ਸ. ਸ਼ੱਮੀ ਸਿੰਘ ਦੀ ਰਹੀ ਖਾਸ ਭੂਮਿਕਾ: ਰੋਟੋਰੂਆ ਵਿਖੇ ਤਾਇਨਾਤ ਪੰਜਾਬੀ ਪੁਲਿਸ ਅਫਸਰ ਸ. ਸ਼ੱਮੀ ਸਿੰਘ ਦੀ ਇਸ ਸਾਰੇ ਮਾਮਲੇ ਵਿਚ ਖਾਸ ਭੂਮਿਕਾ ਰਹੀ। ਉਨ੍ਹਾਂ ਆਪਣੇ ਸੀਨੀਅਰ ਪੁਲਿਸ ਅਫਸਰ ਸ੍ਰੀ ਸਾਇਮਨ ਦੇ ਨਾਲ ਬਰਾਬਰ ਰਾਬਤਾ ਰੱਖਿਆ ਅਤੇ ਮ੍ਰਿਤਕ ਸ. ਪਰਮਿੰਦਰ ਸਿੰਘ ਦੀ ਜੀਵਨ ਸਾਥਣ ਦੇ ਨਾਲ ਸੰਪਰਕ ਬਣਾ ਕੇ ਇਸ ਮੀਟਿੰਗ ਨੂੰ ਸਫਲ ਕੀਤਾ। 'ਕਿਆ ਜਾਣਾ ਕਿਵ ਮਰਹਗੇ ਕੈਸਾ ਮਰਣਾ ਹੋਇ': ਸ੍ਰੀ ਗੁਰੂ ਅਮਰਦਾਸ ਜੀ ਦਾ ਗੁਰਬਾਣੀ ਦੇ ਵਿਚ ਫੁਰਮਾਨ ਹੈ ਕਿ 'ਕਿਆ ਜਾਣਾ ਕਿਵ ਮਰਹਗੇ ਕੈਸਾ ਮਰਣਾ ਹੋਇ'। ਆਪਣਾ ਪਰਿਵਾਰ ਅਤੇ ਹੋਰ ਰਿਸ਼ਤੇਦਾਰ ਛੱਡ ਜਦੋਂ ਕੋਈ ਵਿਦੇਸ਼ ਰਵਾਨਾ ਹੁੰਦਾ ਹੈ ਤਾਂ ਪਰਿਵਾਰ ਦਾ ਮੋਹ ਹੋਰ ਗੂੜਾ ਹੋਣ ਲਗਦਾ ਹੈ ਪਰ ਕਿਸੇ ਨੂੰ ਕੀ ਪਤਾ ਇਹ ਗੂੜੇ ਰੰਗ ਕਦੋਂ ਫਿੱਕੇ ਪੈ ਜਾਣਗੇ। ਵਾਹਿਗੁਰੂ ਇਸ ਵਿਛੜੀ ਆਤਮਾ ਨੂੰ ਸਦੀਵੀ ਸੁੱਖ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬੱਲ ਬਖਸ਼ਣ।

# ਪੰਜਾਬੀ ਮਲਟੀਕਲਚਰ ਸੁਸਾਇਟੀ ਨੇ ਧੂੰਮ-ਧਾਮ ਨਾਲ ਮਨਾਇਆ ਚੌਥਾ ਤੀਆਂ ਦਾ ਮੇਲਾ

**ਪਿਟਸਬਰਗ (ਬਿਊਰੋ)-** ਪੰਜਾਬੀ ਮਲਟੀਕਲਚਰ ਸੁਸਾਇਟੀ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਚੌਥਾ ਤੀਆਂ ਦਾ ਮੇਲਾ ਧੂੰਮ-ਧਾਮ ਨਾਲ ਮਨਾਇਆ ਗਿਆ।

ਇਹ ਪ੍ਰੋਗਰਾਮ 300 ਪ੍ਰੈਸੀਡੀਓ ਸੀ. ਐਨ ਪਿਟਸਬਰਗ ਵਿਖੇ ਮਨਾਇਆ ਗਿਆ। ਇਸ ਮੌਕੇ ਭੰਗੜਾ, ਗਿੱਧਾ, ਸਕਿੱਟਾਂ, ਹਿਪ ਹੋਪ, ਲਾਈਵ ਡੀ. ਜੇ. ਆਦਿ ਪ੍ਰੋਗਰਾਮ ਕਰਵਾਏ ਗਏ। ਮੇਲੇ ਵਿਚ ਕੱਪੜੇ-ਗਹਿਣੇ ਅਤੇ ਭੋਜਨ ਦੇ ਸਟਾਲ ਵੀ ਲਗਾਏ ਗਏ। ਇਸ ਮੇਲੇ ਵਿਚ ਕੋਈ ਟਿਕਟ ਨਹੀਂ ਸੀ। ਇਸ ਮੇਲੇ ਵਿਚ ਭਾਗ ਲੈਣ ਵਾਲੀਆਂ ਬੀਬੀਆਂ ਵਿਚ ਕਸ਼ਮੀਰ ਕੌਰ, ਸੁੰਮਨ ਹੀਰ, ਸੁੰਮਨ ਬੰਗਾ (ਭੋਲੀ), ਸਤਨਾਮ ਕੌਰ, ਰੱਜੀ ਕੌਰ, ਅੰਜਲੀਨਾ ਮਾਨਤ ਸਿੰਘ, ਐਂਜਲੀ ਐਲੀਮੈਂਟਰੀ ਸਕੂਲ ਬਰੈਂਟਵੁੱਡ, ਰੋਜ਼ੀ ਕੌਰ, ਵਿਜ਼ਨ ਹਾਈ ਸਕੂਲ ਟਰਾਮੀ ਚੈਲ, ਸਕੂਲ ਵਿਚ ਪੜ੍ਹਦੀਆਂ ਬੱਚੀਆਂ। ਸ਼ਾਰਲੀ ਸਿੰਘ, ਜਿੰਨੀ ਸ਼ੌਕਟ, ਸਾਬਾ ਮਸੀਹ, ਪ੍ਰਿਅੰਕਾ ਸਿੰਘ, ਜਸਵਿੰਦਰ ਕੌਰ ਪ੍ਰਸ਼ਾਦ, ਭਵਾਨੀ ਪ੍ਰਸ਼ਾਦ, ਸਿਲਵੀਆ, ਯੂਨਸ, ਮਾਨਿਕਾ ਸਮੇਤ ਸੀਨੀਅਰ ਬੀਬੀਆਂ ਕਰਮਜੀਤ ਕੌਰ ਸੰਧੂ ਗਰੁੱਪ ਨੇ ਆਪਣੀਆਂ ਬੋਲੀਆਂ ਪਾ ਕੇ ਸਰੋਤਿਆਂ ਦਾ ਮਨੋਰੰਜਨ ਕੀਤਾ। ਸਤਪਾਲ ਕੌਰ, ਭਜਨੋ, ਮਨਜੀਤ ਕੌਰ ਰੱਤੂ, ਮਹਿੰਦਰ ਕੌਰ, ਗੁਰਦਿਆਲ ਕੌਰ, ਸਤਿਆ ਕੌਰ, ਪਿਟਸਬਰਗ ਹਾਈ ਸਕੂਲ ਦੇ ਬੱਚਿਆਂ ਨੇ ਵੀ ਹਰ ਸਾਲ ਵਾਂਗ ਇਸ ਸਾਲ ਵੀ ਭਾਗ ਲਿਆ।

ਵਰਣਨਯੋਗ ਹੈ ਕਿ ਇਹ ਸੰਸਥਾ ਸਾਲ ਵਿਚ ਤਿੰਨ ਪ੍ਰੋਗਰਾਮ ਕਰਵਾਉਂਦੀ ਹੈ, ਜਿਹਨਾਂ ਵਿਚ ਜਨਵਰੀ ਵਿਚ ਲੋਹੜੀ, ਮਈ ਵਿਚ ਮਦਰਜ਼ ਡੇਅ ਅਤੇ ਇਸ ਤੋਂ ਬਾਅਦ ਤੀਆਂ ਦਾ ਮੇਲਾ ਕਰਵਾਇਆ ਜਾਂਦਾ ਹੈ। ਇਹਨਾਂ ਪ੍ਰੋਗਰਾਮਾਂ ਵਿਚ ਭਾਗ ਲੈਣ ਲਈ ਕਸ਼ਮੀਰ ਕੌਰ 925-329-9835, ਸੁੰਮਨ ਹੀਰ 925-219-5991, ਬਲਵੀਰ ਕੌਰ 925-864-3855, ਰੂਬੀ ਰਾਜੂ 925-550-1088 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

ਇਸ ਮੌਕੇ ਸੁਸਾਇਟੀ ਵੱਲੋਂ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਦੇ ਪ੍ਰਧਾਨ ਸ੍ਰੀ ਕਸ਼ਮੀਰੀ ਭਾਟੀਆ ਅਤੇ ਬੀਬੀ ਕਮਲਜੀਤ ਭਾਟੀਆ, ਸ੍ਰੀ ਰਾਮ ਪ੍ਰਕਾਸ਼ ਰਾਜੂ ਦਾ ਸਹਿਯੋਗ ਦੇਣ ਬਦਲੇ ਵਿਸ਼ੇਸ਼ ਧੰਨਵਾਦ ਕੀਤਾ ਗਿਆ।









ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)






























# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

## AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

**NEW & USED TIRES**
**WASH, LUBE, BRAKES**

Call:
650-642-0697

## 3525 Highway 99, West Corning, CA 96021
Across the Street from TA Truck Stop





# KB USED AUTO SALES



## 8655 B Monterey Street Gilroy, CA 95020

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

**ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ**


Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust








21 ਜੁਲਾਈ 2018 ਨੂੰ ਜਵਾਹਰ ਨਵੋਦਿਆ ਵਿਦਿਆਲਿਆ ਰੱਖ ਜਗਾਣੂ (ਉਧਮਪੁਰ) 'ਚ ਵਣ ਮਹਾਂਉਤਸਵ ਸਕੂਲ ਦੇ ਸਟਾਫ ਅਤੇ ਬੱਚਿਆਂ ਵੱਲੋਂ ਬੂਟੇ ਲਗਾ ਕੇ ਮਨਾਇਆ ਗਿਆ। ਇਸ ਮੌਕੇ ਡਿਪਟੀ ਕਮਿਸ਼ਨਰ, ਉਧਮਪੁਰ ਮਾਣਯੋਗ ਸ੍ਰੀ ਰਵਿੰਦਰ ਕੁਮਾਰ (ਆਈ. ਏ. ਐਸ.) ਅਤੇ ਸ੍ਰੀ ਜੁਗਲ ਗੁਪਤਾ ਤੋਂ ਇਲਾਵਾ ਸਕੂਲ ਦੇ ਪ੍ਰਿੰਸੀਪਲ ਸ੍ਰੀ ਅਸ਼ੋਕ ਕੁਮਾਰ ਜੀ ਨੇ ਆਪਣੇ ਸਟਾਫ ਅਤੇ ਵਿਦਿਆਰਥੀਆਂ ਸਮੇਤ ਬੂਟੇ ਲਗਾ ਕੇ ਵਣ ਮਹਾਂਉਤਸਵ ਮਨਾਇਆ। ਇਸੇ ਤਰਾਂ ਜਵਾਹਰ ਨਵੋਦਿਆ ਵਿਦਿਆਲਿਆ ਤਲਵੰਡੀ ਮਾਧੋ (ਜਲੰਧਰ) ਵਿਖੇ ਵੀ ਸਕੂਲ ਦੇ ਸਟਾਫ ਅਤੇ ਵਿਦਿਆਰਥੀਆਂ ਨੇ ਬੂਟੇ ਲਗਾ ਕੇ ਵਣ ਮਹਾਂਉਤਸਵ ਮਨਾਇਆ। ਇਸ ਮੌਕੇ ਜਲੰਧਰ ਦੇ ਮਾਣਯੋਗ ਡਿਪਟੀ ਕਮਿਸ਼ਨਰ ਜੀ ਦਾ ਸੰਦੇਸ਼ ਪ੍ਰਿੰਸੀਪਲ ਸ੍ਰੀ ਡੀ. ਆਰ. ਸ਼ਰਮਾ ਨੇ ਪੜ੍ਹ ਕੇ ਸੁਣਾਇਆ।

# ਜੀ. ਐਚ. ਜੀ. ਅਕੈਡਮੀ ਵੱਲੋਂ ਸਲਾਨਾ ਅੰਤਰ-ਰਾਸ਼ਟਰੀ ਯੁਵਕ ਮੇਲੇ 'ਤੇ ਲੱਗੀਆਂ ਰੌਣਕਾਂ







**ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਧਾਲੀਆਂ/ ਨੀਟਾ ਮਾਛੀਕੇ):** ਜੀ.ਐਚ.ਜੀ. ਡਾਂਸ ਅਤੇ ਸੰਗੀਤ ਅਕੈਡਮੀ ਫਰਿਜ਼ਨੋ ਵੱਲੋਂ ਦਸਵਾਂ ਸਲਾਨਾ ਅੰਤਰ-ਰਾਸ਼ਟਰੀ ਯੁਵਕ ਮੇਲਾ ਫਰਿਜ਼ਨੋ ਦੇ ਸੈਂਟਰਲ ਹਾਈ ਸਕੂਲ 'ਚ ਕਰਵਾਇਆ ਗਿਆ। ਇਸ ਤੋਂ ਪਹਿਲਾ ਅਕੈਡਮੀ ਵੱਲੋਂ ਦੋ ਹਫਤੇ ਦੇ ਕੈਂਪ ਵਿੱਚ 600 ਤੋਂ ਵਧੀਕ ਬੱਚਿਆ ਨੂੰ ਮੁਫਤ ਗਿੱਧੇ ਅਤੇ ਭੰਗੜੇ ਦੀ ਸਿਖਲਾਈ ਮਾਹਰ ਕੋਚਾਂ ਦੁਆਰਾ ਦਿੱਤੀ ਗਈ। ਜਿੱਥੇ ਬੱਚਿਆਂ ਨੇ ਦੋ ਹਫ਼ਤੇ ਘਰ ਦੀ ਚਾਰ ਦੀਵਾਰੀ ਅਤੇ ਵੀਡੀਉ ਗੇਮਾਂ ਵਰਗੇ ਇਲੈਕਟਰੋਨਿਕਸ ਰੁਝੇਵੇ 'ਚੋ ਬਾਹਰ ਨਿਕਲ ਆਪਣੇ ਸੱਭਿਆਚਾਰਕ ਗਿੱਧੇ ਅਤੇ ਭੰਗੜੇ ਨੂੰ ਸਿੱਖਿਆ, ਉੱਥੇ ਉਨ੍ਹਾਂ ਦੇ ਮਾਪਿਆ ਨੇ ਵੀ ਇਸ ਸੁਭ ਕਾਰਜ਼ ਲਈ ਭਾਰੀ ਉਤਸ਼ਾਹ ਦਿਖਾਇਆ।

ਕੈਂਪ ਦੇ ਆਖਰੀ ਦਿਨ ਆਪਣੇ ਇਸੇ ਸਿਖਿਅਤ ਬੱਚਿਆਂ ਦੀਆਂ ਗਿੱਧੇ ਅਤੇ ਭੰਗੜੇ ਦੀਆਂ 27 ਟੀਮਾਂ ਨੇ ਆਪਣੀ ਕਲਾ ਦਾ ਸਟੇਜ ਤੋਂ ਖ਼ੂਬਸੂਰਤ ਪ੍ਰਦਰਸ਼ਨ ਕੀਤਾ। ਇਸ ਤੋਂ ਇਲਾਵਾ ਵਿਸ਼ੇਸ਼ ਤੌਰ 'ਤੇ ਲੜਕੀਆਂ ਦੁਆਰਾਂ ਆਪ ਬੋਲੀਆਂ ਪਾ ਪ੍ਰੰਪਰਾਗਤ ਗਿੱਧਾ ਟੀਮ 'ਧੀਆਂ ਪੰਜਾਬ ਦੀਆਂ' ਦੀ ਖਾਸ ਪੇਸ਼ਕਸ਼ ਸੁਲਾਹੁਣਯੋਗ ਸੀ। ਤਰਨਜੀਤ ਕਲੇਰ ਦੁਆਰਾ ਤਿਆਰ 'ਮਾਂਵਾਂ ਦਾ ਗਿੱਧਾ' ਦੇ ਇਕ ਗਰੁੱਪ ਅਤੇ ਫਰਿਜ਼ਨੋ ਦੇ ਬਾਬਿਆਂ ਨੇ ਨੌਜਵਾਨਾਂ ਨਾਲ ਰਲ ਪਾਏ 'ਮਲਵਈ ਗਿੱਧੇ' ਨੇ ਸਟੇਜ਼ 'ਤੇ ਖ਼ੂਬ ਮੰਨੋਰੰਜਨ ਕੀਤਾ।

ਅੰਤਰ-ਰਾਸ਼ਟਰੀ ਮੁਕਾਬਲੇ ਵਿੱਚ 'ਸ਼ਾਨੇ ਪੰਜਾਬ' ਗੋਲਡਨ ਬੁਆਏ ਸਰੀ, ਕਨੇਡਾ ਦੀ ਟੀਮ ਪਹਿਲੇ ਸਥਾਨ 'ਤੇ ਰਹੀ। ਦੂਜੇ ਸਥਾਨ ਵਿੱਚ 'ਚੜਦੀ ਜਵਾਨੀ' ਫਰਿਜ਼ਨੋ, ਕੈਲੀਫੋਰਨੀਆਂ ਅਤੇ 'ਪੰਜਾਬੀ ਫੋਕ ਡਾਂਸ਼ ਅਕੈਡਮੀ' ਐਡਮੈਨਟਨ, ਕਨੇਡਾ ਦੀਆਂ ਟੀਮਾਂ ਦੇ ਨਾਂ ਸਾਮਲ ਹਨ। ਤੀਸਰੇ ਇਨਾਮ ਦੀ ਜੇਤੂ ਟੀਮ 'ਭੰਗੜਾ ਐਵਨਿਊ' ਸਰੀ, ਕਨੇਡਾ ਰਹੀ। ਇਹ ਤਿੰਨੋ ਅੰਤਰ-ਰਾਸ਼ਟਰੀ ਪੱਧਰ ਦੇ ਇਨਾਮ ਸੁਖਦੇਵ ਸਿੰਘ 'ਸ਼ਾਨੇ ਪੰਜਾਬ', ਗੁਰਦੇਵ ਸਿੰਘ 'ਇੰਡੀਅਨ ਅਵਨ ਰੈਸਟੋਰੈਂਟ' ਅਤੇ ਜਗਦੀਪ ਸਿੰਘ ਇੰਸੋਰੈਸ਼ ਏਜੰਸੀ' ਵੱਲੋਂ ਸਪਾਂਸਰ ਸਨ। ਜਦਕਿ ਬਾਕੀ ਮੁੱਖ ਸਪਾਸਰਾਂ ਵਿੱਚ ਚਰਨਜੀਤ ਬਾਠ, ਗਿੱਲ ਇੰਸੋਰੈਸ਼ ਏਜੰਸੀ ਕਰੰਦਰਜ਼ ਦੇ ਅਵਤਾਰ ਗਿੱਲ ਅਤੇ ਹੈਰੀ ਗਿੱਲ, ਜਸਪ੍ਰੀਤ ਸਿੰਘ ਵਕੀਲ, ਸੰਨੀ ਸਿੰਘ 'ਆਲ ਇੰਸੋਰੈਸ ਏਜੰਸੀ, ਲਖਵੀਰ ਸਿੰਘ ਮੱਲੀ, ਐਕਸਪੋ ਪਾਰਟੀ ਰੈਂਟਲ ਅਤੇ ਡਾ. ਅਜੀਤ ਸਿੰਘ ਖਹਿਰਾ ਦੇ ਨਾਂ ਸਾਮਲ ਹਨ।

ਸਭ ਹਿੱਸਾ ਲੈਣ ਵਾਲੇ ਬੱਚਿਆਂ ਨੂੰ ਟਰਾਫੀਆਂ ਦੇ ਨਾਲ ਸਨਮਾਨਿਤ ਕੀਤਾ ਗਿਆ। ਇਸੇ ਤਰ੍ਹਾਂ ਅੰਤਰ-ਰਾਸਟਰੀ ਪੱਧਰ ਸਮੇਂ ਮੁਕਾਬਲੇ ਵਿੱਚ ਜੇਤੂਆਂ ਨੂੰ ਯਾਦਗਾਰੀ ਟਰਾਫੀਆਂ ਅਤੇ ਇਨਾਮ ਦਿੱਤੇ ਗਏ। ਪ੍ਰੋਗਰਾਮ ਦੌਰਾਨ ਸੰਸਥਾ ਵੱਲੋਂ ਬਹੁਤ

**(ਬਾਕੀ ਸਫਾ 18 'ਤੇ)**



## ਟਰੱਕਾਂ ਵਾਲੇ ਵੀਰਾਂ ਲਈ ਖੁਸ਼ਖਬਰੀ

### ਡੀ.ਓ.ਟੀ. ਦੀ ਪ੍ਰੇਸ਼ਾਨੀ ਅਤੇ ਕਾਗਜ਼-ਪੱਤਰਾਂ ਦੀ ਸਾਂਭ-ਸੰਭਾਲ ਤੋਂ ਹਮੇਸ਼ਾਂ ਲਈ ਪਾਓ ਛੁਟਕਾਰਾ

We will make your trucking business paperless and Free of DOT hassels.

Steer your business, from hiring to management all from a computer



ਡਰਾਈਵਰ ਨੂੰ ਨੌਕਰੀ ਤੇ ਰੱਖਣ ਤੋਂ ਲੈ ਕੇ ਕਾਰੋਬਾਰ ਦੇ ਹਰ ਤਰ੍ਹਾਂ ਦੇ ਰਿਕਾਰਡ ਨੂੰ ਆਸਾਨੀ ਨਾਲ ਕੰਪਿਊਟਰ ਤੇ ਲਿਆਉਣ ਵਾਲਾ ਸਿਸਟਮ

ਆਪਣੇ ਟਰੱਕਾਂ ਦੇ ਕਾਰੋਬਾਰ ਨੂੰ ਪੂਰੀ ਅਤੇ ਸੌਖੀ ਤਰ੍ਹਾਂ ਕੰਪਿਊਟਰ ਤੋਂ ਚਲਾਓ ਕਾਗਜ਼ਾਂ ਅਤੇ ਮਹਿਕਮੇ ਤੋਂ ਛੁਟਕਾਰਾ ਪਾਓ

ASK FOR LOAD MANAGEMENT: Easy dispatch by Phone App, Quick POD, Auto Billing, Payroll etc.

| DRIVER HIRING | INSPECTION RECORD | DRIVING REVIEW | ACCIDENT REPORTS | TRUCK MAINTENANCE |
|---|---|---|---|---|
| ਡਰਾਈਵਰ ਨੂੰ ਨੌਕਰੀ ਤੇ ਰੱਖਣ ਵਾਸਤੇ, ਉਸਦੀ ਪਿਛਲੀ ਨੌਕਰੀ ਦੇ ਰਿਕਾਰਡ ਸਮੇਤ ਹਰ ਲੋੜੀਂਦੇ ਦਸਤਾਵੇਜ਼ ਮੁਕੰਮਲ ਕਰਨੇ ਹੋਣਗੇ ਆਸਾਨ | ਸਰਕਾਰ ਵੱਲੋਂ ਟਰੱਕਾਂ ਦੇ ਲਾਜ਼ਮੀ ਕਰਾਰ ਦਿੱਤੇ ਗਏ ਮੁਆਇਨੇ ਸਮੇਂ ਸਿਰ ਕਰਵਾਉਣ ਲਈ ਇਹ ਸਿਸਟਮ ਬਣਾਏਗਾ ਯਕੀਨੀ | ਆਪਣੇ ਡਰਾਈਵਰਾਂ ਦੀ ਸਮੀਖਿਆ ਆਸਾਨੀ ਨਾਲ ਕਰੋ ਤੇ ਰਿਕਾਰਡ ਤੇ ਰੱਖੋ ਅਤੇ ਆਉਣ ਵਾਲੀਆਂ ਪ੍ਰੇਸ਼ਾਨੀਆਂ ਤੋਂ ਬਚੋ | ਛੋਟੇ ਵੱਡੇ ਵਾਪਰਨ ਵਾਲੇ ਹਾਦਸਿਆਂ ਦੀਆਂ ਰਿਪੋਰਟ ਤਿਆਰ ਕਰਨੀ ਅਤੇ ਵੱਖ-ਵੱਖ ਮਹਿਕਮਿਆਂ ਨੂੰ ਭੇਜਣੀ ਹੋਵੇਗੀ ਸੌਖੀ | ਟਰੱਕਾਂ ਦੀ ਮੁਰੰਮਤ ਆਦਿ ਦਾ ਸਾਰਾ ਰਿਕਾਰਡ ਕਿਸੇ ਵੀ ਜਾਂਚ ਲਈ ਆਧੁਨਿਕ ਢੰਗ ਨਾਲ ਹਮੇਸ਼ਾਂ ਰੱਖੋ ਤਿਆਰ |

eLog Book Integration COMING SOON

ਆਪਣੇ ਕਾਰੋਬਾਰ ਨੂੰ ਆਸਾਨੀ ਨਾਲ ਚਲਾਉਣ ਵਾਸਤੇ ਕੰਪਿਊਟਰ ਪ੍ਰੋਗਰਾਮ ਲੈਣ ਲਈ ਅੱਜ ਹੀ ਸੰਪਰਕ ਕਰੋ

WE HANDLE DOT AUDITS

Tel: 800.936.4011 • 209.636.0880


RAJINDER SINGH

## GLOBAL SOLUTION FOR TRANSPORTATION
(A PAPERLESS SOLUTION FOR TRUCKING)

email: info@etruckingsolution.com • www.etruckingsolution.com


LAKHVIR SINGH



# L.A. MERCHANDISE
## Whole Sale +Retail

ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ

500 N. Palora Ave. Yuba City, CA 95991

Loose Fabrics, Groceries, Blankets, Vegetables


New folding bed verities




ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ

Toilet Water Pressure (Elite 2 Bio Bider) A budget Friendly solution for your desire to feel exceptionally clean and reduce toilet paper waste Only $ 41.99+Tax



ਹਰ ਕਿਸਮ ਦੀ ਦਾਲ ਸੇਲ 'ਤੇ ਹੈ। ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।

Red Label Tea 900 Gm $ 3.99



Bio Bidet Elite 2 $ 39.99+ Tax



ਪੱਗਾਂ ਹਰ ਤਰ੍ਹਾਂ ਦੀਆਂ ਪੱਗਾਂ ਪਹਿਲਾਂ 3 ਡਾਲਰ ਪ੍ਰਤੀ ਗਜ਼ ਦੀ ਥਾਂ ਹੁਣ ਰੇਟ 1.73 ਡਾਲਰ ਪ੍ਰਤੀ ਗਜ਼ ਖਰੀਦੋ

ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ


Baksho Kaur Bisla Hardev Singh Bisla

ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ

- ਗੋਲਡਨ ਆਟਾ ਨਾਲ 400 ਗ੍ਰਾਮ ਸੂਜੀ ਪੈਕਟ ਮੁਫਤ
- ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ।
- ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ।
- ਸ਼ੂਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇੱਥੋਂ ਮਿਲਦਾ ਹੈ।



ਸੂਟ ਹਰ ਤਰ੍ਹਾਂ ਦਾ ਸੂਟ 20 ਡਾਲਰ ਵਿਚ ਖਰੀਦੋ

ਲਾਈਨਿੰਗ ਸੂਟਾਂ ਦੀ ਲਾਈਨਿੰਗ ਪਹਿਲਾਂ 4.50 ਡਾਲਰ ਪ੍ਰਤੀ ਗਜ਼ ਦੀ ਥਾਂ ਹੁਣ 1.79 ਡਾਲਰ ਪ੍ਰਤੀ ਗਜ ਖਰੀਦੋ

530-671-0439, Fax 530-822-0439 Cell- 530-844-3250

Buy 5 get 1 free



# TANDOOR
## Indian Restaurant

27167 Mission Blvd. Hayward, CA 95544




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE:

FISH PAKORE, CHILLI CHICKEN, GOAT KARI, SHAHI PANEER, BUTTER CHICKEN, SWEETS, SNACKS AND MORE SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

BUFFET LUNCH 11:00 AM To 3:00 PM

Contact Us:

We are open seven days 11 AM to 10 PM

Ph. 510-885-1212
Fax. 510-885-1532



# AAA
## AUTO AND BODY WORKS

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।

We Do Complete Engine Trans-mission, Body and Paint Work We Sell Used Cars at a Good Price



Free Estimates
Free Towing

510- 733- 2222

1421 Industrial PKWY West#F Hayward, CA 94544



Prop: Jasbir Singh Takhar 510-755-2132

Harmandeep Singh

# ਕੈਲੰਡਰ ਵਿਵਾਦ, ਆਉ ਸੁਹਿਰਦ ਹੋਈਏ



ਸਰਵਜੀਤ ਸਿੰਘ ਸੈਕਰਾਮੈਂਟੋ
sarbjits@gmail.com>

ਦੁਨੀਆਂ ਵਿੱਚ ਵਰਤੇ ਜਾਣ ਵਾਲੇ ਸਾਂਝੇ ਕੈਲੰਡਰ ਦਾ ਮੁੱਢ, ਜੂਲੀਅਸ ਸੀਜਰ ਵੱਲੋਂ ਬੰਨਿਆਂ ਗਿਆ ਸੀ। ਇਸ ਸਾਲ ਦੀ ਲੰਬਾਈ 365 ਦਿਨ 6 ਘੰਟੇ ਮੰਨੀ ਗਈ ਸੀ। ਜੂਲੀਅਨ ਕੈਲੰਡਰ ਦੇ ਸਧਾਰਨ ਸਾਲ ਵਿੱਚ 365 ਦਿਨ ਹੁੰਦੇ ਸਨ ਅਤੇ ਵਾਧੂ ਦੇ 6 ਘੰਟੇ, ਹਰ ਚੌਥੇ ਸਾਲ ਫਰਵਰੀ ਦੇ ਵਿੱਚ ਇਕ ਵਾਧੂ ਦਿਨ ਜੋੜ ਕੇ ਹਿਸਾਬ ਬਰਾਬਰ ਕਰ ਦਿੱਤਾ ਜਾਂਦਾ ਸੀ। ਇਸ ਤਰ੍ਹਾਂ 4 ਸਾਲ ਵਿਚ ਕੁਲ 1461 ਦਿਨ ਬਣਦੇ ਸਨ ਅਤੇ ਸਾਲ ਦੀ ਲੰਬਾਈ (1461/4) 365.25 ਦਿਨ ਮੰਨੀ ਗਈ ਸੀ। 1582 ਈ. ਵਿੱਚ ਜਦੋਂ ਰੋਮ ਵਾਸੀਆਂ ਨੂੰ ਇਹ ਗਿਆਨ ਹੋਇਆ ਕਿ ਉਨ੍ਹਾਂ ਦੇ ਦਿਨ ਤਿਉਹਾਰਾਂ ਦਾ ਸਬੰਧ ਮੌਸਮ ਨਾਲੋਂ ਟੁੱਟ ਗਿਆ ਹੈ ਤਾਂ ਇਸ ਦੇ ਕਾਰਨਾਂ ਦੀ ਪੜਤਾਲ ਕਰਨ ਦਾ ਕੰਮ ਮਾਹਿਰਾਂ ਨੂੰ ਸੌਂਪਿਆ ਗਿਆ। ਮਾਹਿਰਾਂ ਵੱਲੋਂ ਇਸ ਸਮੱਸਿਆ ਦਾ ਕਾਰਨ ਇਹ ਦੱਸਿਆ ਗਿਆ ਕਿ ਅਸਲ ਵਿੱਚ ਸਾਲ ਦੀ ਲੰਬਾਈ 365.2422 ਦਿਨ ਭਾਵ 365 ਦਿਨ 5 ਘੰਟੇ 48 ਮਿੰਟ 45 ਸੈਕਿੰਡ ਹੈ। ਜੋ ਪਹਿਲਾ ਮੰਨੀ ਗਈ ਲੰਬਾਈ ਤੋਂ ਲੱਗ ਭੱਗ ਸਵਾ ਗਿਆਰਾਂ ਮਿੰਟ ਘੱਟ ਹੈ। ਜਿਸ ਕਾਰਨ 128 ਸਾਲ ਪਿਛੋਂ ਇਕ ਦਿਨ ਦਾ ਫਰਕ ਪੈ ਜਾਂਦਾ ਹੈ। ਉਨ੍ਹਾਂ ਨੇ ਸਾਲ ਦੀ ਲੰਬਾਈ ਨੂੰ ਰੁੱਤੀ ਸਾਲ ਦੀ ਲੰਬਾਈ ਦੇ ਬਰਾਬਰ ਕਰਨ ਲਈ ਨਵਾਂ ਫਾਰਮੂਲਾ ਅਪਣਾਇਆ। ਜਿਸ ਮੁਤਾਬਕ ਸਾਲ ਦੀ ਲੰਬਾਈ 365.2425 ਦਿਨ ਮੰਨੀ ਗਈ। ਪੋਪ ਗਰੈਗਰੀ ਵੱਲੋਂ ਬਣਾਈ ਗਈ ਕਮੇਟੀ ਨੇ 1582 ਈ. ਵਿੱਚ ਵੱਧੇ ਹੋਏ ਦਿਨਾਂ ਦੇ ਫਰਕ ਨੂੰ ਇਕੋ ਝਟਕੇ ਹੀ, ਵੀਰਵਾਰ 4 ਅਕਤੂਬਰ ਤੋਂ ਪਿਛੋਂ ਸ਼ੁੱਕਰਵਾਰ ਨੂੰ 15 ਅਕਤੂਬਰ ਕਰਕੇ ਸਮੱਸਿਆ ਦਾ ਹਲ ਕਰ ਦਿੱਤਾ। ਇਸ ਕੈਲੰਡਰ ਨੂੰ ਗਰੈਗੋਰੀਅਨ ਦੇ ਨਾਮ ਨਾਲ ਜਾਣਿਆ ਜਾਣ ਲੱਗਾ। ਇੰਗਲੈਂਡ ਨੇ ਇਸ ਸੋਧ ਨੂੰ 1752 ਈ. ਵਿੱਚ ਪ੍ਰਵਾਨ ਕੀਤਾ ਸੀ ਅਤੇ ਬੁਧਵਾਰ 2 ਸਤੰਬਰ ਤੋਂ ਪਿਛੋਂ ਵੀਰਵਾਰ ਨੂੰ 14 ਸਤੰਬਰ ਕਰ ਦਿੱਤੀ ਸੀ। ਨਵੇਂ ਨਿਯਮ ਮੁਤਾਬਕ ਬਣਾਏ ਗਏ ਕੈਲੰਡਰ ਜਿਸ ਨੂੰ ਗਰੈਗੋਰੀਅਨ ਕੈਲੰਡਰ ਕਿਹਾ ਗਿਆ ਦੇ ਸਾਲ ਦੀ ਲੰਬਾਈ 365.2425 ਦਿਨ ਮੰਨੀ ਗਈ ਹੈ। ਇਹ ਲੰਬਾਈ ਰੁੱਤੀ ਸਾਲ ਦੀ ਲੰਬਾਈ ਤੋਂ ਲੱਗ ਭੱਗ 26 ਸੈਕਿੰਡ ਵੱਧ ਹੈ। ਸਾਲ ਦੀ ਲੰਬਾਈ ਦੇ ਫਰਕ ਕਾਰਨ ਪਹਿਲਾ ਜਿਹੜਾ ਇਕ ਦਿਨ ਦਾ ਫਰਕ 128 ਸਾਲਾਂ ਪਿਛੋਂ ਪੈ ਜਾਂਦਾ ਸੀ, ਉਹ ਹੁਣ ਉਹ ਇਕ ਦਾ ਫਰਕ ਲੱਗ ਭੱਗ 3300 ਸਾਲ ਪਿਛੋਂ ਪਵੇਗਾ। ਯਾਦ ਰਹੇ ਗੁਰੂ ਕਾਲ ਤੋਂ ਪ੍ਰਚਲਤ ਬਿਕ੍ਰਮੀ ਕੈਲੰਡਰ ਦੇ ਸਾਲ ਦੀ ਲੰਬਾਈ 365.2587 ਦਿਨ ਹੈ। ਜੋ ਰੁੱਤੀ ਸਾਲ ਦੀ ਲੰਬਾਈ ਤੋਂ ਲੱਗ-ਭੱਗ 24 ਮਿੰਟ ਵੱਧ ਹੈ, ਜਿਸ ਕਾਰਨ 60 ਸਾਲ ਪਿਛੋਂ ਇਕ ਦਿਨ ਦਾ ਫਰਕ ਪੈ ਜਾਂਦਾ ਹੈ। ਹੈਰਾਨੀ ਦੀ ਗੱਲ ਹੈ ਕਿ ਜਿਹੜੀ ਗੱਲ ਰੋਮ ਵਾਸੀਆਂ ਨੂੰ ਸੋਲਵੀਂ ਸਦੀ ਵਿੱਚ ਸਮਝ ਆ ਗਈ ਸੀ ਕਿ ਉਨ੍ਹਾਂ ਦੇ ਕੈਲੰਡਰੀ ਸਾਲ ਦੀ ਲੰਬਾਈ ਰੁਤੀ ਸਾਲ ਦੀ ਲੰਬਾਈ ਤੋਂ ਵੱਧ ਹੈ, ਸਿੱਖਾਂ ਨੂੰ ਇੱਕੀਵੀਂ ਸਦੀ ਵਿੱਚ ਵੀ ਨਹੀਂ ਆ ਰਹੀ। ਆਪਣੇ ਦੇਸ਼ ਵਿੱਚ ਬਿਕ੍ਰਮੀ ਕੈਲੰਡਰ ਪ੍ਰਚਲਤ ਸੀ। ਗਰੈਗੋਰੀਅਨ ਕੈਲੰਡਰ ਗੋਰਿਆਂ ਦੇ ਨਾਲ ਹੀ ਆਇਆ ਸੀ। ਗੋਰਿਆਂ ਨੇ ਆਪਣੀ ਸਹੂਲਤ ਲਈ ਸਤੰਬਰ 1752 ਈ. ਤੋਂ ਪਹਿਲੀਆਂ ਬਿਕ੍ਰਮੀ ਤਾਰੀਖ਼ਾਂ ਨੂੰ ਜੂਲੀਅਨ ਵਿੱਚ ਅਤੇ ਉਸ ਤੋਂ ਪਿਛੋਂ ਦੀਆਂ ਤਾਰੀਖ਼ਾਂ ਨੂੰ ਗਰੈਗੋਰੀਅਨ ਵਿੱਚ ਬਦਲੀ ਕਰKਕਰਵਾ ਲਿਆ। ਮਿਸਾਲ ਦੇ ਤੌਰ ਤੇ ਜਦੋਂ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਹੋਇਆ ਸੀ ਤਾਂ ਉਸ ਵੇਲੇ ਦੇ ਪ੍ਰਚੱਲਤ ਕੈਲੰਡਰਾਂ ਮੁਤਾਬਕ ਇਹ ਤਾਰੀਖ 23 ਪੋਹ ਜਾਂ ਪੋਹ ਸੁਦੀ 7 ਸੀ। ਜਦੋਂ ਇਸ ਤਾਰੀਖ ਨੂੰ ਜੂਲੀਅਨ ਕੈਲੰਡਰ ਵਿਚ ਬਦਲੀ ਕੀਤਾ ਗਿਆ ਤਾਂ ਇਹ 22 ਦਸੰਬਰ ਲਿਖੀ ਗਈ। ਫਰਜ਼ ਕਰੋ ਕਿ ਇੰਗਲੈਂਡ ਵਾਲੇ ਵੀ ਜੂਲੀਅਨ ਕੈਲੰਡਰ ਵਿੱਚ ਕੀਤੀ ਗਈ ਸੋਧ ਨੂੰ 1582 ਈ. ਵਿੱਚ ਹੀ ਪ੍ਰਵਾਨ ਕਰ ਲੈਂਦੇ ਤਾਂ ਇਹ ਤਾਰੀਖ ਗਰੈਗੋਰੀਅਨ ਕੈਲੰਡਰ ਵਿੱਚ ਲਿਖੀ ਜਾਣੀ ਸੀ ਜੋ 1 ਜਨਵਰੀ 1667 ਈ. ਹੋਣੀ ਸੀ। ਇਹ ਹੀ ਕਾਰਨ ਹੈ ਕਿ ਕਰਨਲ ਸੁਰਜੀਤ ਸਿੰਘ ਨਿਸ਼ਾਨ ਵਾਰ-ਵਾਰ ਇਹ ਕਹਿ ਰਿਹਾ ਹੈ ਕਿ ਗੁਰੂ ਜੀ ਦਾ ਜਨਮ ਦੀ ਤਾਰੀਖ 5 ਜਨਵਰੀ ਨੂੰ ਨਹੀ ਸਗੋਂ 1 ਜਨਵਰੀ ਬਣਦੀ ਹੈ।

ਅੱਜ ਬਹੁਤ ਸਾਰੇ ਵਿਦਵਾਨਾਂ ਵੱਲੋਂ ਆਪਣੀਆਂ ਲਿਖਤਾਂ ਵਿੱਚ ਅਸਲ ਤਾਰੀਖ਼ਾਂ ਲਿਖਣ ਦੀ ਬਜਾਏ, 1752 ਈ. ਤੋਂ ਪਹਿਲੀਆਂ ਤਾਰੀਖ਼ਾਂ ਨੂੰ ਜੂਲੀਅਨ ਕੈਲੰਡਰ ਵਿੱਚ ਹੀ ਲਿਖਿਆ ਗਿਆ ਹੈ। ਉਹ ਇਹ ਭੁੱਲ ਹੀ ਜਾਂਦੇ ਹਨ ਕਿ ਜੂਲੀਅਨ ਕੈਲੰਡਰ ਤਾਂ ਕਦੇ ਇੰਡੀਆ ਵਿਚ ਲਾਗੂ ਹੀ ਨਹੀਂ ਹੋਇਆ। ਸਵਾਲ ਪੈਦਾ ਹੁੰਦਾ ਹੈ ਜਿਹੜਾ ਕੈਲੰਡਰ ਕਦੇ ਲਾਗੂ ਹੀ ਨਹੀ ਹੋਇਆ, ਉਸ ਵਿਚ ਇਤਿਹਾਸ ਕਿਵੇਂ ਲਿਖਿਆ ਜਾ ਸਕਦਾ ਸੀ? ਮਿਸਾਲ ਦੇ ਤੌਰ ਤੇ, ਪਿਛਲੇ ਦਿਨੀ ਡਾ ਹਰਜਿੰਦਰ ਸਿੰਘ ਦਿਲਗੀਰ ਵੱਲੋਂ ਭੇਜਿਆ ਗਿਆ ਕੈਲੰਡਰ ਵੇਖੋ। ਉਸ ਵਿੱਚ ਸਾਰੀਆਂ ਤਾਰੀਖ਼ਾਂ ਹੀ ਅੰਗਰੇਜੀ ਕੈਲੰਡਰ ਮੁਤਾਬਕ, ਸਤੰਬਰ 1752 ਈ ਤੋਂ ਪਹਿਲੀਆਂ ਜੂਲੀਅਨ ਅਤੇ ਉਸ ਤੋਂ ਪਿਛੋਂ ਦੀਆਂ ਗਰੈਗੋਰੀਅਨ ਕੈਲੰਡਰ ਦੀਆਂ ਤਾਰੀਖ਼ਾਂ ਦਰਜ ਹਨ। ਗੁਰੂ ਨਾਨਕ ਜੀ ਦੇ ਜੋਤੀ ਜੋਤ ਸਮਾਉਣ ਦੀ ਤਾਰੀਖ 7 ਸਤੰਬਰ 1539 ਈ. ਦਰਜ ਹੈ। ਜੂਲੀਅਨ ਅਤੇ ਗਰੈਗੋਰੀਅਨ ਕੈਲੰਡਰ ਦੇ ਫਰਕ ਨੂੰ ਵੀ ਨਾ ਸਮਝਣ ਵਾਲਾ ਵਿਦਵਾਨ, ਨਾਨਕਸ਼ਾਹੀ ਕੈਲੰਡਰ ਨੂੰ ਸਿੱਖਾਂ ਨਾਲ ਸਦੀ ਦਾ ਸਭ ਤੋਂ ਵੱਡਾ ਧੋਖਾ ਕਰਾਰ ਦੇ ਰਿਹਾ ਹੈ।

| ਗੁਰੂ ਨਾਨਕ ਜੀ ਦਾ ਜੋਤੀ ਜੋਤ ਦਿਹਾੜਾ | | | |
|---|---|---|---|
| ਸਾਲ | ਡਾ ਦਿਲਗੀਰ | ਕਰਨਲ ਨਿਸ਼ਾਨ | ਅਨੁਰਾਗ ਸਿੰਘ |
| 2018 | 7 ਸਤੰਬਰ | 17 ਸਤੰਬਰ | 4 ਅਕਤੂਬਰ |
| 2019 | 7 ਸਤੰਬਰ | 17 ਸਤੰਬਰ | 24 ਸਤੰਬਰ |
| 2020 | 7 ਸਤੰਬਰ | 17 ਸਤੰਬਰ | 12 ਸਤੰਬਰ |
| 2021 | 7 ਸਤੰਬਰ | 17 ਸਤੰਬਰ | 1 ਅਕਤੂਬਰ |
| 2022 | 7 ਸਤੰਬਰ | 17 ਸਤੰਬਰ | 20 ਸਤੰਬਰ |

ਕਰਨਲ ਸੁਰਜੀਤ ਸਿੰਘ ਨਿਸ਼ਾਨ ਵੱਲੋਂ ਗੁਰੂ ਨਾਨਕ ਜੀ ਦੇ ਜੋਤੀ ਜੋਤ ਸਮਾਉਣ ਦੀ ਤਾਰੀਖ 8 ਅੱਸੂ (ਅੱਸੂ ਵਦੀ 10) ਸੰਮਤ 1596 ਬਿਕ੍ਰਮੀ ਨੂੰ ਸਿੱਧਾ ਹੀ ਗਰੈਗੋਰੀਅਨ ਕੈਲੰਡਰ ਵਿੱਚ ਤਬਦੀਲ ਕਰਕੇ, 17 ਸਤੰਬਰ ਕੱਢੀ ਗਈ ਹੈ। ਇਥੇ ਫੇਰ ਉਹੀ ਸਵਾਲ ਪੈਦਾ ਹੁੰਦਾ ਹੈ ਕਿ ਜਿਹੜੇ ਕੈਲੰਡਰ ਦਾ ਜਨਮ ਹੀ ਸਤੰਬਰ 1752 ਈ: ਵਿਚ ਹੁੰਦਾ ਹੈ ਉਸ ਵਿਚ ਗੁਰੂ ਨਾਨਕ ਜੀ ਦਾ ਇਤਿਹਾਸ ਕਿਵੇਂ ਲਿਖਿਆ ਜਾ ਸਕਦਾ ਹੈ। ਕਰਨਲ ਨਿਸ਼ਾਨ ਨਾਨਕਸ਼ਾਹੀ ਦੀਆਂ ਤਾਰੀਖ਼ਾਂ ਨੂੰ ਗਲਤ ਸਾਬਿਤ ਕਰਨ ਵੇਲੇ ਤਾਂ ਸਾਰੀਆਂ ਤਾਰੀਖ਼ਾਂ ਗਰੈਗੋਰੀਅਨ ਕੈਲੰਡਰ ਵਿੱਚ ਬਦਲੀ ਕਰਕੇ ਲਿਖਦਾ ਹੈ, "ਇਸੇ ਤਰ੍ਹਾਂ ਬਾਕੀ ਸਾਰੇ ਗੁਰਪੁਰਬਾਂ ਦਿਆਂ ਤਾਰੀਖ਼ਾਂ ਵਿਚ ਵੀ 4 ਤੋਂ 7 ਦਿਨਾਂ ਦੀ ਗਲਤੀ ਕੀਤੀ ਗਈ ਹੈ" (ਪੰਨਾ 24) ਇਥੇ ਇਕ ਹੋਰ ਸਵਾਲ ਪੈਦਾ ਹੁੰਦਾ ਹੈ ਕਿ ਗੁਰੂ ਨਾਨਕ ਜੀ ਦੇ ਜਨਮ ਦੀ ਤਾਰੀਖ ਗਰੈਗੋਰੀਅਨ ਮੁਤਾਬਕ 17 ਸਤੰਬਰ ਸਹੀ ਹੈ ਤਾਂ ਇਸੇ ਫਾਰਮੂਲੇ ਨਾਲ "ਖਾਲਸਾ ਸਾਜਨ ਦਿਵਸ" ਦੀ ਤਾਰੀਖ 8 ਅਪ੍ਰੈਲ ਕਿਉਂ ਨਹੀਂ? ਇਸ ਸਵਾਲ ਦਾ ਜਵਾਬ ਕਰਨਲ ਸੁਰਜੀਤ ਸਿੰਘ ਨਿਸ਼ਾਨ ਨੇ ਕਦੇ ਨਹੀ ਨਹੀਂ ਦਿੱਤਾ।

ਅਨੁਰਾਗ ਸਿੰਘ, ਜੋ ਕਿ ਨਾਨਕਸ਼ਾਹੀ ਕੈਲੰਡਰ ਦਾ ਕੱਟੜ ਵਿਰੋਧੀ ਹੈ। ਉਹ ਇਨ੍ਹਾਂ ਦੋਵਾਂ ਵਿਦਵਾਨਾਂ ਤੋਂ ਵੱਖਰੀ ਰਾਏ ਰੱਖਦਾ ਹੈ। ਉਸ ਮੁਤਾਬਕ ਗੁਰੂ ਨਾਨਕ ਜੀ ਦੇ ਜੋਤੀ ਜੋਤ ਸਮਾਉਣ ਦੀ ਤਾਰੀਖ ਅੱਸੂ ਵਦੀ 10 ਹੈ। ਇਹ ਚੰਦ ਦੇ ਕੈਲੰਡਰ, ਜਿਸ ਦੇ ਸਾਲ ਦੇ 354.37 ਦਿਨ ਹੁੰਦੇ ਹਨ, ਦੀ ਤਾਰੀਖ ਹੈ। ਹੁਣ ਜੇ ਇਸ ਨੂੰ ਮੁਖ ਰੱਖਿਆ ਜਾਵੇ ਤਾ ਇਹ ਦਿਹਾੜਾ ਪਿਛਲੇ ਸਾਲ ਤੋਂ 11 ਦਿਨ ਪਹਿਲਾ ਆਵੇਗਾ। ਇਥੇ ਇਕ ਹੋਰ ਸਮੱਸਿਆ ਆ ਜਾਂਦੀ ਹੈ ਉਹ ਇਹ ਕਿ ਜਦੋਂ ਚੰਦ ਦਾ ਸਾਲ ਸੂਰਜੀ ਸਾਲ ਤੋਂ ਇਕ ਸਾਲ ਵਿਚ 11, ਦੋ ਸਾਲ 22 ਅਤੇ ਤਿੰਨ ਸਾਲ ਵਿੱਚ 33 ਦਿਨ ਪਿਛੇ ਰਹਿ ਜਾਂਦਾ ਹੈ ਤਾ ਇਸ ਨੂੰ ਸੂਰਜੀ ਸਾਲ ਦੇ ਨੇੜੇ ਰੱਖਣ ਲਈ, ਇਸ ਵਿਚ ਇਕ ਹੋਰ ਮਹੀਨਾ ਜੋੜ ਦਿੱਤਾ ਜਾਂਦਾ ਹੈ। ਜਿਸ ਨੂੰ ਮਲ ਮਾਸ ਕਿਹਾ ਜਾਂਦਾ ਹੈ ਇਸ ਵਿਚ ਕੋਈ ਗੁਰਪੁਰਬ ਆਦਿ ਨਹੀਂ ਮਨਾਇਆ ਜਾਂਦਾ। ਯਾਦ ਰਹੇ ਇਸ ਸਾਲ ਚੰਦ ਦੇ ਸਾਲ ਦੇ 13 ਮਹੀਨੇ ਹਨ। ਜੇਠ ਦਾ ਮਹੀਨਾ ਦੋ ਵਾਰ (ਇਕ ਸ਼ੁਭ ਅਤੇ ਦੂਜਾ ਅਸ਼ੁਭ) ਆਇਆ ਸੀ। ਮਲ ਮਾਸ ਤੋਂ ਪਿਛੋਂ ਆਉਣ ਵਾਲੇ ਗੁਰਪੁਰਬ 18-19 ਦਿਨ ਪਛੜ ਕੇ ਆਉਂਦੇ ਹਨ।

ਇਹ ਹੈ ਤਿੰਨ ਵਿਦਵਾਨਾਂ ਵੱਲੋਂ ਸੁਝਾਈ ਗਈ ਇਕੋ ਤਾਰੀਖ ਭਾਵ ਗੁਰੂ ਨਾਨਕ ਜੀ ਦੇ ਜੋਤੀ ਜੋਤ ਸਮਾਉਣ ਦੇ ਦਿਹਾੜੇ ਦੀ ਤਾਰੀਖ। ਤਾਰੀਖ ਵਿਚ ਤਾਂ ਕੋਈ ਸਮਾਨਤਾ ਨਹੀ ਹੈ। ਹਾਂ ਇਨ੍ਹਾਂ ਤਿੰਨਾਂ 'ਚ ਇਕ ਸਮਾਨਤਾ ਜਰੂਰ ਹੈ ਕਿ ਇਹ ਤਿੰਨੇ ਹੀ ਨਾਨਕਸ਼ਾਹੀ ਕੈਲੰਡਰ ਦੇ ਵਿਰੋਧੀ ਹਨ।

ਕੈਲੰਡਰ ਕਮੇਟੀ ਵੱਲੋਂ ਕੀਤੇ ਗਏ ਫੈਸਲੇ ਮੁਤਾਬਕ, "ਤਿੱਥਾਂ ਨੂੰ ਨਾਨਕਸ਼ਾਹੀ ਕੈਲੰਡਰ ਵਿੱਚ ਬਦਲਣ ਲਈ ਅੰਗਰੇਜੀ ਤਾਰੀਖ਼ਾਂ ਨੂੰ ਨਹੀ ਪ੍ਰਵਿਸ਼ਟਿਆਂ ਨੂੰ ਮੁੱਖ ਰੱਖਿਆ ਜਾਵੇਗਾ"। ਗੁਰੂ ਨਾਨਕ ਜੀ ਦੇ ਜੋਤੀ ਜੋਤ ਸਮਾਉਣ ਦੀ ਅਸਲ ਤਾਰੀਖ 8 ਅੱਸੂ ਨੂੰ ਮੁਖ ਰੱਖਿਆ ਗਿਆ ਹੈ। ਜੋ ਕੇ ਹਰ ਸਾਲ 22 ਸਤੰਬਰ ਨੂੰ ਹੀ ਆਵੇਗੀ। ਇਸੇ ਤਰ੍ਹਾਂ ਹੀ ਬਾਕੀ ਤਾਰੀਖ਼ਾਂ ਨਿਰਧਾਰਿਤ ਕੀਤੀਆਂ ਗਈਆਂ ਹਨ।

ਸ਼੍ਰੋਮਣੀ ਕਮੇਟੀ ਦਾ ਆਲਮ ਹੀ ਨਿਰਾਲਾ ਹੈ। ਉਸ ਵੱਲੋਂ ਛਾਪੇ ਜਾਂਦੇ ਕੈਲੰਡਰ ਵਿਚ ਗੁਰੂ ਸਾਹਿਬ ਨਾਲ ਸਬੰਧਿਤ ਦਿਹਾੜੇ, ਵਦੀ-ਸੁਦੀ ਮੁਤਾਬਕ, ਵਿਸਾਖੀ, ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਅਤੇ ਹੋਰ ਇਤਿਹਾਸ ਦਿਹਾੜੇ ਪ੍ਰਵਿਸ਼ਟਿਆਂ ਮੁਤਾਬਕ ਅਤੇ ਕੁਝ ਦਿਹਾੜੇ ਗਰੈਗੋਰੀਅਨ ਕੈਲੰਡਰ ਮੁਤਾਬਕ ਦਰਜ ਕੀਤੇ ਜਾਂਦੇ ਹਨ। ਵਾਰ-ਵਾਰ ਬੇਨਤੀਆਂ ਕਰਨ ਤੇ ਵੀ ਤਿੰਨ ਵੱਖ-ਵੱਖ ਕੈਲੰਡਰਾਂ ਦਾ ਮਿਲਗੋਭਾ ਕੈਲੰਡਰ ਤਿਆਰ ਦੇ ਕਰਨ ਸਬੰਧੀ, ਸ਼੍ਰੋਮਣੀ ਕਮੇਟੀ ਨੇ ਕਦੇ ਜਾਣਕਾਰੀ ਦੇਣ ਦੀ ਖੇਚਲ ਨਹੀਂ ਕੀਤੀ। ਜਦੋਂ ਕਿ ਨਿਜੀ ਗੱਲ ਬਾਤ ਵਿੱਚ ਕੁਝ ਅਧਿਕਾਰੀ, ਜੋ ਇਸ ਵਰਤਾਰੇ ਨੂੰ ਸਮਝਦੇ ਹਨ, ਆਪਣੀ ਮਜ਼ਬੂਰੀ ਹੀ ਜਾਹਿਰ ਕਰਦੇ ਹਨ। ਸ਼੍ਰੋਮਣੀ ਕਮੇਟੀ ਵੱਲੋਂ ਨਾਨਕਸ਼ਾਹੀ ਕੈਲੰਡਰ ਨੂੰ ਸੰਮਤ 535 ਨਾਨਕਸ਼ਾਹੀ/2003 ਈ: ਵਿੱਚ ਲਾਗੂ ਕੀਤਾ ਗਿਆ ਸੀ। ਅਤੇ 2010 ਈ: ਤੋਂ ਮੁੜ ਚੰਦਰ-ਸੂਰਜੀ ਬਿਕ੍ਰਮੀ ਕੈਲੰਡਰ ਲਾਗੂ ਕਰ ਦਿੱਤਾ ਗਿਆ ਸੀ। ਹੁਣ ਸ਼੍ਰੋਮਣੀ ਕਮੇਟੀ ਨੂੰ ਹਰ ਸਾਲ ਕੋਈ ਨਾ ਕੋਈ ਤਾਰੀਖ ਬਦਲਣੀ ਪੈ ਰਹੀ ਹੈ। ਇਸੇ ਸਾਲ ਹੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਗੁਰਗੱਦੀ ਦਿਹਾੜੇ ਦੀ ਤਾਰੀਖ ਬਦਲੀ ਕੀਤੀ ਗਈ ਸੀ। ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ 'ਤੇ ਪਾਕਿਸਤਾਨ ਜੱਥਾ ਭੇਜਣ ਲਈ ਹਰ ਸਾਲ ਸਮੱਸਿਆ ਦਾ ਸਾਹਮਣਾ ਕਰਨਾ ਪੈਂਦਾ ਹੈ। ਹੈਰਾਨੀ ਦੀ ਗੱਲ ਹੈ ਕਿ ਨਾ ਤਾਂ ਸ਼੍ਰੋਮਣੀ ਕਮੇਟੀ ਅਤੇ ਨਾ ਹੀ ਉਪ੍ਰੋਕਤ ਤਿੰਨਾ ਵਿਚੋਂ ਕੋਈ ਵਿਦਵਾਨ, ਇਸ ਸਮੱਸਿਆ ਦੇ ਹਲ ਲਈ ਅੱਗੇ ਆ ਰਿਹਾ ਹੈ। ਹਾਂ "ਵਿਰੋਧ ਦਾ ਛੁਣਛੁਣਾ" ਖੜਕਾਉਣ ਦੇ ਆਪਣੇ ਅਧਿਕਾਰ ਦੀ ਖੂਬ ਵਰਤੋ ਕਰ ਰਹੇ ਹਨ।

ਜਦੋਂ ਇਤਿਹਾਸ ਤੇ ਨਜ਼ਰ ਮਾਰਦੇ ਹਾਂ ਤਾਂ ਵੇਖਦੇ ਹਾਂ ਕਿ ਸਾਡੇ ਕਈ ਮਸਲੇ ਦਹਾਕਿਆਂ ਤੋਂ ਉਲਝੇ ਪਏ ਹਨ, ਜਿਵੇ ਰਾਗ ਮਾਲਾ, ਮੰਗਲਾਚਰਨ ਆਦਿ। ਇਹ ਕਿਉ ਉਲਝੇ? ਇਨ੍ਹਾਂ ਦਾ ਕਾਰਨ ਵੱਖ-ਵੱਖ ਵਿਦਵਾਨਾਂ ਵੱਲੋਂ ਵੱਖ-ਵੱਖ ਦੱਸਿਆ ਜਾਂਦਾ ਹੈ। ਕੈਲੰਡਰ ਦੇ ਮਸਲੇ ਨੂੰ ਮੈਂ ਅਕਤੂਬਰ 2009 ਤੋਂ, ਜਦੋਂ ਇਹ ਖ਼ਬਰ ਆਈ ਸੀ ਕਿ ਦੇਸ਼-ਵਿਦੇਸ਼ ਦੀਆਂ ਸੰਗਤਾਂ ਦੀ ਮੰਗ ਤੇ ਨਾਨਕਸ਼ਾਹੀ ਕੈਲੰਡਰ ਵਿਚ ਸੋਧਾਂ ਕਰਨ ਲਈ ਦੋ ਮੈਂਬਰੀ ਕਮੇਟੀ ਦਾ ਗਠਣ ਕੀਤਾ ਜਾਂਦਾ ਹੈ, ਬਹੁਤ ਹੀ ਨੀਝ ਨਾਲ ਵੇਖ ਰਿਹਾ ਹਾਂ। ਇਸੇ ਦੌਰਾਨ ਹੀ ਮੈਂ ਕੈਲੰਡਰ ਬਾਰੇ ਮੁੱਢਲੀ ਜਾਣਕਾਰੀ ਹਾਸਿਲ ਕੀਤੀ ਹੈ। ਨਾਨਕਸ਼ਾਹੀ ਕੈਲੰਡਰ ਦੇ ਨਿਰਮਾਤਾ ਪਾਲ ਸਿੰਘ ਪੁਰੇਵਾਲ ਅਤੇ ਕਰਨਲ ਸੁਰਜੀਤ ਸਿੰਘ ਨਿਸ਼ਾਨ ਦੀਆਂ ਲਿਖਤਾਂ ਪੜੀਆਂ ਅਤੇ ਵੀ ਡੀ ਓ ਵੇਖੀਆਂ, ਡਾ ਹਰਜਿੰਦਰ ਸਿੰਘ ਦਿਲਗੀਰ ਦੇ ਇਤਰਾਜ਼ ਪੜ੍ਹੇ ਅਤੇ ਉਸ ਦੇ ਸਾਰੇ ਸਵਾਲਾਂ ਦੇ ਜਵਾਬ ਵੀ ਦਿੱਤੇ। ਸਮੇਂ-ਸਮੇਂ ਇਨ੍ਹਾਂ ਵਿਦਵਾਨਾਂ ਨਾਲ ਨਿੱਜੀ ਸੰਪਰਕ ਵੀ ਕੀਤਾ। ਪਿਛਲੇ ਸਾਲ ਜੁਲਾਈ ਵਿਚ ਸਿਆਟਲ ਦੀਆਂ ਸੰਗਤਾਂ ਵੱਲੋਂ ਕਰਵਾਏ ਸੈਮੀਨਾਰ ਤੋਂ ਪਿਛੋਂ ਅਨੁਰਾਗ ਸਿੰਘ ਦੀਆਂ ਲਿਖਤਾਂ ਪੜ੍ਹਨ ਅਤੇ ਸਵਾਲ ਜਵਾਬ ਕਰਨ ਦਾ ਮੌਕਾ ਵੀ ਬਣਿਆ। ਪਰ! ਬੜੇ ਦੁਖ ਨਾਲ ਲਿਖਣਾ ਪੈ ਰਿਹਾ ਹੈ ਕਿ ਡਾ: ਦਿਲਗੀਰ ਅਤੇ ਅਨੁਰਾਗ ਸਿੰਘ ਵੱਲੋਂ, ਵਿਚਾਰ ਕਰਨ ਦੀ ਬਜਾਏ, ਫੇਸਬੁਕ ਉਪਰ ਮੇਰੇ ਤੇ ਪਾਬੰਦੀ ਲਾ ਦਿੱਤੀ ਗਈ। ਉਥੇ ਹੀ ਦੂਜਿਆਂ ਪ੍ਰਤੀ ਮੰਦੀ ਭਾਸ਼ਾ ਵਰਤਣ ਦੀ ਸਮਾਨਤਾ ਵੀ ਇਨ੍ਹਾਂ ਦੋਵਾਂ ਵਿੱਚ ਵੇਖੀ ਗਈ ਹੈ। ਕਰਨਲ ਸੁਰਜੀਤ ਸਿੰਘ ਨਿਸ਼ਾਨ ਨਾਲ, ਟੈਲੀਫ਼ੋਨ ਉਪਰ ਅਤੇ ਲਿਖਤ-ਪੜਤ ਵੇਲੇ ਬੜੇ ਪਿਆਰ ਸਤਿਕਾਰ ਨਾਲ ਗੱਲ ਬਾਤ ਹੁੰਦੀ ਰਹੀ ਹੈ ਪਰ ਅਸਲ ਸਮੱਸਿਆ ਦੇ ਹਲ ਲਈ ਉਹ ਵੀ ਕਦੇ ਅੱਗੇ ਨਹੀ ਆਏ। ਪਿਛਲੇ ਕਈ ਸਾਲਾਂ ਦੇ ਤਜਰਬੇ ਦੇ ਅਧਾਰ ਤੇ ਜਿਸ ਵਿੱਚ ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਨਾਲ ਹੋਈ ਗੱਲਬਾਤ ਵੀ ਸ਼ਾਮਿਲ ਹੈ, ਮੈਂ ਇਹ ਕਹਿ ਸਕਦਾ ਹਾਂ ਕਿ ਕੈਲੰਡਰ ਦਾ ਮਸਲਾ ਸੋਚੀ ਸਮਝੀ ਸਾਜ਼ਿਸ਼ ਤਹਿਤ ਉਲਝਾਇਆ ਗਿਆ ਹੈ। ਨਾਨਕਸ਼ਾਹੀ ਕੈਲੰਡਰ ਨੂੰ ਵਿਦਵਾਨਾਂ ਵੱਲੋਂ ਲਗਾਤਾਰ ਕਈ ਸਾਲ ਵਿਚਾਰ ਚਰਚਾ ਕਰਨ ਉਪ੍ਰੰਤ ਤਿਆਰ ਕੀਤਾ ਸੀ। ਸ਼੍ਰੋਮਣੀ ਕਮੇਟੀ ਵੱਲੋਂ ਲਾਗੂ ਕਰਨ ਉਪ੍ਰੰਤ ਦੁਨੀਆਂ ਭਰ ਦੇ ਸਿਖਾਂ ਨੇ ਇਸ ਨੂੰ ਪ੍ਰਵਾਨ ਕੀਤਾ। ਪਰ ਅਚਾਨਕ, ਸ਼੍ਰੋਮਣੀ ਕਮੇਟੀ ਵੱਲੋਂ ਹੀ ਇਸ ਨੂੰ ਉਲਝਾ ਦਿੱਤਾ ਗਿਆ। ਸੁਹਿਰਦ ਪੰਥ ਦਰਦੀਆਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ, ਇਸ ਤੋਂ ਪਹਿਲਾ ਕਿ ਕੈਲੰਡਰ ਦੀ ਸਮੱਸਿਆ ਹੋਰ ਉਲਝ ਜਾਵੇ, ਆਓ ਰਲ-ਮਿਲ ਕੇ ਇਸ ਨੂੰ ਸੁਲਝਾਉਣ ਦਾ ਯਤਨ ਆਰੰਭੀਏ।

# ਕਲਾ ਅਤੇ ਅਧਿਆਪਨ ਦਾ ਸੁਮੇਲ : ਮਾਸਟਰ ਅਸ਼ੋਕ ਕੁਮਾਰ



ਮੇਜਰ ਸਿੰਘ ਨਾਭਾ
91-94635-53962

ਵਿੱਦਿਆ ਮਨੁੱਖ ਦਾ ਤੀਜਾ ਨੇਤਰ ਹੁੰਦਾ ਹੈ।ਵਿੱਦਿਆ ਦੇਣ ਦਾ ਕੰਮ ਅਧਿਆਪਕ ਦੇ ਜ਼ਿੰਮੇ ਹੈ। ਇਸ ਜ਼ਿੰਮੇਵਾਰੀ ਨੂੰ ਬਾਖੂਬੀ ਨਿਭਾਉਂਦੇ ਹੋਏ ਸ੍ਰੀ ਅਸ਼ੋਕ ਕੁਮਾਰ ਕੁਮਾਰ ਪੰਜਾਬੀ ਮਾਸਟਰ ਸਰਕਾਰੀ ਮਿਡਲ ਸਕੂਲ ਡਕੌਂਦਾ ਜਿਲ੍ਹਾ ਪਟਿਆਲਾ ਤੋਂ 30 ਜੂਨ 2018 ਨੂੰ ਰਿਟਾਇਰ ਹੋ ਚੁੱਕੇ ਹਨ। ਇਹਨਾਂ ਦਾ ਜਨਮ ਪਿੰਡ ਚਰਨਾਥਲ ਕਲਾਂ ਜਿਲ੍ਹਾ ਪਟਿਆਲਾ ਵਿਖੇ 5 ਜੂਨ 1958 ਨੂੰ ਮਾਤਾ ਸ੍ਰੀਮਤੀ ਸੀਤਾ ਦੇਵੀ ਜੀ ਦੀ ਕੁੱਖ ਤੋਂ ਹੋਇਆ। ਆਪ ਦੇ ਪਿਤਾ ਸ੍ਰੀ ਰਾਮ ਸਰੂਪ ਬਤੌਰ ਹੋਲਦਾਰ ਦਿੱਲੀ ਪੁਲਿਸ ਵਿੱਚ ਸੇਵਾਵਾਂ ਨਿਭਾ ਕੇ ਰਿਟਾਇਰ ਹੋ ਚੁੱਕੇ ਹਨ । ਅਸ਼ੋਕ ਕੁਮਾਰ ਨੇ ਆਪਣੀ ਮੁੱਢਲੀ ਸਿੱਖਿਆ ਆਪਣੇ ਹੀ ਪਿੰਡ ਦੇ ਸਰਕਾਰੀ ਸਕੂਲ ਤੋਂ 1974 ਵਿੱਚ ਮੈਟ੍ਰਿਕ ਦੀ ਪ੍ਰੀਖਿਆ ਪਾਸ ਕਰਕੇ ਪ੍ਰਾਪਤ ਕੀਤੀ। ਇਸ ਦੌਰਾਣ ਇਨ੍ਹਾਂ ਨੇ ਅਧਿਆਪਕ ਬਣਨ ਦਾ ਸੁਪਨਾ ਲਿਆ ਅਤੇ ਨਾਭੇ ਦੀ ਸਰਕਾਰੀ ਆਰਟ ਐਂਡ ਕਰਾਫਟ ਟੀਚਰ ਟ੍ਰੇਨਿੰਗ ਸੰਸਥਾ ਤੋਂ 1977 ਵਿੱਚ ਦੋ ਸਾਲਾ ਟੀਚਰਜ਼ ਟ੍ਰੇਨਿੰਗ ਪ੍ਰਾਪਤ ਕਰ ਲਈ। ਇਸ ਉਪਰੰਤ ਸਰਕਾਰੀ ਰਿਪੂਦਮਨ ਕਾਲਜ ਨਾਭਾ ਤੋਂ ਬੀ.ਏ. ਕਰਨ ਤੋਂ ਬਾਅਦ ਪ੍ਰਾਈਵੇਟ ਅਡੀਸ਼ਨਲ ਬੀ.ਏ. ਫਾਈਨ ਆਰਟਸ ਵਿਸ਼ੇ ਲੈ ਕੇ ਉਚੇਰੀ ਵਿੱਦਿਆ ਹਾਸਿਲ ਕੀਤੀ ਕਿਉਂ ਕਿ ਆਪਦੇ ਅੰਦਰ ਕੋਮਲ ਕਲਾਵਾਂ ਦਾ ਵਾਸਾ ਹੋ ਚੁੱਕਿਆ ਸੀ। ਕਾਲਜ ਵਿੱਚ ਪੜ੍ਹਦੇ ਸਮੇਂ ਇੰਟਰ ਯੂਨੀਵਰਸਿਟੀ ਪੇਂਟਿੰਗ ਨੁਮਾਇਸ਼ ਵਿੱਚ ਗੋਲਡ ਮੈਡਲਿਸਟ ਦਾ ਖਿਤਾਬ ਪ੍ਰਾਪਤ ਕੀਤਾ ਅਤੇ ਕਮਰਸ਼ੀਅਲ ਆਰਟ ਦੇ ਤਿੰਨ ਸਟੇਟਾਂ ਦੇ ਮੁਕਾਬਲੇ ਵਿੱਚ ਭਾਗ ਲੈਣ ਉਪਰੰਤ ਪਹਿਲਾ ਇਨਾਮ ਪ੍ਰਾਪਤ ਕੀਤਾ। ਆਪ ਨੇ ਯੂਥ ਲੀਡਰਸ਼ਿਪ ਟ੍ਰੇਨਿੰਗ ਕੈਂਪ ਵਿੱਚ ਵੀ ਦੋ ਵਾਰ ਭਾਗ ਲਿਆ। ਪੰਜਾਬੀ ਯੂਨੀਵਰਸਿਟੀ ਵਲੋਂ ਉਲੀਕੇ ਪਹਾੜ ਚੜ੍ਹਨ ਦਾ 150 ਕਿ:ਮੀ: ਦਾ ਸਫਰ ਆਪ ਨੇ ਵਾਇਆ ਮੋਲਾਨਾ/ਚੰਦਰਖਨੀ ਪਾਸ ਰਾਹੀਂ ਸਫਲਤਾ ਪੂਰਵਕ ਤਹਿ ਕੀਤਾ। ਉਚੇਰੀ ਸਿੱਖਿਆ ਪ੍ਰਾਪਤ ਕਰਦੇ ਸਮੇਂ ਕਮਰਸ਼ੀਅਲ ਆਰਟ ਦੀਆਂ ਬਾਰੀਕੀਆਂ ਸਿੱਖ ਕੇ ਆਪਣੇ ਬਲਬੂਤੇ ਤੇ ਖੜ੍ਹ ਕੇ ਅੱਗੇ ਵੱਧਣ ਦੀ ਚਾਹਤ ਨੇ ਆਪਨੂੰ ਕਲਾ ਨੂੰ ਰੁਜ਼ਗਾਰ ਦੇ ਸਾਧਨ ਵਜੋਂ ਵਰਤਣ ਲਾ ਦਿੱਤਾ। ਕੰਬਾਈਨ ਨਗਰੀ ਭਾਦਸੋਂ ਅਤੇ ਆਲੇ ਦੁਆਲੇ ਦੇ ਏਰੀਏ ਵਿੱਚ ਅਸੋਕ ਕੁਮਾਰ ਦੇ ਦੁਕਾਨਾਂ ਤੇ ਲਿਖੇ ਬੋਰਡਾਂ ਦਾ ਨਾਂ ਚਲਣ ਲੱਗ ਪਿਆ ਸੀ, ਕੰਬਾਈਨਾਂ ਉੱਪਰ ਲਿਖਾਈ ਦਾ ਕੰਮ ਵੀ ਆਪ ਨੇ ਵਾਹਵਾ ਕੀਤਾ। ਉਸ ਸਮੇਂ ਕੰਪਿਊਟਰ ਡਜ਼ਾਇਨਿੰਗ ਸਟਿਕਰਾਂ ਅਤੇ ਫਲੈਕਸ ਬੋਰਡਾਂ ਦਾ ਦੌਰ ਅਜੇ ਚੱਲਿਆ ਨਹੀਂ ਸੀ। ਆਪ ਨੇ ਇਹ ਕੰਮ ਅਧਿਆਪਕ ਦੀ ਨੌਕਰੀ ਮਿਲਣ ਤੱਕ ਪੂਰੀ ਲਗਨ ਨਾਲ ਕੀਤਾ।



ਅਧਿਆਪਨ ਖੇਤਰ ਵਿੱਚ ਸ਼੍ਰੀ ਅਸ਼ੋਕ ਕੁਮਾਰ ਨੇ ਬਤੌਰ ਆਰਟ/ਕਰਾਫਟ ਅਧਿਆਪਕ 26 ਮਈ 1988 ਨੂੰ ਸਰਕਾਰੀ ਹਾਈ ਸਕੂਲ ਰਾਏਧਰਾਣਾ (ਸੰਗਰੂਰ) ਤੋਂ ਸੇਵਾ ਸ਼ੁਰੂ ਕੀਤੀ । ਘਰ ਦੇ ਨੇੜੇ ਆਪ ਨੇ ਜਿਲ੍ਹਾ ਪਟਿਆਲਾ ਦੇ ਸ. ਮਿ. ਸ. ਮਟੋਰਡਾ ਵਿਖੇ 1994 ਵਿੱਚ ਬਦਲੀ ਕਰਵਾ ਲਈ। ਸੇਵਾ ਦੌਰਾਨ ਆਪ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਬੀ.ਐੱਡ ਅਤੇ ਐਮ.ਐੱਡ. ਦੀ ਪੜ੍ਹਾਈ ਕਰ ਲਈ। ਸਿੱਧੀ ਭਰਤੀ ਰਾਹੀਂ ਆਪ ਨੇ 14 ਜਨਵਰੀ 1997 ਨੂੰ ਤਰੱਕੀ ਲੈਣ ਉਪਰੰਤ ਬਤੌਰ ਪੰਜਾਬੀ ਮਾਸਟਰ ਵਜੋਂ ਸ. ਮਿ. ਸ. ਡਕੌਂਦਾ ਵਿੱਚ ਹਾਜ਼ਰੀ ਦਿੱਤੀ। ਇਥੇ ਹੀ ਆਪ ਨੇ ਸੇਵਾ ਮੁਕਤੀ ਤੱਕ ਈਮਾਨਦਾਰੀ ਅਤੇ ਦ੍ਰਿੜ ਇਰਾਦੇ ਨਾਲ ਸਖਤ ਮਿਹਨਤ ਨਾਲ ਸਕੂਲ ਇੰਚਾਰਜ ਵਜੋਂ ਸੇਵਾ ਨਿਭਾਈ ਉਤੇ ਬੱਚਿਆਂ ਨੂੰ ਹਮੇਸ਼ਾਂ ਆਪਣੀ ਬੁੱਕਲ ਦਾ ਨਿੱਘ ਦਿੰਦੇ ਰਹੇ ਹਨ। ਬੱਚਿਆਂ ਦਾ ਉਨ੍ਹਾਂ ਪ੍ਰਤੀ ਸਤਿਕਾਰ ਅਤੇ ਪਿਆਰ ਇਸੇ ਗੱਲ ਦੀ ਗਵਾਹੀ ਭਰਦਾ ਹੈ। ਆਪ ਨੇ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਸਕੂਲ ਦੇ ਵਿਕਾਸ ਲਈ ਤਕਰੀਬਨ 3 ਲੱਖ ਰੁਪਏ ਖਰਚ ਕੇ ਸਕੂਲ ਦੀ ਨੁਹਾਰ ਬਦਲਣ ਦਾ ਹੰਭਲਾ ਮਾਰਿਆ। ਉਨ੍ਹਾਂ ਨੂੰ ਕਈ ਵਾਰੀ ਮਹਿਕਮੇ ਵਲੋਂ ਕਰਵਾਏ ਜਾਂਦੇ ਵਿੱਦਿਅਕ ਮੁਕਾਬਲਿਆਂ ਵਿੱਚ ਬਤੌਰ ਜੱਜ ਜਾਣ ਦਾ ਸ਼ੁਭਾਗ ਪ੍ਰਾਪਤ ਹੋਣ ਦਾ ਮਾਣ ਹੈ।ਆਪ ਨੇ ਡਰਾਇੰਗ ਅਧਿਆਪਕਾਂ ਦੇ ਸੈਮੀਨਾਰਾਂ ਵਿੱਚ ਮਹਿਕਮੇ ਵਲੋਂ ਆਪਦੀ ਕਾਬਲੀਅਤ ਕਰਕੇ ਦਿੱਤੀ ਰਿਸੋਰਸ ਪਰਸਨ ਦੀ ਸੇਵਾ ਵੀ ਸਫਲਤਾ ਪੂਰਵਕ ਨਿਭਾਈ ਹੈ ਕਿਉਂਕਿ ਆਪ ਨੂੰ ਕਲਾ ਦੀਆਂ ਬਾਰੀਕੀਆਂ ਦਾ ਅਥਾਹ ਗਿਆਨ ਹੈ।ਆਪਨੇ ਜਿਲ੍ਹਾ ਸਿੱਖਿਆ ਦਫਤਰ ਪਟਿਆਲਾ ਵਿਖੇ ਗਾਈਡੈਂਸ ਕੌਂਸਲਿੰਗ ਵਿੰਗ ਵਿੱਚ ਕਲਾ ਨਾਲ ਸਬੰਧਤ ਸੇਵਾਵਾਂ ਵੀ ਨਿਭਾਈਆਂ ਹਨ।

ਅਸ਼ੋਕ ਕੁਮਾਰ ਇੱਕ ਅਧਿਆਪਕ ਹੋਣ ਦੇ ਨਾਲ-ਨਾਲ ਇੱਕ ਵਧੀਆ ਕਲਾਕਾਰ ਵੀ ਹਨ। ਇਨਾਂ ਨੂੰ ਪੇਂਟਿੰਗਾਂ ਬਣਾਉਣ ਦਾ ਸੌਕ ਹੈ। ਇਹ ਇੱਕ ਸਪੱਸ਼ਟ ਜਿਹੇ ਇਨਸਾਨ ਹਨ ਜੋ ਗੱਲਾਂ ਵਿੱਚ ਘੱਟ ਤੇ ਕੰਮ ਵਿੱਚ ਜਿਆਦਾ ਵਿਸ਼ਵਾਸ ਰੱਖਦੇ ਹਨ।

ਉਨ੍ਹਾਂ ਨੇ ਆਪਣੀ ਸਰਵਿਸ ਦੌਰਾਣ ਸਮਾਜ ਦੀ ਬੇਹਤਰ ਉਸਾਰੀ ਲਈ ਬੇਖ਼ੌਫ ਹੋ ਕੇ ਕੰਮ ਕੀਤਾ। ਇਨ੍ਹਾਂ ਨੇ 30 ਸਾਲ 1 ਮਹੀਨਾ 5 ਦਿਨ ਦੀ ਬੇਦਾਗ ਸੇਵਾ ਵੱਖੋ-ਵੱਖਰੇ ਸਕੂਲਾਂ ਵਿੱਚ ਨਿਭਾਈ ਹੈ। ਸਿੱਖਿਆ ਮਹਿਕਮੇ ਦੇ ਸੁਸਤ ਚਾਲ ਕੰਮਾਂ ਅਤੇ ਅਦਾਲਤੀ ਚੱਕਰਾਂ ਕਾਰਨ ਤਿੰਨ ਦਿਨਾਂ ਕਰਕੇ ਹੀ ਲੈਕਚਰਾਰ ਦੀ ਤਰੱਕੀ ਤੋਂ ਆਪ ਬਾਂਝੇ ਰਹਿ ਗਏ ਨਹੀਂ ਤਾਂ ਆਪ ਨੇ ਲੈਕਚਰਾਰ ਸੇਵਾ ਮੁਕਤ ਹੋਣਾ ਸੀ। ਇਹਨਾਂ ਦੀ ਸ਼ਾਦੀ ਇੰਦੂ ਸਰਮਾ (ਦਿੱਲੀ) ਨਾਲ 1986 ਵਿੱਚ ਹੋਈ।ਇਨ੍ਹਾਂ ਦੀਆਂ ਤਿੰਨ ਬੇਟੀਆਂ ਨੂਰਾਨੀ ਐਮ.ਏ.,ਬੀ.ਐੱਡ.,ਆਕ੍ਰਿਤੀ ਐਮ.ਏ (ਅਰਥਸਾਸ਼ਤਰ) ਜੋ ਕਿ ਵਿਆਹ ਬੰਧਨ ਵਿੱਚ ਬੱਝ ਚੁੱਕੀਆਂ ਹਨ ਅਤੇ ਸ੍ਰਿਸ਼ਟੀ +2 (ਮੈਡੀਕਲ) ਕਰ ਰਹੀ ਹੈ।ਅੱਜ ਦੇ ਸਮਾਜ ਵਿੱਚ ਲੜਕੀਆ ਪ੍ਰਤੀ ਵਿਤਕਰੇ ਦੀ ਸੋਚ ਤੋਂ ਕੋਹਾਂ ਦੂਰ ਹੋ ਕੇ ਬੇਟੀਆਂ ਨੂੰ ਹਰ ਪੱਧਰ ਤੇ ਸਹੂਲਤਾਂ ਦੇ ਕੇ ਉਚੇਰੀ ਸਿੱਖਿਆ ਦੇਣ ਦਾ ਸੰਕਲਪ ਪੂਰਾ ਕੀਤਾ ਹੈ।

ਆਪ ਸਾਹਿਤਕ ਰੁਚੀਆਂ ਦੇ ਧਾਰਨੀ ਹੋਣ ਕਾਰਨ ਸਾਹਿਤਕ ਸਭਾਵਾਂ ਨਾਲ ਵੀ ਜੁੜੇ ਹੋਏ ਹਨ। ਆਪ ਆਸਰਾ ਵੈਲਫੇਅਰ ਕਲੱਬ ਦੇ ਮੈਂਬਰ ਅਤੇ ਬ੍ਰਾਹਮਣ ਸਭਾ ਭਾਦਸੋਂ ਦੇ ਜਨਰਲ ਸਕੱਤਰ ਵੀ ਹਨ। ਪ੍ਰਮਾਤਮਾ ਕਰੇ ਉਹ ਇਸੇ ਤਰ੍ਹਾਂ ਸਮਾਜ ਦੀ ਸੇਵਾ ਕਰਦੇ ਰਹਿਣ।

# ਇੱਕੀਵੀਂ ਸਦੀ ਵਿੱਚ ਚੌਦਵੀਂ ਨਹੀਂ ਚੱਲ ਸਕਦੀ

ਅੰਗ-ਸੰਗ



ਸ਼ਾਮ ਸਿੰਘ
98141-13338

**ਲੱਗਦਾ ਹੈ ਕਿ ਔਰੰਗਜ਼ੇਬ ਦੀ ਰੂਹ ਰੋਕਣ ਵਾਲਿਆਂ ਵਿੱਚ ਆ ਵੜੀ, ਜਿਸ ਨੇ ਹਰ ਕਿਸਮ ਦੇ ਹਿੰਦੂਆਂ ’ਤੇ ਇਸ ਤਰ੍ਹਾਂ ਦੀਆਂ ਪਾਬੰਦੀਆਂ ਲਾ ਦਿੱਤੀਆਂ ਸਨ ਅਤੇ ਕੋਈ ਤੋੜਨ ਦਾ ਹੌਸਲਾ ਨਹੀਂ ਸੀ ਕਰਦਾ। ਹੌਸਲਾ ਕਿਸੇ ਸਦੀ ਦਾ ਰਾਖਵਾਂ ਨਹੀਂ, ਕਿਉਂਕਿ ਮੁਗਲਾਂ ਦੇ ਸਮੇਂ ਵੀ ਗੁਰੂ ਗੋਬਿੰਦ ਸਿੰਘ ਨੇ ਬੰਦਸ਼ਾਂ ਨਹੀਂ ਸੀ ਮੰਨੀਆਂ, ਸਗੋਂ ਬਹਾਦਰੀ ਨਾਲ ਉਨ੍ਹਾਂ ਨੂੰ ਭਜਾਈ ਰੱਖਿਆ। ਆਪਣੇ ਹੀ ਮੁਲਕ ਵਿੱਚ ਸਵਰਗ ਦੀ ਧਰਤੀ ਕਹੇ ਜਾਂਦੇ ਕਸ਼ਮੀਰ ਵਿੱਚ ਪੰਡਤਾਂ ਨੂੰ ਖਦੇੜਿਆ ਅਤੇ ਘਰੋਂ ਬੇਘਰ ਕਰ ਕੇ ਰੱਖ ਦਿੱਤਾ। ਫੇਰ ਉਥੋਂ ਹੀ ਸਿੱਖਾਂ ਨੂੰ ਉਜਾੜਿਆ। ਦੰਗਿਆਂ ’ਚ ਕਿੰਨੇ ਸਿੱਖ ਸਾੜ ਦਿੱਤੇ।**

ਲੱਗਦਾ ਨਹੀਂ ਕਿ ਇਹ ਇੱਕੀਵੀਂ ਸਦੀ ਹੈ ਅਤੇ ਅਸੀਂ ਇਸ ਵਿੱਚ ਵਸ ਰਹੇ ਹਾਂ। ਇੱਕੀਵੀਂ ਸਦੀ ਤੱਕ ਪਹੁੰਚਦਿਆਂ ਜਿੰਨੀ ਅਕਲ ਆ ਜਾਣੀ ਚਾਹੀਦੀ ਸੀ, ਉਹ ਨਹੀਂ ਆਈ, ਜਿੰਨੀਆਂ ਖੁੱਲ੍ਹਾਂ ਦੇ ਬੂਹੇ ਖੁੱਲ੍ਹ ਜਾਣੇ ਚਾਹੀਦੇ ਸਨ, ਕਿਤੇ ਨਹੀਂ ਖੁੱਲ੍ਹੇ। ਇਸ ਸਦੀ ਵਿੱਚ ਏਨੀਆਂ ਕਾਢਾਂ ਹੱਥ ਲੱਗ ਗਈਆਂ, ਏਨੀਆਂ ਸਹੂਲਤਾਂ ਮਿਲਣ ਲੱਗ ਪਈਆਂ, ਏਨੀ ਆਜ਼ਾਦੀ ਦਾ ਸ਼ੋਰ ਪਾਇਆ ਜਾ ਰਿਹਾ ਅਤੇ ਏਨੀਆਂ ਜਾਣਕਾਰੀਆਂ ਮਿਲ ਗਈਆਂ, ਪਰ ਬਹੁਤੇ ਲੋਕ ਅਜੇ ਵੀ ਅਗਿਆਨ ਦੇ ਘੇਰੇ ਤੋਂ ਬਾਹਰ ਨਹੀਂ ਆ ਰਹੇ, ਨਵੀਆਂ ਜਾਣਕਾਰੀਆਂ ਨਾਲ ਉਨ੍ਹਾਂ ਦਾ ਕੋਈ ਵਾਸਤਾ ਨਹੀਂ, ਕਾਢਾਂ ਨਾਲ ਪੈਦਾ ਹੋਈਆਂ ਸਹੂਲਤਾਂ ਤੱਕ ਉਨ੍ਹਾਂ ਦੀ ਪਹੁੰਚ ਨਹੀਂ ਅਤੇ ਕਈ ਤਰ੍ਹਾਂ ਦੀਆਂ ਬੰਦਸ਼ਾਂ ਆਜ਼ਾਦੀ ਨੂੰ ਸਾਹ ਤੱਕ ਨਹੀਂ ਲੈਣ ਦਿੰਦੀਆਂ।

ਅਗਿਆਨ ਦਾ ਏਨਾ ਜ਼ੋਰ ਹੈ ਕਿ ਇਸ ਅਖੌਤੀ ਬੌਧਿਕ ਸਦੀ ਵਿੱਚ ਵੀ ਸਮਾਜ ਦੇ ਕਈ ਵਰਗਾਂ ਨੂੰ ਧਾਰਮਿਕ ਸਥਾਨਾਂ ਵਿੱਚ ਦਾਖ਼ਲ ਤੱਕ ਨਹੀਂ ਹੋਣ ਦਿੱਤਾ ਜਾਂਦਾ, ਹਿੰਦੂਆਂ ਵੱਲੋਂ ਹਿੰਦੂਆਂ ਦੇ ਗ਼ਰੀਬ ਤਬਕਿਆਂ ਦੇ ਲੋਕਾਂ ਨੂੰ ਘੋੜੀ ’ਤੇ ਚੜ੍ਹਨ ਤੋਂ ਰੋਕਿਆ ਜਾ ਰਿਹਾ।

ਲੱਗਦਾ ਹੈ ਕਿ ਔਰੰਗਜ਼ੇਬ ਦੀ ਰੂਹ ਰੋਕਣ ਵਾਲਿਆਂ ਵਿੱਚ ਆ ਵੜੀ, ਜਿਸ ਨੇ ਹਰ ਕਿਸਮ ਦੇ ਹਿੰਦੂਆਂ ’ਤੇ ਇਸ ਤਰ੍ਹਾਂ ਦੀਆਂ ਪਾਬੰਦੀਆਂ ਲਾ ਦਿੱਤੀਆਂ ਸਨ ਅਤੇ ਕੋਈ ਤੋੜਨ ਦਾ ਹੌਸਲਾ ਨਹੀਂ ਸੀ ਕਰਦਾ। ਹੌਸਲਾ ਕਿਸੇ ਸਦੀ ਦਾ ਰਾਖਵਾਂ ਨਹੀਂ, ਕਿਉਂਕਿ ਮੁਗਲਾਂ ਦੇ ਸਮੇਂ ਵੀ ਗੁਰੂ ਗੋਬਿੰਦ ਸਿੰਘ ਨੇ ਬੰਦਸ਼ਾਂ ਨਹੀਂ ਸੀ ਮੰਨੀਆਂ, ਸਗੋਂ ਬਹਾਦਰੀ ਨਾਲ ਉਨ੍ਹਾਂ ਨੂੰ ਭਜਾਈ ਰੱਖਿਆ।

ਆਪਣੇ ਹੀ ਮੁਲਕ ਵਿੱਚ ਸਵਰਗ ਦੀ ਧਰਤੀ ਕਹੇ ਜਾਂਦੇ ਕਸ਼ਮੀਰ ਵਿੱਚ ਪੰਡਤਾਂ ਨੂੰ ਖਦੇੜਿਆ ਅਤੇ ਘਰੋਂ ਬੇਘਰ ਕਰ ਕੇ ਰੱਖ ਦਿੱਤਾ। ਫੇਰ ਉਥੋਂ ਹੀ ਸਿੱਖਾਂ ਨੂੰ ਉਜਾੜਿਆ। ਦੰਗਿਆਂ ’ਚ ਕਿੰਨੇ ਸਿੱਖ ਸਾੜ ਦਿੱਤੇ।

ਹਰਿਆਣਾ, ਯੂ ਪੀ ਵਿੱਚ ਵੀ ਇਹੀ ਕੁਝ ਹੋਇਆ। ਹੁਣ ਸ਼ਿਲਾਂਗ ਵਿੱਚ 200 ਸਾਲਾਂ ਤੋਂ ਵਸ ਰਹੇ ਹਜ਼ਾਰਾਂ ਸਿੱਖਾਂ ’ਤੇ ਹਮਲੇ ਹੋ ਗਏ। ਉਨ੍ਹਾਂ ਨੂੰ ਅਹਿਸਾਸ ਕਰਵਾਇਆ ਜਾ ਰਿਹਾ ਕਿ ਜਿਸ ਧਰਤੀ ’ਤੇ ਘਰ ਬਣਾ ਕੇ ਰਹਿ ਰਹੇ ਹਨ, ਇਹ ਉਨ੍ਹਾਂ ਦੇ ਘਰ ਨਹੀਂ। ਆਪਣੇ ਹੀ ਮੁਲਕ ਵਿੱਚ ਆਪਣੇ ਹੀ ਲੋਕਾਂ ਵੱਲੋਂ ਇਹੋ ਜਿਹਾ ਵਰਤਾਰਾ ਇੱਕਦਮ ਨਾਜਾਇਜ਼ ਹੈ, ਜਾਇਜ਼ ਨਹੀਂ। ਹਕੂਮਤ ਨੂੰ ਚਾਹੀਦਾ ਹੈ ਕਿ ਫੌਰੀ ਦਖ਼ਲ ਦੇ ਕੇ ਉਜਾੜੇ ਨੂੰ ਰੋਕੇ ਅਤੇ ਆਪਣੇ ਹੀ ਦੇਸ਼ ਵਾਸੀਆਂ ਨਾਲ ਧੱਕਾ ਨਾ ਹੋਣ ਦੇਵੇ।

ਵਿਸ਼ਵ ਪੱਧਰ ’ਤੇ ਵੀ ਪਾਬੰਦੀਆਂ ਦਾ ਹੀ ਜ਼ੋਰ ਹੈ, ਖੁੱਲ੍ਹਾਂ ਅਤੇ ਆਜ਼ਾਦੀਆਂ ਦਾ ਨਹੀਂ। ਹਰ ਮੁਲਕ ਦਾ ਜ਼ੋਰ ਇਸ ਗੱਲ ਉੱਤੇ ਹੈ ਕਿ ਦੂਜੇ ਦੇਸ਼ਾਂ ਦੇ ਲੋਕ ਦਾਖ਼ਲ ਨਾ ਹੋਣ ਦਿੱਤੇ ਜਾਣ, ਜਦੋਂ ਕਿ ਇੱਕੀਵੀਂ ਸਦੀ ਦੀ ਸਿਆਣਪ ਦੇ ਦੌਰ ਵਿੱਚ ਸਭ ਦੇਸ਼ਾਂ ਦੇ ਹਾਕਮਾਂ ਵੱਲੋਂ ਦੂਜੇ ਦੇਸ਼ਾਂ ਤੋਂ ਆਉਣ ਵਾਲੇ ਲੋਕਾਂ ਲਈ ਖੁੱਲ੍ਹਦਿਲੀ ਨਾਲ ਮੁਲਕ ਦੇ ਬੂਹੇ ਖੋਲ੍ਹ ਦਿੱਤੇ ਜਾਣ, ਤਾਂ ਕਿ ਲੋਕਾਂ ਦੀ ਤੰਗ-ਦਿਲੀਆਂ ਤੋਂ ਮੁਕਤੀ ਹੋ ਸਕੇ। ਅਮਰੀਕਾ ਦੇ ਇਕੱਲੇ ਟਰੰਪ ਨੇ ਹੀ ਪੂਰੀ ਦੁਨੀਆ ਦੇ ਹਾਕਮਾਂ ਜਿੰਨਾ ਸ਼ੋਰ ਮਚਾਇਆ ਹੋਇਆ ਹੈ ਕਿ ਦੂਜੇ ਮੁਲਕਾਂ ਦੇ ਲੋਕ ਅਮਰੀਕਾ ਨਾ ਆਉਣ।

ਚਾਹੀਦਾ ਇਹ ਹੈ ਕਿ ਰੂਸ, ਕਨੇਡਾ, ਆਸਟਰੇਲੀਆ, ਅਮਰੀਕਾ ਅਤੇ ਹੋਰ ਵੱਧ ਜ਼ਮੀਨੀ ਖੇਤਰਫਲ ਵਾਲੇ ਮੁਲਕ ਉਨ੍ਹਾਂ ਦੇਸ਼ਾਂ ਦੇ ਲੋਕਾਂ ਲਈ ਖ਼ੁਦ ਸੱਦਾ-ਪੱਤਰ ਭੇਜਣ, ਤਾਂ ਕਿ ਬਹੁ-ਵਸੋਂ ਵਾਲੇ ਲੋਕ ਸੌਖੇ ਹੋ ਸਕਣ ਅਤੇ ਘੱਟ ਵਸੋਂ ਵਾਲੇ ਦੇਸ਼ਾਂ ਦੀ ਖ਼ਾਲੀ ਅਤੇ ਵਿਹਲੀ ਪਈ ਜ਼ਮੀਨ ਮਾਨਵਤਾ ਦੇ ਕੰਮ ਆ ਸਕੇ। ਇਸ ਤਰ੍ਹਾਂ ਦੀ ਖੁੱਲ੍ਹਦਿਲੀ ਅਪਣਾਉਣ ਵਾਲੇ ਹਾਕਮਾਂ ਨੂੰ ਹੀ ਇੱਕੀਵੀਂ ਸਦੀ ਦੇ ਹਾਣ ਦਾ ਮੰਨਿਆ ਜਾ ਸਕਦਾ ਹੈ ਅਤੇ ਅੱਜ ਦੀ ਮਾਨਵਤਾ ਦੇ ਰਾਖੇ ਵੀ। ਜਿਹੜੇ ਪਾਬੰਦੀਆਂ ਅਤੇ ਤੰਗ-ਦਿਲੀਆਂ ਦੇ ਰਾਹ ਪਏ ਰਹਿਣਗੇ, ਉਨ੍ਹਾਂ ਨੂੰ ਤੇਰ੍ਹਵੀਂ-ਚੌਦਵੀਂ ਸਦੀ ਦੇ ਨਮੂਨੇ ਹੀ ਮੰਨਿਆ ਜਾਵੇਗਾ, ਅੱਜ ਦੇ ਨਹੀਂ।

ਉਮੀਦ ਕੀਤੀ ਜਾਣੀ ਚਾਹੀਦੀ ਹੈ ਕਿ ਹਰ ਮੁਲਕ ਦੇ ਹਾਕਮ ਵੀ ਜਾਗਣਗੇ ਅਤੇ ਜਨਤਾ ਵੀ, ਤਾਂ ਹੀ ਅਸੀਂ ਇੱਕੀਵੀਂ ਸਦੀ ਦੇ ਵਰਤਮਾਨ ਦੇ ਸਫ਼ੇ ’ਤੇ ਵਿਚਰਦੇ ਦਿਖਾਂਗੇ। ਅਜਿਹਾ ਕੁਝ ਕਰਨ ਲਈ ਹਾਕਮਾਂ ਤੋਂ ਮੰਗ ਵੀ ਕੀਤੀ ਜਾਣੀ ਚਾਹੀਦੀ ਹੈ ਅਤੇ ਉਨ੍ਹਾਂ ਲਈ ਦੁਆ ਵੀ, ਤਾਂ ਕਿ ਵਿਸ਼ਵ ਭਰ ’ਚ ਇੱਕੀਵੀਂ ਸਦੀ ਦੀ ਸਿਆਣਪ ਦੇ ਹਾਣ ਦਾ ਮਾਹੌਲ ਸਿਰਜਿਆ ਜਾ ਸਕੇ।

ਇਹ ਕੁਝ ਹੋਣ ਨਾਲ ਹੀ ਇੱਕੀਵੀਂ ਸਦੀ ਦੇ ਚਿਹਰੇ ’ਤੇ ਪੈਂਦੀਆਂ ਜਾ ਰਹੀਆਂ ਤਿਊੜੀਆਂ ਘਟਣਗੀਆਂ ਅਤੇ ਲਾਜ਼ਮੀ ਤੌਰ ’ਤੇ ਰੌਣਕਾਂ ਲੱਗ ਜਾਣਗੀਆਂ।

### ਜਿਵੇਂ ਰਾਮ ਨੂੰ ਲਛਮਣ ਸੀ

ਸੰਤੋਖ ਸਿੰਘ ਧੀਰ ਪੰਜਾਬੀ ਸਾਹਿਤ ਦਾ ਵੱਡਾ ਲੇਖਕ ਸੀ, ਜਿਸ ਨੇ ਸਾਰੀ ਉਮਰ ਸਾਹਿਤ ਦੇ ਲੇਖੇ ਹੀ ਲਾਈ। ਉਸ ਨੇ ਕਹਾਣੀ, ਨਾਵਲ ਵੀ ਲਿਖੇ, ਸਵੈ-ਜੀਵਨੀ ਵੀ। ਹੁਣ ਉਸ ਵੱਲੋਂ ਆਪਣੇ ਭਰਾ ਰਿਪੁਦਮਨ ਸਿੰਘ ਰੂਪ ਨੂੰ ਲਿਖੀਆਂ ਚਿੱਠੀਆਂ ਦੀ ਕਿਤਾਬ ਛਪੀ, ਜਿਵੇਂ ਰਾਮ ਨੂੰ ਲਛਮਣ ਸੀ। ਧੀਰ ਨੇ ਇਹ ਚਿੱਠੀਆਂ 1974-75 ਵਿੱਚ ਆਪਣੀ ਇੰਗਲੈਂਡ ਫੇਰੀ ਸਮੇਂ ਲਿਖੀਆਂ ਸਨ, ਜਿਨ੍ਹਾਂ ਵਿੱਚ ਬਹੁਤ ਕੁਝ ਨਸ਼ਰ ਹੋ ਗਿਆ। ਇਨ੍ਹਾਂ ਵਿੱਚ ਗ਼ਰੀਬੀ ਦਾ ਜ਼ਿਕਰ ਵੀ ਹੈ, ਦੋਸਤੀਆਂ ਦੀ ਟੁੱਟ-ਭੱਜ ਦਾ ਵੀ, ਲੇਖਕਾਂ ਦੇ ਗੁੱਟਾਂ ਦਾ ਵੀ, ਪਲ-ਪਲ ਬਦਲਦੇ ਸੁਭਾਵਾਂ ਦਾ ਵੀ।

ਇੱਕ ਵੱਡੇ ਨਾਮੀ ਲੇਖਕ ਦੇ ਘਰ ਖਾਣ ਨੂੰ ਦਾਣੇ ਨਾ ਹੋਣ, ਇਹ ਗੱਲ ਮੰਨਣ ਵਿੱਚ ਤਾਂ ਨਹੀਂ ਆਉਂਦੀ, ਪਰ ਧੀਰ ਵੱਲੋਂ ਲਿਖੇ ਸੱਚ ਨੂੰ ਕਿਸੇ ਤਰ੍ਹਾਂ ਵੀ ਨਾਕਾਰਿਆ ਨਹੀਂ ਜਾ ਸਕਦਾ। ਇਸ ਨਾਲ ਤਾਂ ਉਸ ਸਮੇਂ ਦੀ ਹਕੂਮਤ ਵੀ ਨੰਗੀ ਹੋ ਜਾਂਦੀ ਹੈ, ਜਿਹੜੀ ਵੱਡੇ ਕਲਮਕਾਰ ਦੀ ਕੋਈ ਮਦਦ ਨਾ ਕਰ ਸਕੀ, ਜਦੋਂ ਕਿ ਹਕੂਮਤਾਂ ਨੇ ਲੇਖਕਾਂ ਨੂੰ 10-10 ਲੱਖ, ਪੰਜ-ਪੰਜ ਲੱਖ ਅਤੇ ਜਨਮ ਦਿਨਾਂ ’ਤੇ ਲੱਖ-ਲੱਖ ਵੀ ਦੇ ਦਿੱਤੇ। ਇਹ ਚਿੱਠੀਆਂ ਸਾਹਿਤਕ ਤੌਰ ’ਤੇ ਭਾਵੇਂ ਉੱਚੀਆਂ ਨਹੀਂ, ਪਰ ਵਿਸ਼ਿਆਂ ਪੱਖੋਂ ਏਨੀਆਂ ਉੱਚੀਆਂ ਹਨ ਕਿ ਲੋਕ ਇਨ੍ਹਾਂ ਨੂੰ ਪੜ੍ਹਨਗੇ ਵੀ ਅਤੇ ਸਾਂਭਣਗੇ ਵੀ।

### ਲਤੀਫ਼ੇ ਦਾ ਚਿਹਰਾ-ਮੋਹਰਾ

ਜਾਨਵਰਾਂ ਦੇ ਹਸਪਤਾਲ ਦਾ ਨਜ਼ਾਰਾ :
ਹਾਂ ਬਈ ਅਗਲਾ ਜਾਨਵਰ ਨਾਂਅ ਲਿਖਵਾਉ?
ਜੀ ਗੁੰਜਨ ਸਿੰਘ ਪਿੰਡ ਹਵਾਈ ਖੇੜਾ।
ਬੀਮਾਰੀ ਕੀ ਹੈ, ਕੀ ਲਿਖੀ ਜਾਵੇ?
ਜੀ ਖੁਰ ਵਿੱਚ ਪੀਕ, ਪੂਛ ਵਿੱਚ ਸੋਜਾ।

***

ਪਤਨੀਆਂ ਦੋ ਤਰ੍ਹਾਂ ਦੀਆਂ ਹੁੰਦੀਆਂ ਹਨ :
ਇੱਕ ਤਾਂ ਉਹ, ਜੋ ਸੁਣਦੀ, ਸਮਝਦੀ ਅਤੇ ਮੰਨਦੀ ਵੀ ਹੈ। ਪਿਆਰ ਨਾਲ ਹੀ ਪੇਸ਼ ਆਉਂਦੀ ਹੈ ਅਤੇ ਸ਼ਾਪਿੰਗ ਦੀ ਸਿਫ਼ਾਰਸ਼ ਨਹੀਂ ਕਰਦੀ। ਪਤੀ ਗੁੱਸੇ ਵੀ ਹੋ ਜਾਏ, ਤਾਂ ਵੀ ਮੁਸਕਰਾਏ ਬਿਨਾਂ ਨਹੀਂ ਰਹਿੰਦੀ। ਦੂਜੀ ਤਰ੍ਹਾਂ ਦੀਆਂ ਪਤਨੀਆਂ ਉਹ, ਜੋ ਤੁਹਾਡੇ ਸਾਰਿਆਂ ਕੋਲ ਹੈ। ਹਾ...ਹਾ...ਹਾ...।

# ਮੋਦੀ ਦੇ ਮੁਕਾਬਲੇ ਰਾਹੁਲ

**ਸ਼ਿਵ ਸੈਨਾ, ਬੀਜਦ, ਅਤੇ ਟੀ.ਆਰ.ਐਸ (ਤਿਲੰਗਾਣਾ ਰਾਸ਼ਟਰੀ ਸੰਮਤੀ) ਬੇਬਸਾਹੀ ਮਤੇ ਦੌਰਾਨ ਗੈਰ-ਹਾਜ਼ਰ ਰਹੇ। ਇਹਨਾ ਪਾਰਟੀਆਂ ਨੇ ਮੱਤਦਾਨ ਤੋਂ ਬਾਹਰ ਰਹਿਕੇ ਅਸਿੱਧੇ ਤੌਰ ਤੇ ਸਰਕਾਰ ਦੀ ਹੀ ਮਦਦ ਕੀਤੀ ਹੈ। ਹਾਲਾਂਕਿ ਸਰਕਾਰ ਇਹ ਮੰਨ ਰਹੀ ਸੀ ਕਿ ਸ਼ਿਵ ਸੈਨਾ ਉਸਦੇ ਪੱਖ ਵਿੱਚ ਵੋਟ ਪਾਵੇਗੀ ਅਤੇ ਇਹ ਸੰਕੇਤ ਵੀ ਮਿਲੇ ਸਨ, ਲੇਕਿਨ ਜਿਸ ਵਿੱਪ ਨੇ ਸਰਕਾਰ ਦੇ ਪੱਖ ਵਿੱਚ ਵੋਟ ਪਾਉਣ ਦਾ ਹੁਕਮ ਜਾਰੀ ਕੀਤਾ ਸੀ, ਪਾਰਟੀ ਨੇ ਉਸਨੂੰ ਅਹੁਦੇ ਤੋਂ ਅੱਲਗ ਕਰ ਦਿੱਤਾ। ਜਾਹਿਰ ਹੈ ਕਿ ਇਹ ਉਦਭਵ ਠਾਕਰੇ ਦੇ ਇਸ਼ਾਰੇ ਉਤੇ ਹੋਇਆ ਹੋਏਗਾ। ਇਸ ਤੋਂ ਇਹ ਪਤਾ ਚਲਦਾ ਹੈ ਕਿ ਸ਼ਿਵ ਸੈਨਾ ਅਤੇ ਭਾਜਪਾ ਦੇ ਵਿੱਚ ਸੌਦੇਬਾਜੀ ਹੋ ਰਹੀ ਸੀ, ਲੇਕਿਨ ਸ਼ਿਵ ਸੈਨਾ ਜਿਹੋ ਜਿਹਾ ਚਾਹੁੰਦੀ ਸੀ, ਉਹੋ ਜਿਹਾ ਹੋ ਹੋ ਨਹੀਂ ਸਕਿਆ, ਤਾਂ ਉਸਨੇ ਇਹ ਰਾਹ ਚੁਣਿਆ।**



ਗੁਰਮੀਤ ਸਿੰਘ ਪਲਾਹੀ
91-98158-02070

**ਪੰਜਾਬੀ ਰੂਪ:- ਗੁਰਮੀਤ ਪਲਾਹੀ**
**ਮੂਲ ਲੇਖਕ:- ਨੀਰਜ ਚੌਧਰੀ**

ਪਿਛਲੇ ਦਿਨੀ ਸੰਸਦ ਵਿੱਚ ਨਰੇਂਦਰ ਮੋਦੀ ਸਰਕਾਰ ਵਿਰੁਧ ਲਿਆਂਦਾ ਗਿਆ ਬੇਬਸਾਹੀ ਮਤਾ ਡਿੱਗ ਪਿਆ। ਅਤੇ ਸਦਨ ਨੇ 126 ਦੇ ਮੁਕਾਬਲੇ 325 ਵੋਟਾਂ ਨਾਲ ਸਰਕਾਰ ਉਤੇ ਆਪਣਾ ਵਿਸ਼ਵਾਸ਼ ਪ੍ਰਗਟ ਕੀਤਾ। ਇਸ ਸਮੇਂ ਹੋਈ ਬਹਿਸ ਦੇ ਦੌਰਾਨ ਕਾਂਗਰਸ ਨੇ ਜਿਥੇ ਖੁਦ ਨੂੰ ਵਿਰੋਧੀ ਧਿਰ ਦੇ ਤੌਰ ਤੇ ਸਥਾਪਤ ਕੀਤਾ,ਉਥੇ ਭਾਜਪਾ ਨੇ ਇਸ ਦੀ ਵਰਤੋਂ ਆਪਣੇ ਕੰਮਕਾਜ ਦੀਆਂ ਪ੍ਰਾਪਤੀਆਂ ਦੇ ਗੁਣਗਾਣ ਅਤੇ ਰਾਹੁਲ ਗਾਂਧੀ ਅਤੇ ਕਾਂਗਰਸ ਦੇ ਵਿਰੁੱਧ ਹਮਲਾਵਰ ਰੁਖ ਦਿਖਾਉਣ ਲਈ ਕੀਤੀ। ਇਸ ਤਰ੍ਹਾਂ ਇਹ ਬਹਿਸ ਮੁੱਖ ਤੌਰ ਤੇ ਰਾਹੁਲ ਗਾਂਧੀ ਬਨਾਮ ਨਰੇਂਦਰ ਮੋਦੀ ਹੋਕੇ ਰਹਿ ਗਈ ਅਤੇ ਬਾਕੀ ਸਾਰੇ ਮੁੱਦੇ ਫੁਰਨ ਹੋ ਗਏ। ਆਂਧਰਾ ਪ੍ਰਦੇਸ਼ ਦਾ ਮੁੱਦਾ ਕਿਧਰੇ ਵੀ ਨਾ ਦਿਸਿਆ, ਜਿਸਨੂੰ ਲੈਕੇ ਤੇਲਗੂ ਦੇਸ਼ਮ ਪਾਰਟੀ (ਟੀ ਡੀ ਪੀ) ਨੇ ਸਰਕਾਰ ਵਿਰੁੱਧ ਬੇਬਸਾਹੀ ਮਤਾ ਲਿਆਂਦਾ ਸੀ ਅਤੇ ਖੇਤਰੀ ਵਿਰੋਧੀ ਪਾਰਟੀਆਂ ਦਾ ਇਕਜੁੱਟਤਾ ਦਾ ਮੁੱਦਾ ਵੀ ਕਿਧਰੇ ਨਾ ਦਿਖਿਆ। ਆਪਣੀਆਂ ਪ੍ਰਾਪਤੀਆਂ ਦੇ ਢੰਡੋਰਾ ਪਿੱਟਣ ਤੋਂ ਬਿਨ੍ਹਾਂ ਪ੍ਰਧਾਨ ਮੰਤਰੀ ਨੇ ਬਹਿਸ ਦੇ ਦੌਰਾਨ ਸੋਨੀਆ, ਰਾਹੁਲ ਗਾਂਧੀ ਅਤੇ ਕਾਂਗਰਸ ਵਿਰੁੱਧ ਜ਼ੋਰਦਾਰ ਹਮਲਾ ਬੋਲਿਆ।

ਲੇਕਿਨ ਬੇਬਸਾਹੀ ਮਤੇ ਉਤੇ ਬਹਿਸ ਦੇ ਦੌਰਾਨ ਜੋ ਕੁੱਝ ਹੋਇਆ, ਉਸਨੇ ਆਉਣ ਵਾਲੇ ਦਿਨਾਂ ਵਿੱਚ ਕਿਹੋ ਜਿਹੀ ਸਿਆਸਤ ਅੱਗੇ ਵਧੇਗੀ, ਇਸ ਬਾਰੇ ਕੁਝ ਦਿਲਚਸਪ ਸੰਕੇਤ ਮਿਲਦੇ ਹਨ। ਖਾਸ ਕਰਕੇ ਖੇਤਰੀ ਪਾਰਟੀਆਂ ਦੇ ਨਾਲ ਕਿਹੋ ਜਿਹੇ ਸਬੰਧ ਹੋ ਸਕਦੇ ਹਨ, ਜੋ ਕਿ 2019 ਦੀਆਂ ਚੋਣਾਂ ਦੌਰਾਨ ਫੈਸਲਕੁਨ ਹੋਣਗੇ।

ਕੁਲ ਮਿਲਾ ਕੇ ਐਨ.ਡੀ.ਏ. ਦੇ ਨੰਬਰ, ਆਸ ਤੋਂ ਜਿਆਦਾ ਰਹੇ, ਜਦਕਿ ਉਸਦੀ ਸਹਿਯੋਗੀ ਪਾਰਟੀ ਸ਼ਿਵ ਸੈਨਾ ਮਤਦਾਨ ਤੋਂ ਬਾਹਰ ਰਹੀ। ਐਨ ਡੀ ਏ ਦੇ ਨੰਬਰਾਂ ਵਿੱਚ ਵਾਧੇ ਦਾ ਕਾਰਨ ਹੈ- ਏ ਡੀ ਐਮ ਕੇ ਪਾਰਟੀ।

ਜੈਲਲਿਤਾ ਦੀ ਮੌਤ ਤੋਂ ਬਾਅਦ ਏ ਡੀ ਐਮ ਕੇ, ਭਾਜਪਾ ਦਾ ਸਹਿਯੋਗ ਕਰਦੀ ਰਹੀ ਅਤੇ ਬੇਬਸਾਹੀ ਮਤੇ ਉਤੇ ਮਤਦਾਨ ਦੇ ਮੌਕੇ ਵੀ ਉਸਨੇ ਸਰਕਾਰ ਦਾ ਸਾਥ ਦਿੱਤਾ। ਪਰ ਸਵਾਲ ਉੱਠਦਾ ਹੈ ਕਿ ਕੀ 2019 ਦੀਆਂ ਚੋਣਾਂ ਵਿੱਚ ਏ ਡੀ ਐਮ ਕੇ ਭਾਜਪਾ ਦਾ ਸਾਥ ਦੇਵੇਗੀ? ਇਸ ਦੇ ਬਾਰੇ ਠੀਕ-ਠਾਕ ਕੁੱਝ ਕਹਿਣਾ ਹਾਲੀ ਜਲਦਬਾਜੀ ਹੋਏਗੀ, ਕਿਉਂਕਿ ਤਾਮਿਲਨਾਡੂ ਦੀ ਸਿਆਸਤ ਵਿੱਚ ਰਜਨੀਕਾਂਤ ਵੀ ਕੁੱਦ ਪਏ ਹਨ। ਹੋ ਸਕਦਾ ਹੈ ਕਿ ਭਾਜਪਾ ਇਥੇ ਰਜਨੀਕਾਂਤ ਦਾ ਲੜ ਫੜਕੇ ਆਪਣੇ ਲਈ ਨਵੀਂ ਥਾਂ ਬਨਾਉਣ ਦੀ ਕੋਸ਼ਿਸ਼ ਕਰੇ।

ਸ਼ਿਵ ਸੈਨਾ, ਬੀਜਦ, ਅਤੇ ਟੀ.ਆਰ.ਐਸ (ਤਿਲੰਗਾਣਾ ਰਾਸ਼ਟਰੀ ਸੰਮਤੀ) ਬੇਬਸਾਹੀ ਮਤੇ ਦੌਰਾਨ ਗੈਰ-ਹਾਜ਼ਰ ਰਹੇ। ਇਹਨਾ ਪਾਰਟੀਆਂ ਨੇ ਮੱਤਦਾਨ ਤੋਂ ਬਾਹਰ ਰਹਿਕੇ ਅਸਿੱਧੇ ਤੌਰ ਤੇ ਸਰਕਾਰ ਦੀ ਹੀ ਮਦਦ ਕੀਤੀ ਹੈ। ਹਾਲਾਂਕਿ ਸਰਕਾਰ ਇਹ ਮੰਨ ਰਹੀ ਸੀ ਕਿ ਸ਼ਿਵ ਸੈਨਾ ਉਸਦੇ ਪੱਖ ਵਿੱਚ ਵੋਟ ਪਾਵੇਗੀ ਅਤੇ ਇਹ ਸੰਕੇਤ ਵੀ ਮਿਲੇ ਸਨ, ਲੇਕਿਨ ਜਿਸ ਵਿੱਪ ਨੇ ਸਰਕਾਰ ਦੇ ਪੱਖ ਵਿੱਚ ਵੋਟ ਪਾਉਣ ਦਾ ਹੁਕਮ ਜਾਰੀ ਕੀਤਾ ਸੀ, ਪਾਰਟੀ ਨੇ ਉਸਨੂੰ ਅਹੁਦੇ ਤੋਂ ਅੱਲਗ ਕਰ ਦਿੱਤਾ। ਜਾਹਿਰ ਹੈ ਕਿ ਇਹ ਉਦਭਵ ਠਾਕਰੇ ਦੇ ਇਸ਼ਾਰੇ ਉਤੇ ਹੋਇਆ ਹੋਏਗਾ। ਇਸ ਤੋਂ ਇਹ ਪਤਾ ਚਲਦਾ ਹੈ ਕਿ ਸ਼ਿਵ ਸੈਨਾ ਅਤੇ ਭਾਜਪਾ ਦੇ ਵਿੱਚ ਸੌਦੇਬਾਜੀ ਹੋ ਰਹੀ ਸੀ, ਲੇਕਿਨ ਸ਼ਿਵ ਸੈਨਾ ਜਿਹੋ ਜਿਹਾ ਚਾਹੁੰਦੀ ਸੀ, ਉਹੋ ਜਿਹਾ ਹੋ ਹੋ ਨਹੀਂ ਸਕਿਆ, ਤਾਂ ਉਸਨੇ ਇਹ ਰਾਹ ਚੁਣਿਆ।

ਇਸ ਲਈ ਸ਼ਿਵ ਸੈਨਾ ਦੇ ਰਵੱਈਏ ਤੋਂ ਲੱਗਦਾ ਹੈ ਕਿ ਉਹ 2019 ਦੇ ਮੱਦੇ ਨਜ਼ਰ ਭਾਜਪਾ ਨੂੰ ਆਪਣਾ ਤੇਵਰ ਦਿੱਖਾ ਰਹੀ ਹੈ ਅਤੇ ਮਹਾਂਰਾਸ਼ਟਰ ਵਿਧਾਨ ਸਭਾ ਚੋਣਾਂ ਵਿੱਚ ਖੁਦ ਨੂੰ ਵੱਡੇ ਸਹਿਯੋਗੀ ਦੇ ਰੂਪ ਵਿੱਚ ਪੇਸ਼ ਕਰਨ ਲਈ ਉੱਚ ਪੱਧਰੀ ਸੌਦੇਬਾਜੀ ਕਰੇਗੀ, ਲੇਕਿਨ ਇਹ ਹਾਲੀ ਤੱਕ ਭਾਜਪਾ ਦੇ ਨਾਲ ਹੀ ਹੈ।

ਦੂਜੇ ਪਾਸੇ ਤੁਹਾਨੂੰ ਯਾਦ ਹੋਏਗਾ ਕਿ ਟੀ ਆਰ ਐਸ ਨੇ ਸਭ ਤੋਂ ਪਹਿਲਾਂ ਮਹਾਂਗੰਠਬਧਨ ਲਈ ਮਮਤਾ ਬੈਨਰਜੀ ਨਾਲ ਗੱਲ ਕੀਤੀ ਸੀ, ਲੇਕਿਨ ਉਸੇ ਟੀ ਆਰ ਐਸ ਨੇ ਭਾਜਪਾ ਦੀ ਮਦਦ ਕਰਨ ਲਈ ਮਤਦਾਨ ਤੋਂ ਕਿਨਾਰਾ ਕਰ ਲਿਆ। ਉਸਦੇ ਰਵੱਈਏ ਤੋਂ ਇਵੇਂ ਲੱਗਦਾ ਹੈ ਕਿ ਉਹ ਭਾਜਪਾ ਦੇ ਵਿਰੁੱਧ ਨਹੀਂ ਹੈ, ਲੇਕਿਨ 2019 ਵਿੱਚ ਉਹ ਚੋਣਾਂ ਤੋਂ ਪਹਿਲਾਂ ਭਾਜਪਾ ਦੇ ਨਾਲ ਹੱਥ ਨਹੀਂ ਮਿਲਾਉਣਾ ਚਾਹੇਗੀ ਕਿਉਂਕਿ ਉਸਦਾ ਮੁੱਖ ਆਧਾਰ ਮੁਸਲਿਮ ਵੋਟਾਂ ਉਤੇ ਨਿਰਭਰ ਹੈ। ਲੇਕਿਨ ਚੋਣਾਂ ਦੇ ਬਾਅਦ ਜੇਕਰ ਭਾਜਪਾ ਸੱਤਾ ਵਿੱਚ ਆਉਂਦੀ ਹੈ ਤਾਂ ਉਹ ਉਸਦੇ ਨਾਲ ਸਹਿਯੋਗ ਕਰ ਸਕਦੀ ਹੈ।

ਪਰ ਸਭ ਤੋਂ ਅਜੀਬ ਰਵੱਈਆ ਬੀਜਦ ਦਾ ਸੀ। ਉਹਨੇ ਵੀ ਵਾਕ ਆਉਟ ਕਰਕੇ ਭਾਜਪਾ ਦੀ ਮਦਦ ਕੀਤੀ, ਜਦਕਿ ਉੜੀਸਾ ਵਿੱਚ ਭਾਜਪਾ ਉਸਨੂੰ ਸਭ ਤੋਂ ਵੱਡੀ ਚਣੌਤੀ ਦੇ ਰਹੀ ਹੈ। ਇਸਤੋਂ ਪਤਾ ਚਲਦਾ ਹੈ ਕਿ ਬੀਜਦ ਇਹ ਸੋਚ ਰਹੀ ਹੈ ਕਿ ਕੇਂਦਰ ਵਿੱਚ ਚਾਹੇ ਜਿਸਦੀ ਵੀ ਸਰਕਾਰ ਆਵੇ, ਉਹ ਉਸੇ ਦੇ ਨਾਲ ਸਬੰਧ ਰੱਖੇਗੀ। ਉਸਨੂੰ ਨਾ ਤਾਂ ਭਾਜਪਾ ਨਾਲ ਮਤਲਬ ਹੈ ਅਤੇ ਨਾ ਹੀ ਕਾਂਗਰਸ ਨਾਲ। ਕਿਉਂਕਿ ਅੱਜ ਭਾਜਪਾ ਸੱਤਾ ਵਿੱਚ ਹੈ, ਇਸ ਲਈ ਉਹ ਉਸਦਾ ਸਾਥ ਦੇ ਰਹੀ ਹੈ। ਏ ਡੀ ਐਮ ਕੇ, ਬੀਜਦ ਅਤੇ ਟੀ ਆਰ ਐਸ ਤਿੰਨਾਂ ਦਾ ਲਗਭਗ ਇਹੋ ਰਵੱਈਆ ਹੈ।

ਲੇਕਿਨ ਭਾਜਪਾ ਨੂੰ ਅਸਲ ਨੁਕਸਾਨ ਟੀ ਡੀ ਪੀ ਦਾ ਹੋਇਆ ਹੈ। ਉਹ ਆਂਧਰਾ ਪ੍ਰਦੇਸ਼ ਦੀ ਵੰਡ ਦੇ ਕਾਰਨ ਕਾਂਗਰਸ ਦੇ ਵਿਰੋਧ 'ਚ ਰਹੀ ਹੈ, ਅਤੇ ਭਾਜਪਾ ਦੀ ਸਭ ਤੋਂ ਮਜ਼ਬੂਤ ਸਹਿਯੋਗੀ ਸੀ, ਲੇਕਿਨ ਉਹ ਉਹਨੂੰ ਛੱਡਕੇ ਅਲੱਗ ਚਲੇ ਗਈ ਹੈ ਅਤੇ ਉਸੇ ਨੇ ਬੇਬਸਾਹੀ ਮਤਾ ਲਿਆਂਦਾ ਸੀ। ਸਪੱਸ਼ਟ ਹੈ ਕਿ ਸਿਆਸੀ ਤੌਰ ਤੇ ਟੀ ਡੀ ਪੀ ਦਾ ਐਨ ਡੀ ਏ ਤੋਂ ਬਾਹਰ ਹੋਣਾ ਭਾਜਪਾ ਲਈ ਵੱਡਾ ਨੁਕਸਾਨ ਹੈ ਅਤੇ ਜੋ ਖੇਤਰੀ ਪਾਰਟੀਆਂ ਹਾਲੀ ਉਸਦੀਆਂ ਸਹਿਯੋਗੀ ਹਨ, ਅੱਗੇ ਜਾ ਕੇ ਉਸ ਨਾਲ ਜਿਆਦਾ ਸੌਦੇਬਾਜੀ ਕਰਨਗੀਆਂ। ਸ਼ਿਵ ਸੈਨਾ ਵੀ ਪੂਰੀ ਤਰ੍ਹਾਂ ਵਾਪਸ ਨਹੀਂ ਆਈ ਹੈ ਭਾਵ ਭਾਜਪਾ ਨੂੰ ਅੱਗੇ ਜਾਕੇ ਜਿਆਦਾ ਮੁੱਲ ਤਾਰਨਾ ਪਵੇਗਾ। ਪ੍ਰਧਾਨ ਮੰਤਰੀ ਨੇ ਖੇਤਰੀ ਪਾਰਟੀਆਂ ਪ੍ਰਤੀ ਕਰੜਾ ਰੁਖ ਨਹੀਂ ਅਪਨਾਇਆ, ਸਗੋਂ ਉਹਨਾ ਨੂੰ ਚਿਤਾਵਨੀ ਦਿੰਦੇ ਰਹੇ ਕਿ ਕਾਂਗਰਸ ਤੋਂ ਬਚੋ। ਉਹਨਾ ਪਾਰਟੀਆਂ ਨੂੰ ਉਹਨਾ ਨੇ ਯਾਦ ਦੁਆਇਆ ਕਿ ਕਾਂਗਰਸ ਨੇ ਉਹਨਾ ਨਾਲ ਕਿਹੋ ਜਿਹਾ ਵਰਤਾਉ ਕੀਤਾ ਸੀ। ਬੇਬਸਾਹੀ ਮਤੇ ਤੇ ਬਹਿਸ ਵਿੱਚ ਇੱਕ ਹੋਰ ਚੀਜ ਦੁਬਾਰਾ ਨਿਕਲਕੇ ਸਾਹਮਣੇ ਆਈ ਕਿ ਵਿਰੋਧੀ ਦਲਾਂ ਦਾ ਮਹਾਂਗੰਠਬੰਧਨ ਬਨਣਾ ਬਹੁਤ ਮੁਸ਼ਕਲ ਹੈ। ਟੀ ਆਰ ਐਸ ਅਤੇ ਟੀ ਡੀ ਪੀ ਦੇ ਵਿਚਕਾਰ, ਮਮਤਾ ਅਤੇ ਖੱਬੀਆਂ ਧਿਰਾਂ ਵਿਚਕਾਰ ਸਮੱਸਿਆਵਾਂ ਹਨ। ਸ਼ਰਦ ਪਵਾਰ ਨੇ ਤਾਂ ਇਹ ਕਹਿ ਹੀ ਦਿੱਤਾ ਹੈ। ਬੇਬਸਾਹੀ ਮਤੇ ਉਤੇ ਬਹਿਸ ਦੇ ਇਕ ਦਿਨ ਬਾਅਦ ਮਮਤਾ ਬੈਨਰਜੀ ਨੇ ਫਿਰ ਤੋਂ ਕਲੱਕਤਾ ਵਿੱਚ ਸਿਰਫ ਫੈਡਰਲ ਫਰੰਟ ਬਨਾਉਣ ਦੀ ਗੱਲ ਕਹੀ।

ਰਾਹੁਲ ਗਾਂਧੀ ਨੇ ਵਿਰੋਧੀ ਨੇਤਾ ਦੇ ਤੌਰ ਤੇ ਸਰਕਾਰ ਉਤੇ ਤਿੱਖਾ ਹਮਲਾ ਬੋਲਿਆ ਅਤੇ ਲੋਕਾਂ ਨੇ ਉਹਨੂੰ ਪਸੰਦ ਕੀਤਾ। ਕੁੱਝ ਲੋਕਾਂ ਨੇ ਤਾਂ ਇਹ ਵੀ ਕਿਹਾ ਕਿ "ਛਾਅ ਲਿਆ"। ਜ਼ਾਹਿਰ ਹੈ ਕਿ ਰਾਹੁਲ ਦਾ ਆਤਮ ਵਿਸ਼ਵਾਸ਼ ਵਧਿਆ ਹੋਇਆ ਦੇਖਿਆ ਗਿਆ ਅਤੇ ਉਹਨਾ ਨੇ ਇਹ ਦਰਸਾਇਆ ਕਿ ਮੁੱਖ ਵਿਰੋਧੀ ਧਿਰ ਕਾਂਗਰਸ ਹੀ ਹੈ। ਇਸ ਤਰ੍ਹਾਂ 2019 ਦੀ ਚੋਣ ਰਾਹੁਲ ਬਨਾਮ ਮੋਦੀ ਵਿਚਕਾਰ ਹੋਣ ਵਾਲੀ ਹੈ। ਜਿਸਦਾ ਭਾਜਪਾ ਫਾਇਦਾ ਉਠਾਉਣਾ ਚਾਹੇਗੀ। ਲੇਕਿਨ ਹਮਲਾਵਰ ਭਾਸ਼ਨ ਅਤੇ ਗਲੇ ਮਿਲਣ (ਹਾਲਾਂਕਿ ਬਿਹਤਰ ਹੁੰਦਾ ਕਿ ਉਹਨਾ ਨੇ ਅੱਖ ਨਾ ਮਾਰੀ ਹੁੰਦੀ, ਕਿਉਂਕਿ ਅੱਜ ਕੱਲ ਟੀ ਵੀ ਸਭ ਕੁਝ ਫੜ ਲੈਂਦਾ ਹੈ) ਤੋਂ ਪਤਾ ਲਗਦਾ ਹੈ ਕਿ ਰਾਹੁਲ ਸਹੀ ਦਿਸ਼ਾ 'ਚ ਤਾਂ ਅੱਗੇ ਵੱਧ ਰਹੇ ਹਨ, ਲੇਕਿਨ ਉਹਨਾ ਨੂੰ ਆਪਣੇ ਵਿਰੋਧੀ ਨਰੇਂਦਰ ਮੋਦੀ ਨਾਲ ਟੱਕਰ ਲੈਣ ਲਈ ਹੋਰ ਫਾਸਲਾ ਤਹਿ ਕਰਨਾ ਹੋਏਗਾ।। ਇਹੀ ਉਸਦੀ ਸਭ ਤੋਂ ਵੱਡੀ ਚੁਣੌਤੀ ਹੈ।

# ਆਜ਼ਾਦੀ: ਕੀ ਇਸ ਦਾ ਇਹੀ ਅਸਲ ਮੁੱਦਾ ਮਕਸਦ ਸੀ ਜੋ ਵਰਤ ਰਿਹਾ ਹੈ?



ਕੇ. ਸੀ. ਸੁਲੇਖ
0172-4623503

ਪਹਿਲਾਂ ਵੱਖ-ਵੱਖ ਬਾਹਰਲੇ ਦੇਸ਼ਾਂ ਦੇ ਮੁਸਲਮਾਨ ਧਾੜਵੀਆਂ ਅਤੇ ਫਿਰ ਗੋਰੇ ਸਾਮਰਾਜੀਆਂ ਦੀ ਸਦੀਆਂ ਲੰਬੀ ਗੁਲਾਮੀ ਤੋਂ ਬਾਅਦ ਭਾਰਤ ਨੂੰ ਅਖੀਰ 1947 ਵਿਚ ਆਜ਼ਾਦੀ ਮਿਲ ਹੀ ਗਈ। 15 ਅਗਸਤ ਦਾ ਦਿਨ ਭਾਰਤੀ ਇਤਿਹਾਸ ਵਿਚ ਇਸ ਕਰਕੇ ਅਤੀ ਮਹੱਤਵਪੂਰਨ ਦਿਨ ਕਿਹਾ ਜਾ ਸਕਦਾ ਹੈ। ਇਹ ਦਿਨ ਕਿੰਨਾ ਖੁਸ਼ੀਆਂ ਭਰਿਆ ਹੋ ਸਕਦਾ ਹੈ, ਉਸ ਦਾ ਅੰਦਾਜ਼ਾ ਖੁਦ ਪਹਿਲਾਂ ਬਣੇ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਦੇ ਭਾਸ਼ਣ ਦੇ ਇਕ-ਇਕ ਸ਼ਬਦ ਤੋਂ ਲਗਾਇਆ ਜਾ ਸਕਦਾ ਹੈ ਜੋ ਉਹਨਾਂ ਨੇ ਅੰਗਰੇਜ਼. ਹਕੂਮਤ ਦੇ ਆਖਰੀ ਵਾਇਸਰਾਏ ਲਾਰਡ ਮਾਊਂਟ ਬੈਟਨ ਤੋਂ ਅੱਧੀ ਰਾਤ ਦੇ ਸਮੇਂ ਸੱਤਾ ਸੰਭਾਲਦੇ ਹੋਏ ਦਿੱਤਾ ਸੀ। ਇਸ ਮੌਕੇ ਦੀ ਉਹਨਾਂ ਨੇ ਨਸੀਬਦੇ ਖੁਸ਼ਗਵਾਰ ਸੰਜੋਗ ਨਾਲ ਤੁਲਨਾ ਕਰਦੇ ਹੋਏ ਕਿਹਾਸੀ ਕਿ ਕਿਸੇ ਕੌਮ ਦੇ ਇਤਿਹਾਸ ਵਿਚ ਅਜਿਹਾ ਦੁਰਲੱਭ ਮੌਕਾ ਨਸੀਬਾਂ ਨਾਲ ਆਉਂਦਾ ਹੈ, ਜਦੋਂ ਉਹ ਪੁਰਾਣੇ ਹਨੇਰੇ ਯੁੱਗ ਤੋਂ ਨਿਕਲ ਕੇ ਨਵੇਂਆਜ਼ਾਦੀ ਦੇ ਯੁੱਗ ਵਿਚ ਪੈਰ ਰੱਖਦੀ ਹੈ।' ਆਜ਼ਾਦੀ ਮਿਲਣ ਦੀ ਖੁਸ਼ੀ ਵਿਚ ਬੋਲੇ ਗਏ ਇਹ ਸ਼ਬਦ ਮਹਿਜ਼ ਰਸਮੀ ਨਹੀਂ ਕਹੇ ਜਾ ਸਕਦੇ, ਉਹਨਾਂ ਦਾ ਸਬੰਧ ਨਿਸਚੇ ਹੀ ਉਹਨਾਂ ਕਸ਼ਟ ਦਾਇਕ ਤਕਲੀਫਾਂ, ਔਖਿਆਈਆਂ ਅਤੇ ਯਾਤਨਾਵਾਂ ਨਾਲ ਜੁੜਿਆ ਹੋਇਆ ਸੀ ਜੋ ਦੇਸ਼ ਵਾਸੀਆਂ ਨੇ ਇਸ ਆਜ਼ਾਦੀ ਨੂੰ ਪ੍ਰਾਪਤ ਕਰਨ ਲਈ ਝੱਲੀਆਂ ਹੋਣਗੀਆਂ। ਕਿਤਾਬਾਂ 'ਚੋਂ ਪੜ੍ਹ ਕੇ ਜਾਂ ਬਜ਼ੁਰਗਾਂ ਤੋਂ ਸੁਣੀਆਂ ਹੋਣਗੀਆਂ, ਜਿਹਨਾਂ ਨੂੰ ਪੜ੍ਹ ਸੁਣ ਕੇ ਨਵੇਂ ਖੂਨ ਦਾ ਉਬਾਲੇ ਖਾਣਾ ਵੀ ਸੁਭਾਵਿਕ ਹੈ। ਜੇਲ੍ਹਾਂ ਦੀਆਂ ਸਜ਼ਾਵਾਂ, ਜ਼ਾਲਿਮਾਂ ਦੀਆਂ ਗੋਲੀਆਂ ਅਤੇ ਫਾਂਸੀ ਦੇ ਫੰਦੇ ਵੀ ਉਹਨਾਂ ਦੇ ਜੋਸ਼ ਨੂੰ ਠੰਡਾ ਨਹੀਂ ਕਰ ਸਕੇ। ਇਸ ਆਜ਼ਾਦੀ ਦੇ ਨਾਲ ਨਾਲ ਜੋ ਦੇਸ਼ ਪਾਕਿਸਤਾਨ ਬਣਨ ਨਾਲ ਦੋਫਾੜ ਹੋ ਗਿਆ ਅਤੇ ਨਤੀਜੇ ਵਜੋਂ ਲੱਖਾਂ ਇਨਸਾਨੀ ਜਾਨਾਂ ਅਤੇ ਅਰਬਾਂ ਰੁਪਏ ਦੇ ਮਾਲੀ ਨੁਕਸਾਨ ਦੀ ਸ਼ਕਲ ਵਿਚ ਜੋ ਭਾਰੀ ਕੀਮਤ ਚੁਕਾਉਣੀ ਪਈ, ਉਸ ਨਾਲ ਇਯ ਆਜ਼ਾਦੀ ਦੀ ਮਹੱਤਤਾ ਹੋਰ ਵੱਧ ਜਾਂਦੀ ਹੈ। ਦਿਲ ਵਿਚ ਸਵਾਲ ਉਠਦਾ ਹੈ: ਇੰਨੀ ਵੱਡੀ ਜਾਨੀਅਤੇ ਮਾਲੀਨੁਕਸਾਨ ਦੀ ਕੀਮਤ ਚੁਕਾਉਦ ਤੋਂ ਬਾਅਦ ਕੀ ਦੇਸ਼ ਯਾਨਿ ਦੇਸ਼ ਦੇ ਲੋਕਾਂ ਨੂੰ ਉਹ ਸੁੱਖ ਅਤੇ ਖੁਸ਼ਹਾਲੀ ਪ੍ਰਾਪਤ ਹੋ ਸਕੀ, ਜਿਸ ਦੀ ਉਹ ਆਸ ਕਰ ਰਹੇ ਸਨ ਜਾਂ ਉਹਨਾਂ ਨੂੰ ਮਿਲਣੀ ਚਾਹੀਦੀ ਸੀ? ਇੱਥੇ ਲੋਕਾਂ ਦਾ ਮਤਲਬ ਹੈ ਦੇਸ਼ ਦੇ ਸਭ ਧਰਮਾਂ, ਜਾਤੀਆਂ ਅਤੇ ਤਬਕਿਆਂ ਨੂੰ ਮਿਲਾਕੇ ਕੁੱਲ ਆਬਾਦੀ ਨਾ ਕਿ ਕੁਝ ਇਕ ਫੀਸਦੀ ਰੱਜੇ-ਪੁੱਜੇ ਸਾਧਨ ਸੰਪੰਨ ਲੋਕ ਜੋ ਇਸ ਵੇਲੇ ਦੇਸ਼ ਦੇ ਕੁੱਲ ਧਨ ਦੌਲਤ ਦਾ 73 ਫੀਸਦੀ ਹਿੱਸਾ ਮੱਲੀ ਬੈਠੇ ਹਨ।

ਆਜ਼ਾਦੀ ਦੇ ਇਸ ਦੁਖਦਾਈ ਪਹਿਲੂ ਨੂੰ ਦੇਖ ਕੇ ਤਾਂ ਇੰਝ ਲੱਗਦਾ ਹੈ ਕਿ ਜੋ ਲੜਾਈ ਆਜ਼ਾਦੀ ਦੇ ਨਾਂ ਤੇ ਲੜੀ ਗਈ ਸੀ, ਉਸ ਦਾ ਮਕਸਦ ਦੇਸ਼ ਵਿਚ ਵਿਆਪਕ ਭੁੱਖਮਰੀ, ਗਰੀਬੀ, ਅਨਪੜ੍ਹਤਾ, ਦਲਿੱਦਰਤਾਜਾਂ ਜਹਾਲਤ ਨੂੰ ਖਤਮ ਕਰਕੇ ਸੁਰਗੀ ਖੁਸ਼ਹਾਲੀ ਦਾ ਰਾਜ ਵਰਤਾਣਾ ਨਹੀਂ ਸੀ ਸਗੋਂ ਇਸ ਦਾ ਮਕਸਦ ਕੇਵਲ ਸੱਤਾ ਗੋਰੇ ਸਾਹਿਬਾਂ ਤੋਂ ਖੋਹ ਕੇ ਇੱਥੇ ਦੇ ਰੱਜੇ ਪੁੱਜੇ ਧੰਨੇ ਸੇਠਾਂ ਦੇ ਹੱਥ ਦੇਣਾ ਸੀ। ਪਿਛਲੇ 71 ਸਾਲਾਂ ਦਾ ਅਨੁਭਵ ਜੇ ਕੁਝ ਦੱਸਦਾ ਹੈ ਤਾਂ ਉਹ ਇਹੀ ਹੈ ਕਿ ਅਮੀਰ ਹੋਰ ਅਮੀਰ ਹੋ ਗਏ ਹਨ ਅਤੇ ਗਰੀਬ ਹੋਰ ਗਰੀਬ! ਇਸ ਗਰੀਬ ਸ਼੍ਰੇਣੀ ਵਿਚ ਵੀ ਦਲਿਤ ਤਬਕੇ ਦੀ ਹਾਲਤ ਛੂਤ-ਛਾਤ ਅਤੇ ਜਾਤ ਨਫਰਤ ਅਤੇ ਦਵੈਸ਼ ਕਾਰਨ ਹੋਰ ਵੀ ਭੈੜੀ ਹੈ। ਜੇ ਆਜ਼ਾਦ ਭਾਰਤ ਦੇ ਸੰਵਿਧਾਨ ਦੀ ਬਦੌਲਤ ਉਹਨਾਂ ਦੇ ਹਾਲਾਤ ਵਿਚ ਸੁਧਾਰ ਦੀ ਕੁਝ ਉਮੀਦ ਬਣੀ ਸੀ, ਉਸ ਨੂੰ ਵੀ ਆਰ. ਐਸ. ਐਸ. ਆਧਾਰਿਤ ਮੋਦੀ ਸਰਕਾਰ ਦੀਆਂ ਨਿੱਜੀਕਰਨ ਨੀਤਆਂ ਨੇ ਖਤਰੇ ਵਿਚ ਪਾ ਦਿੱਤਾ ਹੈ।

ਦਲਿਤ ਸਮਾਜ ਦੀਆਂ ਸਦੀਆਂ ਦੀਆਂ ਅਣਸੁਲਝੀਆਂ ਸਮੱਸਿਆਵਾਂ ਨੂੰ ਤਾਂ ਛੱਡੋ ਹੁਣ ਤਾਂ ਸਮਾਜ ਦੇ ਦੂਜੇ ਤਬਕਿਆਂ ਨੂੰ ਵੀ ਮੋਦੀ ਦੇ ਇਸ ਹਿੰਦੁਤਵੀ ਰਾਜ ਦੀ ਚੋਭ ਮਹਿਸੂਸ ਹੋਣ ਲੱਗ ਪਈ ਹੈ। ਲੋਕਤੰਤਰੀ ਵਿਵਸਥਾ ਵਿਚ ਵੋਟਾਂ ਦੇ ਆਧਾਰ 'ਤੇ ਸਰਕਾਰਾਂ ਦਾ ਬਦਲਣਾ ਇਕ ਸਧਾਰਨ ਪ੍ਰਕਿਰਿਆ ਹੈ ਲੇਕਿਨ ਮੋਦੀ ਸਰਕਾਰ ਦੇ ਆਉਣ 'ਤੇ ਦੂਜੇ ਸਮਾਜਿਕ ਵਰਗਾਂ ਅਤੇ ਰਾਜਨੀਤਿਕ ਪਾਰਟੀਆਂ ਨੂੰ ਉਸ ਦੇ ਜਿਸ ਚਿਹਰੇ ਨੂੰ ਦੇਖ ਕੇ ਸਭ ਤੋਂ ਵੱਧ ਕਰਾਹਤ (ਪ੍ਰੇਸ਼ਾਨੀ) ਹੋਈ ਹੈ ਅਤੇ ਜੋ ਉਹਨਾਂ ਲਈ ਖੌਫ ਦਾ ਕਾਰਨ ਬਣ ਗਿਆ ਹੈ, ਉਹ ਹੈ ਉਸ ਦੀ ਕੱਟੜ ਹਿੰਦੂਤਵੀ ਵਿਚਾਰਧਾਰਾ ਅਤੇ ਹਿੰਦੂ ਧਰਮ ਸ਼ਾਸਤਰਾਂ ਅਨੁਸਾਰ ਉਲੀਕਿਆ ਰਾਜ ਪ੍ਰਬੰਧ ਅਤੇ ਆਦੇਸ਼-ਨਿਰਦੇਸ਼ ਜੋ ਆਪਣੇ ਬਹੁਧਰਮੀ ਬਹੁ-ਸਭਿਆਚਾਰਕ ਆਧੁਨਿਕ ਭਾਰਤ ਲਈ ਨਾ ਪ੍ਰਾਸੰਗਿਕ ਹੈ ਅਤੇ ਨਾ ਹੀ ਮੰਨਣਯੋਗ ਹੈ ਬਲਕਿ ਜੋ ਆਪਣੇ ਸਰਵ ਸਵੀਕ੍ਰਿਤ ਸੰਵਿਧਾਨ ਦੇ ਇਕ-ਇਕ ਧਾਰਾ (ਆਦੇਸ਼) ਦੀ ਭਾਵਨਾ ਦੇ ਬਿਲਕੁਲ ਉਲਟ ਹੈ। ਸੰਵਿਧਾਨ ਕਹਿੰਦਾ ਹੈ ਦੇਸ਼ ਦੇ ਸਭ ਨਾਗਰਿਕ ਬਿਨਾਂ ਭਿੰਨ ਭੇਦ ਜਾਤ, ਧਰਮ, ਰੰਗ,ਨਸਲ, ਲਿੰਗ ਬਰਾਬਰ ਹੈ (ਧਾਰਾ14 ਤੋਂ17) ਲੇਕਿਨ ਸੰਘੀ ਵਿਚਾਰਧਾਰਾ ਅਨੁਸਾਰ (ਜੋ ਪ੍ਰਤੱਖ ਅਪ੍ਰਤੱਖ ਲਾਗੂ ਵੀ ਹੈ) ਸਾਰੇ ਲੋਕ ਨਾਬਰਾਬਰ ਹਨ ਅਤੇ ਨਾ ਹੀ ਸਭ ਨੂੰ ਰਹਿਣ-ਸਹਿਣ, ਖਾਣ-ਪੀਣ, ਪਹਿਨਣ ਅਤੇ ਪੂਜਾ ਪਾਠ ਕਰਨ ਦੇ ਬਰਾਬਰ ਦੇ ਅਧਿਕਾਰ ਅਤੇ ਆਜ਼ਾਦੀ ਹੈ। ਕਿਉਂਕਿ ਸਾਰਾ ਦੇਸ਼ ਹਿੰਦੂ ਰਾਸ਼ਟਰ ਹੋਣ ਕਰਕੇ ਇੱਥੇ ਹਿੰਦੂ ਰਾਜ ਹੀ ਚੱਲੇਗਾ, ਜਿਸਦੇ ਆਪਣੇ ਨੇਮ ਕਾਨੂੰਨ ਅਤੇ ਸਮਾਜਿਕ ਬਣਤਰ/ਵਿਵਸਥਾ ਪਹਿਲਾਂ ਹੀ ਨਿਰਧਾਰਿਤ ਹੈ ਕਿ ਸਮਾਜ ਵਿਚ ਹਰ ਜਾਤ ਸਮੁਦਾਏ ਦਾ ਕੀ ਦਰਜਾ ਹੈ। ਕੌਣ ਜਨਮ ਤੋਂ ਪਵਿੱਤਰ ਕੌਣ ਅਪਵਿੱਤਰ, ਕੌਣ ਨੀਵਾਂ ਹੈ, ਕੌਣ ਉਚਾ ਅਤੇ ਕਿਸ ਨੇ ਕਿਹੜਾ ਪੇਸ਼ਾ (ਕੰਮ ਧੰਦਾ) ਕਰਨਾ ਹੈ ਅਤੇ ਕਿਸ ਨੂੰ ਉਹ ਪੇਸ਼ਾ ਨਹੀਂ ਕਰਨਾ। ਕੀ ਕੋਈ ਦੱਸ ਸਕਦਾ ਹੈ ਕਿ ਇਸ ਕਿਸਮ ਦੀ ਸਮਾਜਿਕ ਜਾਂ ਆਰਥਿਕ ਵਿਵਸਥਾ ਲਈ ਅੱਜ ਦੇ ਪ੍ਰਬੁੱਧ ਜਮਾਨੇ ਵਿਚ ਕੋਈ ਥਾਂ ਹੈ? ਜਿਸ ਯੁੱਗ ਵਿਚ ਅਜਿਹੀ ਅਮਾਨਵੀ ਵਿਵਸਥਾ ਘੜੀ ਗਈ ਅਤੇ ਜ਼ੋਰ-ਜਬਰ ਨਾਲ ਲਾਗੂ ਕੀਤਾ ਗਿਆ, ਉਦੋਂ ਤੋਂ ਹੁਣ ਤੱਕ ਕਈ ਯੁੱਗ ਬੀਤ ਗਏ। ਇਸ ਦੌਰਾਨ ਕਈ ਧਰਮਾਂ ਵਾਲੀਆਂ ਹਕੂਮਤਾਂ ਬਣੀਆਂ ਅਤੇ ਕੁਝ ਸਮੇਂ ਬਾਅਦ ਅਲੋਪ ਹੋ ਗਈਆਂ।

ਕਈ ਰੰਗ ਦੇ ਸਭਿਆਚਾਰ ਪ੍ਰਚੱਲਿਤ ਹੋਏ, ਸਮੇਂ ਨਾਲ ਉਹ ਵੀ ਬਦਲਦੇ ਗਏ। ਇਸ ਗੱਲ ਤੋਂ ਕੌਣ ਇਨਕਾਰ ਕਰ ਸਕਦਾ ਹੈ ਕਿ ਇਹਨਾਂ ਹਕੂਮਤਾਂ ਦੇ ਨਾਲ-ਨਾਲ ਉਹਨਾਂ ਦੇ ਕਲਚਰ, ਸੋਚ-ਸਮਝ, ਰਹਿਣ-ਸਹਿਣ, ਖਾਣ-ਪੀਣ ਦੇ ਤੌਰ-ਤਰੀਕਿਆਂ ਦਾ ਦੇਸ਼-ਸਮਾਜ ਉਪਰ ਅਸਰ ਨਹੀਂ ਪਿਆ। ਜੋ ਹੁਣ ਤੱਕ ਦੇਸ਼ ਵਾਸੀਆਂ ਦੀ ਜੀਵਨ ਸ਼ੈਲੀ ਦਾ ਅਨਿੱਖੜਵਾਂ ਅੰਗ ਬਣ ਚੁੱਕਿਆ ਹੈ। ਕੀ ਸੰਘੀ ਲੋਕ ਅੰਗਰੇਜ਼ੀ ਨਹੀਂ ਬੋਲਦੇ, ਸੂਟ-ਬੂਟ ਨਹੀਂ ਪਾਉਂਦੇ? ਕਾਰਾਂ, ਟੈਲੀਫੋਨਾਂ, ਹਵਾਈ ਜਹਾਜ਼ਾਂ, ਚਮਚੇ ਪਲੇਟਾਂ ਦਾ ਇਸਤੇਮਾਲ ਨਹੀਂ ਕਰਦੇ? ਫਿਰ ਇਹ ਲੋਕ ਇਸ ਹਜ਼ਾਰਾਂ ਸਾਲਾਂ ਤੋਂ ਚਲੀ ਆ ਰਹੀ ਮਿਲੀ-ਜੁਲੀ ਸੰਸਕ੍ਰਿਤੀ ਨੂੰ ਸਵੀਕਾਰ ਕਿਉਂ ਨਹੀਂ ਕਰਦੇ? ਕਿਉਂ ਇਯ ਦਾ ਅਤੇ ਇਸ ਨੂੰ ਮੰਨਣ ਵਾਲੇ ਲੋਕਾਂ ਦਾ ਖੁਰਾ ਖੋਜ ਮਿਟਾਉਣ ਦੇ ਪਿੱਛੇ ਪੈ ਗਏ ਹਨ?

ਬ੍ਰਾਹਮਣ ਦੇ 'ਸ਼ੁੱਧ ਖੂਨ' ਦੀ ਮਿੱਥ ਤਾਂ ਉਦੋਂ ਹੀ ਟੁੱਟ ਗਈ ਸੀ, ਜਦ ਇਹਨਾਂ ਹੀ ਤਥਾ ਕਥਿਤ ਉੱਚ ਜਾਤੀ ਸਵਰਨ ਸੂਰਮਿਆਂ ਨੇ ਆਪਣੀਆਂ ਲੜਕੀਆਂ ਨੂੰ ਖੁਦ ਹਮਲਾਵਾਰ ਬਾਦਸ਼ਾਹਾਂ ਦੇ ਘਰ ਰਾਣੀਆਂ ਬਣਾ ਕੇ ਭੇਜ ਦਿੱਤਾ। ਇਹ ਕੁਝ ਅਜਿਹੇ ਕੌੜੇ ਸੱਚ ਹਨ, ਜਿਹਨਾਂ ਨੂੰ ਕੋਈ ਸੌ ਵਾਰ ਮੰਨਣ ਤੋਂ ਨਾਂਹ ਕਰਦਾ ਰਹੇ ਪਰ ਇਤਿਹਾਸ ਵੀ ਤਾਂ ਅਜਿਹਾ ਬੇਰਹਿਮ ਸ਼ੀਸ਼ਾ ਹੈ, ਜਿਸ ਵਿਚ ਤਸਵੀਰ ਸਹੀ ਹੀ ਸਹੀ ਨਜ਼ਰ ਆਵੇਗੀ। ਤਾਜ ਮਹਿਲ ਵੀ ਤਾਂ ਅਜਿਹੇ ਹੀ ਰਿਸ਼ਤਿਆਂ ਦੀ ਨਿਸ਼ਾਨੀ ਹੈ। ਤਾਜ ਮਹਿਲ ਬਾਰੇ ਸੁਪਰੀਮ ਕੋਰਟ ਦੁਆਰਾ ਮੌਕੇ ਦੀ ਮੋਦੀ ਅਤੇ ਯੋਗੀ ਸਰਕਾਰ ਨੂੰ ਪਾਈ ਝਾੜ ਇਸ ਸੰਦਰਭ ਵਿਚ ਬਹੁਤ ਡੂੰਘੇ ਮਾਇਨੇ ਰੱਖਦੀ ਹੈ ਜਦ ਉਸ ਨੇ ਇਕ ਜਨਹਿਤ ਅਰਜ਼ੀ ਦੀ ਸੁਣਵਾਈ ਕਰਦਿਆਂ ਸਰਕਾਰ ਨੂੰ ਝਾੜ ਪਾਈ ਕਿ ਤੁਸੀਂ ਇਸ ਇਤਿਹਾਸਕ ਸਮਾਰਕ ਦੀ ਚੰਗੀ ਤਰ੍ਹਾਂ ਸਾਂਭ-ਸੰਭਾਲ ਨਹੀਂ ਕਰ ਸਕਦੇ ਤਾਂ ਇਸ ਨੂੰ ਢਾਅ ਕਿਉਂ ਨਹੀਂ ਦਿੰਦੇ? ਜ਼ਾਹਿਰ ਹੈ ਇਸ ਵਿਚ ਬਾਬਰੀ ਮਸਜਿਦ ਦੇ ਢਾਹਣ ਦਾ ਵੀ ਸੰਕੇਤ ਹੋ ਸਕਦਾ ਹੈ।

ਇਸੇ ਹਿੰਦੂ ਪ੍ਰਾਚੀਨ ਸੰਸਕ੍ਰਿਤੀ ਅਤੇ ਸੱਭਿਅਤਾ ਨੂੰ ਮੁੜ ਸਥਾਪਤ ਕਰਨੇ ਦੇ ਜੋਸ਼ ਅਤੇ ਜਨੂੰਨ ਦੇ ਪ੍ਰਭਾਵ ਅਧੀਨ ਸੰਘ ਦੇ ਸਹਿਯੋਗੀ ਸੰਗਠਨਾਂ ਬਜਰੰਗ ਦਲ, ਏ. ਬੀ. ਵੀ. ਪੀ., ਹਿੰਦੂ ਵਾਹਿਨੀ, ਗਊ ਰਕਸ਼ਕ ਦਲਾਂ ਨੇ ਜਿਸ ਤਰ੍ਹਾਂ ਹੁੜਦੰਗ ਮਚਾ ਰੱਖਿਆ ਹੈ, ਉਸ ਨੇ ਬੁਰੀ ਤਰ੍ਹਾਂ ਡਰ ਅਤੇ ਦਹਿਸ਼ਤ ਦਾ ਮਾਹੌਲ ਪੈਦਾ ਕਰ ਦਿੱਤਾ ਹੈ। ਦਲਿਤਾਂ ਦੇ ਨਾਲ-ਨਾਲ ਮੁਸਲਮਾਨ ਲਕਾਂ ਤੇ ਲਗਾਤਾਰ ਹੋ ਰਹੇ ਜ਼ੁਲਮ, ਅੱਤਿਆਚਾਰਾਂ ਦੀਆਂ ਕਹਾਣੀਆਂ ਦੇਸ਼ ਦੀਆਂ ਹੱਦਾਂ ਟੱਪ ਕੇ ਹੁਣ ਵਿਦੇਸ਼ਾਂ ਵਿਚ ਵੀ ਗੂੰਜਣ ਲੱਗ ਪਈਆਂ ਹਨ। ਇਸ ਜਨੂੰਨ ਦੀ ਅੱਗ ਨੇ ਇਸ ਹਕੂਮਤ ਦੇ ਦਿਨਾਂ ਵਿਚ ਜੋ ਇਕ ਹੋਰ ਬਹੁਤ ਹੀ ਭਿਆਨਕ ਰੂਪ ਧਾਰ ਲਿਆ ਹੈ, ਉਹ ਹੈ ਕਿਸੇ ਵੀ ਬੰਦੇ ਜਾਂ ਬੰਦਿਆਂ ਨੂੰ ਸਿਰਫ ਸ਼ੱਕ ਜਾਂ ਅਫਵਾਹ ਦੇ ਆਧਾਰ 'ਤੇ ਭੀੜ ਦੁਆਰਾ ਕੁੱਟ-ਕੁੱਟ ਕੇ ਜਾਨੋਂ ਮਾਰ ਦੇਣਾ, ਜਿਸ ਨੂੰ ਮਾਬ ਲਿੰਚਿੰਗ ਵੀ ਕਿਹਾ ਜਾਂਦਾ ਹੈ ਜੋ ਇਖਲਾਕ, ਪਹਿਲੂ ਖਾਂ, ਜੁਨੇਦ, ਅਲੀ ਮੁੱਦੀਨ ਤੋਂ ਸ਼ੁਰੂ ਹੋ ਕੇ ਬੰਦ ਹੋਣ ਦਾ ਨਾਮ ਹੀ ਨਹੀਂ ਲੈਂਦੀ। ਅਕਬਰ ਖਾਂ ਨਾਂ ਦਾ ਅਲਵਰ ਰਾਜਸਥਾਨ ਵਿਖੇ ਇਕ ਹੋਰ ਗਊ ਖਰੀਦ ਕੇ ਲੈ ਜਾ ਰਿਹਾ ਬੰਦਾ ਇਸ ਲਿੰਚਿੰਗ ਦਾ ਸ਼ਿਕਾਰ ਹੋ ਗਿਆ ਹੈ (21 ਜੁਲਾਈ)।

ਗਊ ਮਾਸ ਦੇ ਨਾਲ-ਨਾਲ ਇਕ ਹੋਰ ਬੱਚਾ ਚੋਰੀ ਦੀ ਅਫਵਾਹ ਵੀ ਜੁੜ ਗਈ ਹੈ, ਜਿਹਨਾਂ ਦੇ ਬਾਰੇ ਪਹਿਲਾਂ ਹੀ ਸਖਤ ਕਾਨੂੰਨ ਮੌਜੂਦ ਹਨ। ਲੇਕਿਨ ਉਹਨਾਂ ਦੋਸ਼ੀਆਂ ਨੂੰ ਫੜਨ ਅਤੇ ਮੌਕੇ 'ਤੇ ਮੌਤ ਦੀ ਸਜ਼ਾ ਦੇਣ ਦਾ ਅਖਤਿਆਰ ਇਹਨਾਂ ਲੋਕਾਂ ਨੂੰ ਕਿਸ ਨੇ ਦਿੱਤਾ ਹੈ? ਕੀ ਦੇਸ਼ ਵਿਚ ਕੋਈ ਕਾਨੂੰਨ ਮਸ਼ੀਨਰੀ ਨਹੀਂ ਹੈ? ਜੇ ਹੈ ਤਾਂ ਕੀ ਇਹ ਆਪਹੁਦਰੇ ਦਹਿਸ਼ਤ ਗਰਦ ਉਸ ਮਸ਼ੀਨਰੀ ਤੋਂ ਉਤੇ ਹਨ, ਜਿਸ ਕਰਕੇ ਉਹਨਾਂ ਦੇ ਦਿਲ ਵਿਚ ਕਾਨੂੰਨ ਜਾਂ ਸਜ਼ਾ ਦਾ ਥੋੜ੍ਹਾ ਜਿੰਨਾ ਵੀ ਖੌਫ ਨਹੀਂ ਹੈ? ਇਸ ਦਿਨੋ-ਦਿਨ ਵੱਧ ਰਹੀ ਗੁੰਡਾਗਰਦੀ ਤੋਂ ਤਾਂ ਸਾਫ ਨਜ਼ਰ ਆਉਂਦਾ ਹੈ ਕਿ ਜਾਂ ਤਾਂ ਸਰਕਾਰ ਕਾਨੂੰਨ ਵਿਵਸਥਾ ਨੂੰ ਕਾਇਮ ਰੱਖਣ ਵਿਚ ਫੇਲ੍ਹ (ਨਾਕਾਮ) ਹੋ ਚੁੱਕੀ ਹੈ ਜਾਂ ਫਿਰ ਇਸ ਅਰਾਜਕਤਾ ਪਿੱਛੇ ਖੁਦ ਸਰਕਾਰੀ ਮਸ਼ੀਨਰੀ ਦੀ ਸ਼ਹਿ (ਹਿਮਾਇਤ) ਹੈ। ਕੁਝ ਵੀ ਹੈ ਲੋਕਾਂ ਦਾ ਇਸ ਦਹਿਸ਼ਤਗਰਦੀ ਦੇ ਖਿਲਾਫ ਦੇਸ਼ ਦੀ ਉਚਤਮ ਅਦਾਲਤ ਤੋਂ ਜਨਹਿਤ ਅਰਜ਼ੀ ਦੁਆਰਾ ਇਨਸਾਫ ਮੰਗਣਾ ਇਸ ਗੱਲ ਦਾ ਮੂੰਹ ਬੋਲਦਾ ਸਬੂਤ ਹੈ ਕਿ ਲੋਕਾਂ ਦਾ ਸਰਕਾਰ ਦੀ ਇਨਸਾਫ ਪ੍ਰਣਾਲੀ ਤੋਂ ਭਰੋਸਾ ਪੂਰੀ ਤਰ੍ਹਾਂ ਉੱਠ ਗਿਆ ਹੈ। ਸੁਪਰੀਮ ਕੋਰਟ ਨੇ ਇਸ ਭੀੜ, ਗੁੰਡਾਗਰਦੀ ਦਾ ਸਖਤ ਨੋਟਿਸ ਲੈਂਦਿਆਂ ਅਤੇ ਸਰਕਾਰ ਵੱਲੋਂ ਆਪਣਾ ਫਰਜ਼ ਨਾ ਨਿਭਾਉਣ 'ਤੇ ਝਾੜ ਪਾਉਂਦਿਆਂ ਸਬੰਧਤ ਸਰਕਾਰਾਂ ਨੂੰ ਇਯ ਦਹਿਸ਼ਤਗਰਦੀ ਨੂੰ ਰੋਕਣ ਲਈ ਸਖਤ ਕਾਰਵਾਈ ਕਰਨ ਦੀਆਂ ਹਦਾਇਤਾਂ ਵੀ ਦਿੱਤੀਆਂ।

ਹਨੇਰਗਰਦੀ ਦੀ ਹੱਦ ਦੇਖੋ: ਇਕ ਪਾਸੇ ਤਾਂ ਸੁਪਰੀਮ ਕੋਰਟ ਇਸ ਗੁੰਡਾਗਰਦੀ ਨੂੰ ਨਕੇਲ ਪਾਉਣ ਲਈ ਅਟਾਰਨੀ ਜਨਰਲ ਨੂੰ ਬੁਲਾ ਕੇ ਸਰਕਾਰ ਨੂੰ ਹਦਾਇਤਾਂ ਦੇ ਰਹੀ ਸੀ, ਦੂਜੇ ਪਾਸੇ ਉਸੇ ਦਿਨ (17 ਜੁਲਾਈ) ਆਰੀਆ ਸਮਾਜ ਦੇ ਉਘੇ ਸਮਾਜ ਸੇਵਕ ਸਵਾਮੀ ਅਗਨੀਵੇਸ਼ ਨੂੰ ਪਾਕੁੜ (ਝਾਰਖੰਡ) ਵਿਖੇ ਆਦਿਵਾਸੀਆਂ ਵਿਚ ਪ੍ਰਚਾਰ ਕਰਨ ਦੇ ਦੋਸ਼ ਵਿਚ ਭਾਜਪਾ ਯੂਵਾ ਮੋਰਚਾ ਵਾਲਿਆਂ ਨੇ ਕੁੱਟ-ਕੁੱਟ ਕੇ ਅੱਧਮਰਾ ਕਰ ਦਿੱਤਾ। ਕੱਪੜੇ ਵੀ ਪਾੜ ਦਿੱਤੇ, ਅਖੇ ਉਹ ਲੋਕਾਂ ਨੂੰ ਸਰਕਾਰ ਦੇ ਖਿਲਾਫ ਭੜਕਾ ਰਹੇ ਸਨ। ਜਦ ਗੱਲ ਵਧੀ, ਪੁਲਿਸ ਨੂੰ ਕੇਸ ਤਾਂ ਦਰਜ ਕਰਨਾ ਪਿਆ ਲੇਕਿਨ ਨਾਲ ਦੀ ਨਾਲ ਝਾਰਖੰਡ ਸਰਕਾਰ ਦੇ ਇਕ ਮੰਤਰੀ ਨੇ ਬਿਆਨ ਦੇ ਕੇ ਮਾਮਲੇ ਨੂੰ ਘੱਟੇ 'ਚ ਰੋਲਣ ਦੀ ਕੋਸ਼ਿਸ਼ ਕੀਤੀ ਕਿ ਇਹ ਸਭ ਮਾਰ-ਕੁਟਾਈ ਦਾ ਡਰਾਮਾ ਖੁਦ ਸਵਾਮੀ ਅਗਨੀਵੇਸ਼ ਦਾ ਰਚਿਆ ਹੋਇਆ ਸੀ। (ਏ. ਬੀ. ਪੀ. ਨਿਊਜ਼)। ਇਸ ਤੋਂ ਪਹਿਲਾਂ ਕੇਂਦਰ ਦੇ ਹੀ ਮੰਤਰੀ ਜਯੰਤ ਸਿਨਹਾ ਇਸੇ ਤਰ੍ਹਾਂ ਦੇ ਲਿੰਚਿੰਗ ਕੇਸ ਦੇ ਪੰਜ ਦੋਸ਼ੀਆਂ ਨੂੰ ਫੁੱਲਾਂ ਦੇ ਹਾਰਾਂ ਨਾਲ ਸਨਮਾਨਿਤ ਕਰਕੇ ਅਖਬਾਰਾਂ ਅਤੇ ਟੀ. ਵੀ. ਚੈਨਲਾਂ ਦੀਆਂ ਸੁਰਖੀਆਂ 'ਚ ਆ ਚੁੱਕੇ ਹਨ। ਅਜਿਹੀਆਂ ਘਟਨਾਵਾਂ ਨੂੰ ਵੇਖ ਕੇ ਕੀ ਸਰਕਾਰ ਦੀ ਦਹਿਸ਼ਤਗਰਦੀ ਨੂੰ ਹੱਲਾਸ਼ੇਰੀ ਦੇਣ ਵਿਚ ਕੋਈ ਸ਼ੱਕ ਰਹਿ ਜਾਂਦੀ ਹੈ?

ਜਿੱਥੇ ਤੱਕ ਕੇਂਦਰੀ ਸਰਕਾਰ ਦਾ ਸਵਾਲ ਹੈ, ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਪਹਿਲਾਂ ਵਾਂਗ ਹੁਣ ਵੀ ਬੇਭਰੋਸਗੀ ਮਤੇ 'ਤੇ ਬੋਲਦਿਆਂ ਜ਼ਿੰਮੇਵਾਰੀ ਪ੍ਰਦੇਸ਼ ਸਰਕਾਰਾਂ 'ਤੇ ਸੁੱਟ ਕੇ ਆਪਣਾ ਪੱਲਾ ਝਾੜ ਲਿਆ ਹੈ। ਨਤੀਜਾ ਇਹ ਕਿ ਗੁੰਡਾਗਰਦੀ ਨੂੰ ਨੱਥ ਪਾਉਣ ਦੀ ਕਿਸੇ ਦੀ ਵੀ ਸਿਰਦਰਦੀ ਨਹੀਂ ਰਹੀ। ਹੋਰ ਤਾਂ ਹੋਰ ਜਦ ਗ੍ਰਹਿ ਮੰਤਰੀ ਨੂੰ ਲੋਕ ਸਭਾ ਵਿਚ ਇਸ ਵਿਸ਼ੇ 'ਤੇ ਖਿੱਚ ਕੇ ਸਵਾਲ ਪੁੱਛਿਆ ਗਿਆ ਤਾਂ ਉਹਨਾਂ ਨੇ ਜਵਾਬ ਦਿੱਤਾ ਕਿ ਇਸ ਤੋਂ ਵਧੇਰੇ ਮਾੜੇ ਕੇਸ 1984 ਦੇ ਸਿੱਖ ਵਿਰੋਧੀ ਦੰਗਿਆਂ ਦੌਰਾਨ ਹੋ ਚੁੱਕੇ ਹਨ।

ਵੈਸੇ ਤਾਂ ਮੁਸਲਮਾਨ ਨੇਤਾ ਅਸੁੱਦੀਨ ਓਬੇਸੀ ਨੇ ਵੀ ਗ੍ਰਹਿ ਮੰਤਰੀ ਨੂੰ ਫੌਰਨ ਯਾਦ ਦਿਵਾਇਆ ਕਿ ਬਾਬਰੀ ਮਸਜਿਦ ਨੂੰ ਢਾਹੁਣ ਸਮੇਂ 1992 ਵਿਚ ਅਤੇ 2002 ਵਿਚ ਗੁਜਰਾਤ ਦੇ ਮੁਸਲਿਮ ਕਤਲੇਆਮ ਨੂੰ ਵੀ ਭੁੱਲਣਾ ਨਹੀਂ ਚਾਹੀਦਾ ਪਰ ਸਰਕਾਰ ਦਾ ਕੀ ਇਹ ਗੈਰ-ਜ਼ਿੰਮੇਵਾਰ ਜਵਾਬ ਸਹੀ ਠਹਿਰਾਇਆ ਜਾ ਸਕਦਾ ਹੈ? ਕਿ ਤੇਰੀ ਕਮੀਜ਼ ਮੇਰੀ ਕਮੀਜ਼ ਨਾਲੋਂ ਜ਼ਿਆਦਾ ਮੈਲੀ ਹੈ।


ਜ਼ਿੰਮੇਵਾਰੀ ਅਤੇ ਉੱਚੇ ਅਹੁਦੇ ਦੀ ਸ਼ਰਮ ਦੀ ਇਹ ਘਟੀਆ ਤੋਂ ਘਟੀਆ ਮਿਸਾਲ ਹੈ। ਕੀ ਧਾਰਾ 21 ਦੇ ਤਹਿਤ ਹਰ ਨਾਗਰਿਕ ਨੂੰ ਜਿਊਣ ਦਾ ਅਧਿਕਾਰ ਦੇਣਾ ਕੇਂਦਰ ਸਰਕਾਰ ਦੀ ਜ਼ਿੰਮੇਵਾਰੀ ਨਹੀਂ, ਜਿਸ ਦੀ ਸਹੁੰ ਖਾ ਕੇ ਤੁਸੀਂ ਮਿਨਿਸਟਰ ਬਣੇ ਹੋ? ਇਕ ਹੋਰ ਕੇਂਦਰੀ ਮੰਤਰੀ ਅਰਜਨ ਮੇਘਵਾਲ ਨੇ ਇਹ ਬਿਆਨ ਦੇ ਕੇ ਮਾਬ ਲਿੰਚਿੰਗ ਅਪਰਾਧ ਨੂੰ ਇਕ ਹੋਰ ਹੀ ਰੰਗ ਦੇ ਦਿੱਤਾ ਕਿ ਜਿੰਦਾਂ ਜਿੰਦਾਂ ਨਰਿੰਦਰ ਮੋਦੀ ਜੀ ਦੀ ਲੋਕਪ੍ਰਿਅਤਾ ਵੱਧ ਰਹੀ ਹੈ, ਇਸ ਪ੍ਰਕਾਰ ਦੇ ਕੇਸ ਵੀ ਹੁੰਦੇ ਰਹਿਣਗੇ। (ਏ. ਬੀ. ਪੀ. ਨਿਊਜ਼)

ਇਸ ਦਮਨਕਾਰੀ ਮੁਹਿੰਮ ਵਿਚ ਜੇ ਕਿਸੇ ਦਾ ਸਭ ਤੋਂ ਵੱਧ ਨਿਰਾਸ਼ਾਜਨਕ ਰੋਲ ਹੋ ਸਕਦਾ ਹੈ ਤਾਂ ਉਸਦਾ ਸਿਹਰਾ ਵੀ ਪ੍ਰਧਾਨ ਮੰਤਰੀ ਦੇ ਸਿਰ ਹੀ ਬੱਝਦਾ ਹੈ। ਘੰਟਿਆਂ ਬੱਧੀ ਭਾਸ਼ਣਾਂ ਲਈ ਮਸ਼ਹੂਰ ਪ੍ਰਧਾਨ ਮੰਤਰੀ ਜੀ ਦੇ ਮੂੰਹੋਂ ਉਹਨਾਂ ਬੇਗੁਨਾਹ ਬੰਦਿਆਂ ਅਤੇ ਉਹਨਾਂ ਦੇ ਰੋਂਦੇ ਕੁਰਲਾਂਦੇ ਟੱਬਰਾਂ ਪ੍ਰਤੀ ਹਮਦਰਦੀ ਵਜੋਂ ਇਕ ਵੀ ਸ਼ਬਦ ਨਹੀਂ ਨਿਕਲਦਾ, ਜੋ ਇਸ ਗੁੰਡਾਗਰਦੀ ਦਾ ਸ਼ਿਕਾਰ ਬਣ ਗਏ।

20 ਜੁਲਾਈ ਨੂੰ ਵਿਰੋਧੀ ਪਾਰਟੀਆਂ ਵੱਲੋਂ ਪੇਸ਼ ਕੀਤਾ ਗਿਆ ਬੇਭਰੋਸਗੀ ਦਾ ਮਤਾ ਭਾਵੇਂ ਵੋਟਾਂ ਦੀ ਗਿਣਤੀ ਦੇ ਲਿਹਾਜ਼ ਨਾਲ ਕਾਮਯਾਬ ਨਹੀਂ ਹੋਇਆ ਲੇਕਿਨ ਇਹ ਗੱਲ ਤਾਂ ਸਪਸ਼ਟ ਹੋ ਗਈ ਕਿ ਹੁਣ ਪ੍ਰਧਾਨ ਮੰਤਰੀ ਨੂੰ ਘਰੇਲੂ ਅਤੇ ਵਿਦੇਸ਼ੀ ਮੰਚਾਂ ਤੋਂ ਇਹ ਦਾਅਵਾ ਕਰਨ ਦਾ ਕੋਈ ਅਧਿਕਾਰ ਨਹੀਂ ਰਹਿ ਗਿਆ ਕਿ ਉਹ 125 ਕਰੋੜ ਦੇਸ਼ ਵਾਸੀਆਂ ਦੇ ਪ੍ਰਤੀਨਿਧੀ ਜਾਂ ਨੇਤਾ ਹਨ। ਲੋਕ ਮਹਿੰਗਾਈ, ਆਰਥਿਕ ਤੰਗੀਆਂ ਜਾਂ ਹੋਰ ਕੁਦਰਤੀ ਆਫਤਾਂ ਦੀ ਮਾਰ ਤਾਂ ਸਹਿਣ ਕਰ ਸਕਦੇ ਹਨ ਪਰ ਜਦੋਂ ਸਵਾਲ ਹੀ ਆਪਣੀ ਜਾਨ, ਇੱਜ਼ਤ, ਮਾਣ ਦਾ ਖੜ੍ਹਾ ਹੋ ਜਾਵੇ ਤਾਂ ਬਾਕੀ ਕੀ ਰਹਿ ਜਾਂਦਾ ਹੈ? ਦੇਸ਼ ਵਾਸੀਆਂ ਦੀ ਇਹ ਖੁਸ਼ਕਿਸਮਤੀ ਹੈ ਕਿ ਉਹਨਾਂ ਦੀ ਜਾਨ-ਮਾਲ, ਇੱਜਤ ਸਨਮਾਨ ਨੂੰ ਸੁਰੱਖਿਅਤ ਰੱਖਣ ਲਈ ਦੇਸ਼ ਦਾ ਸੰਵਿਧਾਨ ਮੌਜੂਦ ਹੈ, ਜਿਸ ਵਿਚ ਇੰਨੀ ਸਮਰੱਥਾ ਹੈ ਕਿ ਜੇ ਲੋਕ ਜੋ ਵੀ ਚਾਹੁਣ ਆਪਣੇ ਵੋਟ ਦੀ ਤਾਕਤ ਨਾਲ ਆਪਣੀ ਕਿਸਮਤ ਆਪ ਬਣਾ ਸਕਦੇ ਹਨ, ਆਪਣੀ ਸਰਕਾਰ ਆਪ ਚੁਣ ਸਕਦੇ ਹਨ। ਸਰਕਾਰ ਮਾੜੀ ਹੈ ਜਾਂ ਚੰਗੀ ਹੈ, ਇਸ ਦੀ ਜ਼ਿੰਮੇਵਾਰੀ ਵੋਟ ਦੇਣ ਵਾਲੇ ਲੋਕਾਂ ਦੀ ਹੀ ਹੁੰਦੀ ਹੈ।

ਇਸ ਨੁਕਤ ਨੂੰ ਹੋਰ ਸਪਸ਼ਟਤਾ ਨਾਲ ਸਮਝਣ ਲਈ ਖੁਦ ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਡਾ. ਅੰਬੇਡਕਰ ਦੇ ਸ਼ਬਦਾਂ ਨੂੰ ਯਾਦ ਰੱਖਣਾ ਜ਼ਰੂਰੀ ਹੋਵੇਗਾ ਜੋ ਉਹਨਾਂ ਨੇ ਸੰਵਿਧਾਨ ਸਭਾ ਵਿਚ 25 ਨਵੰਬਰ 1949 ਨੂੰ ਕਹੇ ਸਨ ਕਿ 'ਸੰਵਿਧਾਨ ਚਾਹੇ ਜਿੰਨਾ ਵੀ ਚੰਗਾ ਹੋਵੇ ਪਰ ਜੇ ਉਸ ਨੂੰ ਲਾਗੂ ਕਰਨ ਵਾਲੇ ਲੋਕ ਮਾੜੇ ਹੋਣਗੇ ਤਾਂ ਸੰਵਿਧਾਨ ਵੀ ਮਾੜਾ ਹੋ ਸਕਦਾ ਹੈ ਅਤੇ ਮਾੜੇ ਸੰਵਿਧਾਨ ਨੂੰ ਵੀ ਲਾਗੂ ਕਰਨ ਵਾਲੇ ਚੰਗੇ ਲੋਕ ਉਸ ਨੂੰ ਚੰਗਾ ਬਣਾ ਸਕਦੇ ਹਨ? ਇਸ ਦਾ ਸਾਫ ਮਤਲਬ ਹੈ ਕਿ ਜੇ ਮੌਜੂਦ ਸਰਕਾਰ ਲੋਕਾਂ ਦੀਆਂ ਉਮੀਦਾਂ ਅਤੇ ਉਸ ਦੇ ਹੀ ਕੀਤੇ ਗਏ ਵਾਅਦਿਆਂ 'ਤੇ ਪੂਰਾ ਨਹੀਂ ਉਤਰਦੀ ਤਾਂ ਉਹ ਸੰਵਿਧਾਨ ਦੀ ਦਿੱਤੀ ਵੋਟ ਦੀ ਤਾਕਤ ਨਾਲ ਉਸ ਨੂੰ ਬਦਲ ਵੀ ਸਕਦੇ ਹਨ ਅਤੇ ਦੇਸ਼ ਵਿਚ ਕਾਨੂੰਨ ਦਾ ਰਾਜ ਅਤੇ ਸੁਤੰਤਰਤਾ, ਬਰਾਬਰਤਾ, ਸੁਹਿਰਦ ਭਾਈਚਾਰੇ ਦਾ ਵਰਤਾਰਾ ਮੁੜ ਬਹਾਲ ਕੀਤਾ ਜਾ ਸਕਦਾ ਹੈ।

# ਆਨ ਲਾਈਨ ਠੱਗੀ ਮਾਰਨ ਦੇ ਨਵੇਂ ਤਰੀਕੇ ਤੋਂ ਬਚੋ





ਪ੍ਰਮੋਦ ਧੀਰ
91-98550-31081

ਅੱਜ ਕੱਲ ਆਨਲਾਈਨ ਠੱਗਾਂ ਨੇ ਭੋਲੇ ਭਾਲੇ ਲੋਕਾਂ ਨਾਲ ਠੱਗੀ ਮਾਰਨ ਦਾ ਨਵਾਂ ਤਰੀਕਾ ਲੱਭ ਲਿਆ ਹੈ। ਠੱਗਾਂ ਦੁਆਰਾ ਵਟਸ ਅੱਪ ਤੋ ਟੈਕਸ ਜਾਂ ਵੋਆਇਸ ਮੈਸੇਜ ਆਉਂਦਾ ਹੈ ਕਿ ਤੁਹਾਡਾ ਕੋਣ ਬਣੇਗਾ ਕਰੋੜਪਤੀ ਤਹਿਤ 25 ਲੱਖ ਜਾਂ 50 ਲੱਖ ਰੁਪਏ ਦਾ ਡਰਾਅ ਨਿਕਲਿਆ ਹੈ। ਤੁਹਾਡਾ ਲਾਟਰੀ ਨੰਬਰ ਦੱਸਿਆ ਜਾਵੇਗਾ ਅਤੇ ਕਿਹਾ ਜਾਵੇਗਾ ਕਿ ਇਸ ਇਨਾਮ ਨੂੰ ਕਲੇਮ ਕਰਨ ਲਈ ਇਸ ਨੰਬਰ ਤੇ ਕਾਲ ਕਰੋ।

ਇਸ ਸਬੰਧੀ ਮੈਨੂੰ ਵੀ ਵਟਸ ਅੱਪ ਤੇ ਮੈਸੇਜ ਆਇਆ ਸੀ ਕਿ ਤੁਹਾਡੇ ਮੋਬਾਇਲ ਨੰਬਰ ਨੇ ਕੌਣ ਬਣੇਗਾ ਕਰੋੜਪਤੀ ਡਰਾਅ ਤਹਿਤ 50 ਲੱਖ ਰੁਪਏ ਦਾ ਇਨਾਮ ਨਿਕਲਿਆ ਹੈ ਇਨਾਮ ਪ੍ਰਾਪਤ ਕਰਨ ਲਈ ਫਲਾਨੇ ਨੰਬਰ ਤੇ ਵੱਟਪ ਕਾਲ ਜਾਂ ਮੈਸੇਜ ਕਰੋ ਜਿਸਨੂੰ ਮੈਂ ਬਿਨਾਂ ਕੋਈ ਕਾਰਵਾਈ ਕੀਤੇ ਛੱਡ ਦਿੱਤਾ। ਇਸੇ ਤਰਾਂ ਹੁਣ ਕੁਝ ਕੁ ਦਿਨ ਪਹਿਲਾਂ ਮੇਰੇ ਇਕ ਦੋਸਤ ਨੂੰ +923138314129 ਨੰਬਰ ਤੋਂ ਰਾਹੁਲ ਵਰਮਾ, ਆਈਡੀਆ ਕਸਟਮਰ ਕੇਅਰ ਮੇਨ ਹੈੱਡ ਦਿੱਲੀ ਅਤੇ +923046608136 ਨੰਬਰ ਤੋਂ ਰੋਹਿਤ ਸ਼ਰਮਾ, ਮੈਨ ਹੈੱਡ ਬਰਾਂਚ ਆਈਡੀਆ ਕਸਟਮਰ ਕੇਅਰ ਮੁੰਬਈ ਤੋਂ ਇਸੇ ਤਰਾਂ ਦਾ ਮੈਸੇਜ ਵੱਟਸ ਅੱਪ ਤੇ ਵੁਆਇਸ ਮੈਜੇਜ ਰਾਹੀਂ ਆਇਆ ਤੇ ਕਹਿਣ ਲੱਗਾ ਕਿ ਮੈਂ ਰਾਹੁਲ ਵਰਮਾ / ਰੋਹਿਤ ਸ਼ਰਮਾ ਬੋਲ ਰਹਾ ਹੂੰ ਦਿੱਲੀ/ ਮੁੰਬਈ ਸੇ, ਆਪਕਾ ਕੌਣ ਬਣੇਗਾ ਕਰੋੜਪਤੀ ਕਾ 25 ਲੱਖ ਰਪਏ ਕਾ ਡਰਾਅ ਨਿਕਲਾ ਹੈ, ਆਪਕਾ ਲੱਕੀ ਡਰਾਅ ਨੰਬਰ 95967 ਹੈ ਅਤੇ ਅੱਗੇ ਕਿਹਾ ਕਿ +923014133581 ਤੇ ਵਟਸਐਪ ਕਾਲ ਕਰੋ ਜਿਸਨੂੰ ਜਸਪਾਲ ਸਿੰਘ, ਬਰਾਂਚ ਮੈਨੇਜਰ ਪੰਜਾਬ ਨੈਸ਼ਨਲ ਬੈਂਕ ਬਰਾਂਚ ਦਿੱਲੀ ਨੇ ਚੁੱਕਿਆ ਅਤੇ ਕਿਹਾ ਕਿ ਵਧਾਈ ਹੋ ਜੀ ਤੁਸੀਂ ਆਪਣਾ ਇਨਾਮ ਜਿੱਤ ਲਿਆ ਹੈ ਅਤੇ ਤੁਸੀਂ ਟੈਕਸ ਦੇ ਤੌਰ ਤੇ ਇੱਕ ਲੱਖ ਪੱਚੀ ਹਜਾਰ (125000 ਰੁਪਏ) ਜਾਂ 25000 ਰੁਪਏ ਖਾਤਾ ਨੰਬਰ 32044861575 ਜੋ ਕਿ ਅਨਿਲ ਕੁਮਾਰ ਪੰਡਤ ਦੇ ਨਾਮ ਤੇ ਹੈ ਇਸ ਵਿੱਚ ਜਮ੍ਹਾਂ ਕਰਵਾਉ। ਫਿਰ ਤੁਹਾਡੇ ਇਨਾਮ ਦੀ ਰਾਸ਼ੀ ਤੁਹਾਡੇ ਖਾਤੇ ਵਿੱਚ ਪਾ ਦਿੱਤੀ ਜਾਵੇਗੀ। ਜੋ ਕਿ ਇੱਕ ਠੱਗੀ ਹੈ ਨਿਰ੍ਹਾ ਝੂਠ ਹੈ। ਇਹ ਨੰਬਰ ਪਾਕਿਸਤਾਨ ਦੇ ਠੱਗਾਂ ਦੇ ਹਨ ਇਸ ਨਈ ਸਾਰੇ ਸੂਝਵਾਨ ਪਾਠਕਾਂ ਨੂੰ ਬੇਨਤੀ ਹੈ ਕਿ ਇਸ ਤਰਾਂ ਦੇ ਨਵੇਂ ਤਰੀਕੇ ਦੇ ਆਨ ਲਾਈਨ ਠੱਗਾਂ ਤੋਂ ਬਚੋ। ਜਿਸ ਤਰਾਂ ਤੁਸੀਂ ਮੇਰੇ ਪਹਿਲੇ ਆਨ ਲਾਈਨ ਠੱਗੀ ਮਾਰਨ ਵਾਲਿਆਂ ਤੋਂ ਬਚਣ ਬਾਰੇ ਲੇਖ ਪੜ੍ਹੇ ਹਨ ਉਸੇ ਤਰਾਂ ਇਸ ਲੇਖ ਨੂੰ ਪੜ੍ਹ ਕੇ ਆਪਣੇ ਅਤੇ ਆਪਣੇ ਹੋਰ ਸਾਥੀਆਂ ਨੂੰ ਇਸ ਨਵੀਂ ਠੱਗੀ ਤੋਂ ਬਚਾ ਸਕਦੇ ਹੋ।

# ਲੀਡਰ ਕਲੱਬ ਦਾ ਸਟਾਰ ਫ਼ੁੱਟਬਾਲ ਖਿਡਾਰੀ- ਨਿਰੰਜਨ ਦਾਸ ਮੰਗੂਵਾਲ

**ਇਕਬਾਲ ਸਿੰਘ ਜੱਬੋਵਾਲੀਆ**

ਸ਼ਹੀਦੇ ਆਜ਼ਮ ਸ. ਭਗਤ ਸਿੰਘ ਦੇ ਗੁਆਂਢੀ ਪਿੰਡ ਮੰਗੂਵਾਲ ਨੇ ਪਿੰਡ ਦੇ ਖੇਡ ਮੇਲਿਆਂ ਤੋਂ ਯੂਨੀਵਰਸਿਟੀਆਂ, ਇੰਟਰ-ਯੂਨੀਵਰਸਿਟੀਆਂ, ਪੰਜਾਬ, ਪ੍ਰਸਿੱਧ ਕਲੱਬਾਂ ਅਤੇ ਭਾਰਤ ਲਈ ਨਾਮਵਰ ਫ਼ੁੱਟਬਾਲ ਖਿਡਾਰੀ ਪੈਦਾ ਕੀਤੇ ਹਨ। ਅਜਿਹੇ ਮਾਹੌਲ ਕਰਕੇ ਉਠ ਰਹੇ ਪਿੰਡ ਦੇ ਨਵੇਂ ਖਿਡਾਰੀਆਂ ਨੂੰ ਉਤਸ਼ਾਹ ਮਿਲਦਾ ਰਿਹੈ। ਤੇਜ਼ ਤਰਾਰ ਫ਼ੁੱਟਬਾਲ ਖਿਡਾਰੀ ਨਿਰੰਜਨ ਦਾਸ ਨੇ ਵੀ ਇਸੇ ਪਿੰਡ ਜਨਮ ਲਿਆ। ਖੇਡ-ਜਗਤ ਅਤੇ ਯਾਰਾਂ-ਬੇਲੀਆਂ 'ਚ ਉਹ ਨੰਜੂ ਭਗਤ ਕਰਕੇ ਵੀ ਜਾਣਿਆਂ ਜਾਂਦਾ ਸੀ। ਉਹ ਸਕੂਲ, ਕਾਲਜ, ਯੂਨੀਵਰਸਿਟੀ ਤੋਂ ਹੁੰਦਾ ਹੋਇਆ, ਜੇ ਸੀ ਟੀ, ਲੀਡਰ ਅਤੇ ਪੰਜਾਬ ਦਾ ਮਸ਼ਹੂਰ ਖਿਡਾਰੀ ਬਣਿਆ।

ਇਕ ਗਰੀਬ ਮਿਹਨਤਕਸ਼ ਪਰਿਵਾਰ ’ਚ ਜਨਮ ਲੈ ਕੇ ਨਿਰੰਜਨ ਨੇ ਮੁੱਢਲੀ ਪੜ੍ਹਾਈ ਪਿੰਡੋਂ ਅਤੇ ਦਸਵੀਂ ਹਾਈ ਸਕੂਲ ਬੰਗਾ ਤੋਂ ਕੀਤੀ। ਪਿੰਡ ’ਚ ਆਪ ਤੋਂ ਵੱਡਿਆਂ ਨੂੰ ਗਰਾਊਂਡ ਵਿੱਚ ਖੇਡਦੇ ਵੇਖ ਉਹਨੇ ਵੀ ਗਰਾਊਂਡ ਜਾਣਾ ਸ਼ੁਰੂ ਕਰ ਦਿੱਤਾ। ਫ਼ੁੱਟਬਾਲ ਖੇਡਣ ਲੱਗਾ। ਦਸਵੀਂ ਕਲਾਸ ’ਚ ਚੰਗੀ ਖੇਡ ਸਦਕਾ ਉਸ ਨੂੰ ਐਸ. ਐਨ. ਕਾਲਜ ਬੰਗਾ ਵਾਲੇ ਲੈ ਗਏ। ਚਾਰ ਸਾਲ ਬੰਗਾ ਕਾਲਜ ਵਲੋਂ ਖੇਡਿਆ ਤੇ ਗੇਮ ਦਾ ਵਧੀਆ ਪ੍ਰਦਰਸ਼ਨ ਕੀਤਾ। 1968-69 ਵਿੱਚ ਪੰਜਾਬ ਯੂਨੀਵਰਸਿਟੀ ਵਲੋਂ ਆਲ ਇੰਡੀਆ ਇੰਟਰ-ਯੂਨੀਵਰਸਿਟੀ ਅਲੀਗੜ੍ਹ ਖੇਡਿਆ। ਅਲੀਗੜ੍ਹ ਤੋਂ ਉਪਰੰਤ ਉਜੈਨ (ਮੱਧ ਪ੍ਰਦੇਸ਼) ਖੇਡਣ ਗਿਆ ਤੇ ਨਾਰਥ, ਸਾਊਥ, ਈਸਟ, ਵੈਸਟ ਚਾਰੇ ਟੀਮਾਂ ਨੇ ਇਕ ਦੂਜੇ ਨਾਲ ਚੈਪੀਅਨਸ਼ਿਪ ਖੇਡੀ। ਉਲੰਪੀਅਨ ਜਰਨੈਲ ਸਿੰਘ ਪਨਾਮ ਟੀਮ ਦਾ ਮੁੱਖ ਕੋਚ ਬਣ ਕੇ ਨਾਲ ਗਿਆ ਸੀ। ਮੁੱਖ ਮਹਿਮਾਨ ਵੀ ਉਥੇ ਜਰਨੈਲ ਸਿੰਘ ਹੀ ਸੀ।ਉਸ ਚੈਪੀਂਅਨਸ਼ਿਪ ਵਿੱਚੋਂ ਨਿਰੰਜਨ ਹੁਣਾਂ ਦੀ ਟੀਮ ਦੂਜੇ ਨੰਬਰ ’ਤੇ ਰਹੀ। ਗੁਰਦੇਵ ਸਿੰਘ ਗਿੱਲ (ਅਰਜਨ ਐਵਾਰਡੀ), ਜੋਗਿੰਦਰ ਝੁੱਟੀ, ਪ੍ਰਮਿੰਦਰ ਕੋਚ ਤੇ ਮਨਜੀਤ ਸਿੰਘ ਖਰੜ-ਅੱਚਰਵਾਲ ਸਾਥੀ ਖਿਡਾਰੀ ਸਨ। 1967 ’ਚ ਜਦੋਂ ਬੰਗਲੌਰ ਖੇਡਣ ਗਏ ਤਾਂ ਮਨਜੀਤ ਵੀ ਸੀ। ਚੰਗੀ ਖੇਡ ਸਦਕਾ ਮਨਜੀਤ ਲੀਡਰ ਕਲੱਬ, ਪੰਜਾਬ ਪੁਲਿਸ, ਬੀ ਐਸ ਐਫ਼, ਪੰਜਾਬ ਰਾਜ ਬਿਜਲੀ ਬੋਰਡ ਹੁਸ਼ਿਆਰ, ਈਸਟ ਬੰਗਾਲ (ਮੋਹਣ ਬਗਾਨ) ਖੇਡਿਆ ਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਕੋਚ ਲੱਗਾ। ਵਧੀਆ ਗੇਮ ਕਰਕੇ ਵੱਖ ਵੱਖ ਮਹਿਕਮਿਆਂ ਵਾਲੇ ਉਸ ਦੀ ਡਿਮਾਂਡ ਕਰਦੇ ਸਨ। ਹਰ ਪਾਸੇ ਮਨਜੀਤ-ਮਨਜੀਤ ਹੁੰਦੀ ਸੀ। ਅਫ਼ਸੋਸ..ਉਹ ਇਕ ਹਾਦਸੇ ਦਾ ਸ਼ਿਕਾਰ ਹੋ ਗਿਆ ਤੇ ਉਸ ਦੇ ਤੁਰ ਜਾਣ ਨਾਲ ਖੇਡ ਜਗਤ ਨੂੰ ਬਹੁਤ ਘਾਟਾ ਪਿਆ।






ਮਨਜੀਤ ਤੋਂ ਇਲਾਵਾ ਟਾਪ ਖਿਡਾਰੀ ਹਰਜਿੰਦਰ ਵੀ ਨਾਲ ਹੁੰਦਾ। ਬੰਗਾ-ਨਵਾਂ ਸ਼ਹਿਰ ਇਲਾਕੇ ’ਚੋਂ ਸਿਰਫ਼ ਨਿਰੰਜਨ ਹੀ ਟੀਮ ਦਾ ਮੁੱਖ ਖਿਡਾਰੀ ਸੀ।ਕਦੇ ਉਹ ਲੈਫ਼ਟ ਹਾਫ਼ ਖੇਡਦਾ ਤੇ ਕਦੇ ਰਾਈਟ ਹਾਫ਼ ਬੈਕ। 1969-70 ’ਚ ਖਾਲਸਾ ਕਾਲਜ ਵਿਖੇ ਇਕ ਸਾਲ ਲਾਇਆ ਤੇ ਖੇਡ ਨੂੰ ਹੋਰ ਚਮਕਾਇਆ। ਸੰਨ ’71-72 ਵਿੱਚ ਜੇ. ਸੀ. ਟੀ. ਫਗਵਾੜਾ ਵਾਲੇ ਲੈ ਗਏ। ਫਿਰ ਉਹ ਲੀਡਰ ਕਲੱਬ ਚਲੇ ਗਿਆ। ਲੀਡਰ ਕਲੱਬ ਵਾਲਿਆਂ ਦਾ ਕਦੇ ਪਿੱਤਲ ਦਾ ਵੱਡਾ ਕਾਰੋਬਾਰ ਹੁੰਦਾ ਸੀ। ਉਨ੍ਹਾਂ ਦੇ ਸ਼ਿਪ ਚਲਦੇ ਸਨ। ਡੇਅਰੀ-ਫ਼ਾਰਮ ਵੀ ਸੀ, ਜਿਥੋਂ ਰੋਜ਼ਾਨਾ ਖਾਣ ਨੂੰ ਦੁੱਧ ਤੇ ਅੰਡੇ ਮਿਲਦਾ। ਇਕ ਸਾਲ ਲੀਡਰ ਖੇਡਣ ਉਪਰੰਤ ਅਗਲੇ ਸਾਲ ਡੀ ਪੀ ਈ ਕਰਨ ਪਟਿਆਲੇ ਚਲਾ ਗਿਆ। ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਪਿੰਡ ‘ਸਰਾਭਾ’ ਵਿਖੇ ਟੂਰਨਾਮੈਂਟ ਖੇਡਿਆ ਤੇ ਉਸ ਨੂੰ ’ਵਧੀਆ ਖਿਡਾਰੀ ’ ਦਾ ਖਿਤਾਬ ਦੇ ਕੇ ਨਿਵਾਜਿਆ ਗਿਆ।

ਜਦੋਂ ਉਹ ਪਟਿਆਲੇ ਐਮ. ਪੀ. ਐਡ ਕਰਨ ਗਿਆ ਤਾਂ ਪ੍ਰਸਿੱਧ ਗਾਇਕ ਗੁਰਦਾਸ ਮਾਨ ਨੇ ਵੀ ਨਾਲ ਹੀ ਐਮ. ਪੀ. ਐਡ. ਕੀਤੀ। ਸਟੇਜਾਂ ’ਤੇ ਗੁਰਦਾਸ ਮਾਨ ਨਾਲ ਉਹਦਾ ਫਸਵਾਂ ਮੁਕਾਬਲਾ ਹੁੰਦਾ। ਗੁਰਦਾਸ ਮਾਨ ਇਸਕ-ਮਾਸ਼ੂਕੀ ਦੇ ਗੀਤ ਗਾਉਂਦਾ ਤੇ ਨਿਰੰਜਨ ਵਲੋਂ ਇਨਕਲਾਬੀ ਤੇ ਦੇਸ਼-ਭਗਤੀ ਦੇ ਗੀਤ ਗਾਏ ਜਾਂਦੇ। ਇਕੱਠੇ ਪੜ੍ਹਦੇ ਤੇ ਗਾਉਣ ਕਰਕੇ ਗੁਰਦਾਸ ਮਾਨ ਜੇ ਕਿਤੇ ਮਿਲ ਪੈਂਦਾ ਤਾਂ ਬੜੇ ਨਿੱਘ ਨਾਲ ਹੱਥ ਜੋੜ ਕੇ ਮਿਲਦਾ। ਇਕ ਵਾਰ ਬੰਗੀਂ ਗ਼ੁਲਾਮੀ ਸ਼ਾਹ ਦੀ ਜਗ੍ਹਾ ’ਤੇ ਗੁਰਦਾਸ ਮਾਨ ਪ੍ਰੋ-ਗਰਾਮ ਕਰਨ ਗਿਆ। ਨਿਰੰਜਨ ਉਹਨੂੰ ਮਿਲਣਾ ਚਾਹੁੰਦਾ ਸੀ ਪਰ ਪੁਲਿਸ ਵਾਲੇ ਉਹਨੂੰ ਅੱਗੇ ਨਹੀਂ ਸਨ ਜਾਣ ਦੇ ਰਹੇ। ਗੁਰਦਾਸ ਮਾਨ ਦੀ ਅਚਾਨਕ ਨਜ਼ਰੀਂ ਪੈ ਗਿਆ। ਪੁਲਿਸ ਤੇ ਲੋਕਾਂ ਦੀ ਭੀੜ ਨੂੰ ਚੀਰਦਾ ਉਹ ਬੜੇ ਪਿਆਰ ਨਾਲ ਨਿਰੰਜਨ ਨੂੰ ਮਿਲਿਆ। ਉਹਦੀ ਉੱਚੀ ਅਵਾਜ਼ ਤੋਂ ਗੁਰਦਾਸ ਮਾਨ ਵੀ ਬੜਾ ਪ੍ਰਭਾਵਿਤ ਸੀ।

ਮੰਗੂਵਾਲ ਜੇ ਖਿਡਾਰੀਆਂ ਦਾ ਗੜ੍ਹ ਰਿਹੈ ਤਾਂ ਇਨਕਲਾਬੀਆਂ ਦਾ ਵੀ ਮੋਹਰੀ ਰਿਹੈ। ਇਥੇ ਭਾਈ ਗੁਰਸ਼ਰਨ ਸਿੰਘ ਉਰਫ਼ ਭਾਈ ਮੰਨਾ ਸਿੰਘ, ਮਾਸਟਰ ਗਿਆਨ ਸਿੰਘ ਸੰਘਾ, ਪਰਮਜੀਤ ਕਾਹਮਾਂ, ਰਵਿੰਦਰ ਸਹਿਰਾਅ, ਜੈਮਲ ਪੱਡਾ, ਸੰਤ ਰਾਮ ਉਦਾਸੀ, ਪਾਸ਼ ਤੇ ਸ਼ਿਵ ਕੁਮਾਰ ਬਟਾਲਵੀ ਵੀ ਆਉਂਦੇ ਰਹੇ ਹਨ। ਅੰਗਰੇਜ਼ਾਂ ਸਮੇਂ ਦੀ ਵੱਡੀ ਕੋਠੀ ਵਿੱਚ ਖੇਡਾਂ 'ਚ ਸ਼ੌਕ ਰੱਖਣ ਵਾਲੇ ਬਾਰੂ ਰਾਮ ਦੀ ਰਿਹਾਇਸ਼ ਸੀ ਤੇ ਉਸ ਵਲੋਂ ਹੀ ਖਾਣ ਪੀਣ ਦਾ ਸਾਰਾ ਪ੍ਰਬੰਧ ਕੀਤਾ ਜਾਂਦਾ। ਸਾਰੀ ਸਾਰੀ ਰਾਤ ਮਹਿਫ਼ਲ ਜੰਮਦੀ ਕਵੀ ਦਰਬਾਰ ਲੱਗਦੇ ਤੇ ਇਨਕਲਾਬੀ ਗੀਤ ਗਾਏ ਜਾਂਦੇ। ਨਿਰੰਜਨ ਦਾਸ ਜੈਮਲ ਪੱਡੇ ਤੇ ਸੰਤ ਰਾਮ ਉਦਾਸੀ ਨਾਲ ਉੱਚੀ ਸੁਰ ’ਚ ਬਰਾਬਰ ਇਨਕਲਾਬੀ ਤੇ ਦੇਸ਼ ਭਗਤੀ ਦੇ ਗੀਤ ਗਾਉਂਦਾ। ਇਸ ਪਿੰਡ 'ਚ ਹਰ ਵਰਗ ਤੇ ਖੁੱਲ੍ਹੇ-ਖਿਆਲਾਂ ਦੇ ਲੋਕ ਵਸਦੇ ਹਨ। ਨਾ ਕੋਈ ਮਜ਼੍ਹਬ ਨੂੰ ਮੰਨਦਾ ਹੈ ਤੇ ਨਾ ਹੀ ਕਿਸੇ ਜਾਤ ਨੂੰ। ਹਰ ਕੋਈ ਮੋਢੇ ਨਾਲ ਮੋਢਾ ਡਾਹ ਕੇ ਬਰਾਬਰ ਜਾ ਖੜ੍ਹਦਾ। ਭਾਈ ਗੁਰਸ਼ਰਨ ਸਿੰਘ ਦੇ ਰਾਹਾਂ ’ਤੇ ਚਲਦੇ ਜਸਵੰਤ ਖਟਕੜ, ਨਰਿੰਦਰ ਕੌਰ, ਨਿਰੰਜਨ ਦਾਸ, ਕਮਲਜੀਤ ਕੌਰ (ਨਿਰੰਜਨ ਦੀ ਪਤਨੀ ਕਮਲਜੀਤ ਨੇ ’79 ਤੋਂ 81 ਤੱਕ ਸਾਥ ਦਿੱਤਾ) ਤੇ ਜਰਨੈਲ ਸਿੰਘ ਰਾਹੀ, ਰਾਜਿੰਦਰ ਖਹਿਰਾ ਤੇ ਕਸ਼ਮੀਰੀ ਲਾਲ ਨੇ ਸੰਨ ’75 ’ਚ ’ਦੋਆਬਾ ਕਲਾ ਮੰਚ’ ਸਥਾਪਤ ਕਰਕੇ ਪੰਜਾਬ ਦੇ ਪਿੰਡਾਂ ’ਚ ਇਨਕਲਾਬੀ ਨਾਟਕ ਸ਼ੁਰੂ ਕੀਤੇ। ਜਸਵੰਤ ਖਟਕੜ ਤੇ ਪਾਸ਼ ਦੀ ਆਪਸੀ ਬੜੀ ਯਾਰੀ ਸੀ। ਪਾਸ਼ ਅਕਸਰ ਜਸਵੰਤ ਕੋਲ ਮੰਗੂਵਾਲ ਆਇਆ ਰਹਿੰਦਾ। ਪੰਜਾਬ ਸਟੂਡੈਂਟਸ ਯੂਨੀਅਨ ਜਲੰਧਰ ਦਾ ਸਕੱਤਰ ਅਤੇ ਸੂਬਾ ਪ੍ਰਧਾਨ ਰਵਿੰਦਰ ਸਹਿਰਾਅ ਨੇ ਨਿਰੰਜਨ ਨੂੰ ਪਟਿਆਲੇ ਪੜ੍ਹਦੇ ਅਤੇ ਖੇਡਦੇ ਨੂੰ ਵੇਖਿਆ ਅਤੇ ਗੁਰਦਾਸ ਮਾਨ ਨਾਲ ਹੁੰਦੇ ਮੁਕਾਬਲੇ ਵੇਖੇ।ਜਦੋਂ ਕਦੇ ਇਨਕਲਾਬੀ ਸਟੇਜਾਂ'ਤੇ ਗਾਉਣ ਲਈ ਜੈਮਲ ਪੱਡੇ ਨੂੰ ਸੱਦਣ ਜਾਣਾ ਤਾਂ ਉਹਨੇ ਕਹਿਣਾ-"ਮੈਂ ਉਥੇ ਕੀ ਕਰਨਾ, ਤੁਹਾਡੇ ਕੋਲ ਨਿਰੰਜਨ ਤਾਂ ਹੈ..!” ਲੋਕੀ ਅਕਸਰ ਨਿਰੰਜਨ ਨੂੰ- "ਸਾਡੀ ਵੀਹੀ ਵਿੱਚ ਚੂੜੀਆਂ ਦਾ ਹੋਕਾ ਨਾ ਦੇਈ ਵੇ ਵੀਰਾ ਵਣਜਾਰਿਆ” ਗੀਤ ਦੀ ਫਰਮਾਇਸ਼ ਕਰਦੇ ਰਹਿੰਦੇ।

ਪਿੰਡ ਦੇ ਜਿਨ੍ਹਾਂ ਪੁਰਾਣੇ ਖਿਡਾਰੀਆਂ ਨੂੰ ਵੇਖ ਕੇ ਨਿਰੰਜਨ ਨੇ ਖੇਡਣਾ ਸ਼ੁਰੂ ਕੀਤਾ ਉਹ ਸਨ:- ਚੌਧਰੀ ਚੈਨ ਸਿੰਘ, ਰਤਨ ਸਿੰਘ ਖਟਕੜ, ਹਰਬਲਾਸ, ਭਗਤ ਰਾਮ, ਗੁਰਦੇਵ ਖਹਿਰਾ, ਗੁਰਦੇਵ ਖਟਕੜ ਵੈਟਨਰੀ, ਗੁਰਬਖਸ਼ ਖਟਕੜ, ਗੁੱਜਰ ਸਿੰਘ ਖਟਕੜ, ਮਹਿੰਦਰ ਸਿੰਘ ਖਟਕੜ, ਅਜੀਤ ਰਾਮ ਗੁਰੂ, ਕ੍ਰਿਸ਼ਨ ਸਿੰਘ ਖਟਕੜ, ਇਕਬਾਲ ਸਿੰਘ ਖਰੜ ਵਾਲਾ, ਸ਼ਾਦੀ ਰਾਮ, ਕੈਪਟਨ ਗੁਰਮੀਤ ਸਿੰਘ ਖਟਕੜ, ਹੀਰਾ ਸਿੰਘ ਖਟਕੜ ਤੇ ਕੇਵਲ ਖਟਕੜ। ਉਪਰੋਕਤ ਖਿਡਾਰੀ ’55 ਤੋਂ 69 ਦੇ ਤਕੜੇ ਫ਼ੁੱਟਬਾਲ ਖਿਡਾਰੀ ਹੋਏ।

ਸੰਨ ’64 ਤੋਂ ’75 ਤੱਕ ਦੇ ਖਿਡਾਰੀਆਂ ਵਿੱਚ ਨਿਰੰਜਨ ਦਾਸ, ਮਲਕੀਤ ਖਟਕੜ ਕੈਨੇਡਾ, ਬਲਿ-ਹਾਰ ਖਟਕੜ ਕੈਨੇਡਾ, ਅਜੀਤ ਸਿੰਘ ਯੂ ਕੇ, ਪਰਮਲ ਖਹਿਰਾ, ਰਾਜਿੰਦਰ ਖਹਿਰਾ, ਹਰੀ ਦੇਵ, ਇਕਬਾਲ ਖਟਕੜ, ਹਰਭਜਨ ਖਟਕੜ ਉਰਫ਼ ਤਾਇਆ, ਰਾਮ ਕਿਸ਼ਨ, ਸੋਹਣ ਲਾਲ, ਬਾਰੂ ਰਾਮ, ਸੈਕਟਰੀ ਇਕਬਾਲ ਸਿੰਘ, ਕਸ਼ਮੀਰ ਸਿੰਘ ਖਰੜ, ਮੋਹਣ ਲਾਲ ,ਬੀਰੂ ਰਾਮ, ਰਾਮ ਲਾਲ ਤੇ ਦਰਸ਼ਨ ਖਟਕੜ ਸਾਥੀ ਖਿਡਾਰੀ ਸਨ। ਦਰਸ਼ਨ ਖਟਕੜ ਸਰਬ-ਸੰਮਤੀ ਨਾਲ ਕਈ ਸਾਲ ਪਿੰਡ ਦਾ ਸਰਪੰਚ ਵੀ ਰਿਹੈ। ਅੱਜਕੱਲ੍ਹ ਉਹ ਪਟਿਆਲੇ ਹੈ।

ਸੰਨ ’75 ਤੋਂ ’84 ਤੱਕ ਗੁਰਪਾਲ ਫ਼ੌਜੀ, ਸਰਬਜੀਤ ਸਰਬਾ, ਮਨਜੀਤ ਸਿੰਘ ਬਾਜਵਾ, ਸੁਰਜੀਤ ਸਿੰਘ ਢੀਂਡਸਾ, ਬਲਵੀਰ ਸਿੰਘ ਖਹਿਰਾ, ਅਸ਼ੋਕ ਸ਼ਰਮਾ, ਮਿੰਟੂ ਪੰਡਿਤ,ਦੇਸ ਰਾਜ, ਨਰਿੰਦਰ, ਬਖਸ਼ੀਸ਼ ਰਾਮ, ਰਾਮ ਲਾਲ, ਹੁਸਨ ਲਾਲ, ਬਲਵਿੰਦਰ ਰਾਣਾ ਡੀ ਪੀ ਈ, ਤੀਰਥ ਰਾਮ ਗੁਰੂ, ਗੁਰਨਾਮ ਸਿੰਘ ਗਾਮਾ, ਕੁਲਵੰਤ ਸਿੰਘ ਡਿਪਟੀ, ਮਨਜੀਤ ਸਿੰਘ, ਮਨਦੀਪ ਸਿੰਘ ਜੁਗਨੂੰ ਤੇ ਰੁਪਿੰਦਰ ਕੌਰ ਸੋਨੂੰ (ਨਿਰੰਜਨ ਦਾਸ ਦੇ ਬੇਟਾ ਤੇ ਬੇਟੀ), ਮੱਖਣ ਸਿੰਘ ਤੇ ਗੁਰਮੀਤ ਸਿੰਘ। ਨਿਰੰਜਨ ਦੀਆਂ ਪੈੜਾਂ 'ਤੇ ਪੈਰ ਧਰਦੇ ਪਿੰਡ ਦੇ ਇਹ ਖਿਡਾਰੀ ਤਿਆਰ ਹੋਏ। ਜਰਮਨ ਦੀ ਧਰਤੀ ’ਤੇ ਲੰਮੀਆਂ ਰੇਸਾਂ ਲਾਉਣ ਵਾਲਾ ਸੁੱਚਾ ਸਿੰਘ ਨਰ ਵੀ ਮੰਗੂਵਾਲ ਦਾ ਜੰਮ ਪਲ ਹੈ।

1995 ਤੋਂ 2005 ਦੇ ਇੰਦਰਜੀਤ ਬੱਬੂ, ਸੁਨੀਲ ਗੋਲਡੀ, ਮਨਦੀਪ ਸਿੰਘ ਜੁਗਨੂੰ, ਜਸਵੀਰ ਜੱਸੀ, ਸੰਨ੍ਹੀ ਤੇ ਮਨਜੀਤ ਮਨੀ (ਸਰਬਜੀਤ ਦੇ ਬੇਟੇ), ਵਿਜੈ ਕੁਮਾਰ, ਯਾਦਵਿੰਦਰ ਗੁਰੂ ਤੇ ਗੁਰਜਿੰਦਰ ਗੁਰੂ (ਦੋਵੇਂ ਗੁਰਪਾਲ ਫ਼ੌਜੀ ਦੇ ਬੇਟੇ) ਗੁਰਜਿੰਦਰ ਗੁਰੂ ਇਸ ਵੇਲੇ ਭਾਰਤੀ ਫ਼ੁੱਟਬਾਲ ਟੀਮ ਦਾ ਅਹਿਮ ਖਿਡਾਰੀ ਹੈ। ਉਹ ਟਾਟਾ ਫ਼ੁੱਟਬਾਲ ਅਕੈਡਮੀ ਝਾਰਖੰਡ, ਪੂਨਾ ਕਲੱਬ, ਗੋਆ ਦੇ ਸਲਗੋਕਰ ਕਲੱਬ ਤੇ ਭਾਰਤੀ ਕੈਂਪਾਂ ਵਿੱਚ ਖੇਡ ਰਿਹੈ। (ਗੁਰਜਿੰਦਰ ਗੁਰੂ ਦਾ ਲੇਖ ਵੀ ਜਲਦੀ ਲਿਖ ਰਿਹਾ ਹਾਂ)-ਲੇਖਕ। ਗੁਰਪਾਲ ਫ਼ੌਜੀ ਇਸ ਵੇਲੇ ਕਾਹਮਾ ਫ਼ੁੱਟਬਾਲ ਅਕੈਡਮੀ ਦਾ ਮੁੱਖ ਕੋਚ ਹੈ ਤੇ ਉਹ ਪਿੰਡ ਅਤੇ ਇਲਾਕੇ ’ਚੋਂ ਵਧੀਆ ਵਧੀਆ ਖਿਡਾਰੀ ਪੈਦਾ ਕਰ ਰਿਹੈ। ਪਿੰਡ ਦੇ ਪੁਰਾਣੇ ਖਿਡਾਰੀ ਫ਼ੁੱਟਬਾਲ ਦੇ ਨਾਲ ਨਾਲ ਕਬੱਡੀ ਵੀ ਵਧੀਆ ਖੇਡਦੇ ਸਨ। ਉਪਰੋਕਤ ਸਾਰੇ ਖਿਡਾਰੀ ਪੰਜਾਬ ਅਤੇ ਭਾਰਤੀ ਟੀਮ ਦੇ ਤਕੜੇ ਖਿਡਾਰੀ ਹੋਏ ਹਨ ਤੇ ਨਿਰੰਜਨ ਦਾ ਆਸ਼ੀਰਵਾਦ ਸਮਝਦੇ ਹਨ।

ਨਿਰੰਜਨ ਨੇ ਦਿਨ ਰਾਤ ਗਰਾਊਂਡ ਵਿੱਚ ਸਖ਼ਤ ਤਪੱਸਿਆ ਕੀਤੀ। ਗੇਮ ਦੇ ਆਧਾਰ ’ਤੇ ਪੰਜਾਬ ਪੁਲਿਸ ਮਹਿਕਮੇ ਨੇ ਉਹਨੂੰ ਨੌਕਰੀ ਦੀ ਪੇਸ਼ਕਸ਼ ਕੀਤੀ ਪਰ ਬਹੁਤੀ ਤਰੱਕੀ ਨਾ ਮਿਲਦੀ ਵੇਖ ਨਾਂਹ ਕਰ ਦਿੱਤੀ। ਕਾਹਮੇ ਵਾਲਾ ਬਿਹਾਰੀ, ਹੈਡਮਾਸਟਰ ਗਿਆਨ ਸਿੰਘ ਜੱਬੋਵਾਲ ਤੇ ਮਹਾਲੋਂ ਵਾਲਾ ਵੀਰ੍ਹੀ ਉਹਦੇ ਨਾਲ ਖੇਡਦੇ ਰਹੇ। ਵੀਰ੍ਹੀ ਉਹਨੂੰ ਉਸਤਾਦ ਕਹਿ ਕੇ ਬੁਲਾਉਂਦਾ ਸੀ। ਪੰਜਾਬ ਦਾ ਕੋਈ ਹੀ ਅਜਿਹਾ ਖਿਡਾਰੀ ਹੋਵੇਗਾ ਜਿਹੜਾ ਨਿਰੰਜਨ ਨਾਲ ਨਾ ਖੇਡਿਆ ਹੋਵੇ। ਸ਼ਗਿਰਦਾਂ ਵਿੱਚੋਂ ਕੈਨੇਡਾ ਰਹਿੰਦੇ ਜੱਬੋਵਾਲ ਦੇ ਗਿਆਨ ਨਾਗਰਾ ਤੇ ਜੋਗਿੰਦਰ ਸਿੰਘ ਵੀ ਹਨ। ਨਿਰੰਜਨ ਦੀ ਤਕੜੀ ਗੇਮ ਸਦਕਾ ਸਾਰੇ ਖਿਡਾਰੀ ਬੜਾ ਮਾਣ ਦਿੰਦੇ ਤੇ ਹਰ ਤਰ੍ਹਾਂ ਨਾਲ ਖੜ੍ਹਦੇ। ਕਾਹਮੇ ਵਾਲੇ ਬਿਹਾਰੀ ਨੂੰ ਜਦੋਂ ਨਿਰੰਜਨ ਦੇ ਘਰ ਦੀ ਖਸਤਾ ਹਾਲਤ ਦਾ ਪਤਾ ਲੱਗਾ ਤਾਂ ਉਹਨੂੰ ਉਹਨੇ ਉਹਨਾਂ ਦੇ ਭੱਠੇ ਤੋਂ ਜਿੰਨੀਆਂ ਮਰਜ਼ੀ ਇੱਟਾਂ ਲੈ ਆਉਣ ਲਈ ਕਹਿ ਦਿੱਤਾ। ਗਰੀਬੀ ਵੀ ਰੱਜ ਕੇ ਵੇਖੀ। ਸਾਇਕਲ ਨਹੀਂ ਸੀ ਹੁੰਦਾ। ਕਈ ਵਾਰ ਤੁਰ ਕੇ ਬੰਗੀ ਪੜ੍ਹਨ ਜਾਣਾ ਤੇ ਕਈ ਵਾਰ ਬਿਨਾਂ ਕਿਰਾਇਆ ਖਟਕੜਾਂ ਤੋਂ ਟਰੇਨ ਫੜ ਬੰਗੀ ਜਾ ਉਤਰਨਾ। ਪੈਸੇ ਦੀ ਬੜੀ ਤੰਗੀ ਸੀ। ਮੇਰੇ ਗੁਆਂਢੀ ਪਿੰਡ ਭੀਣ ਦੇ ਹਾਈ ਸਕੂਲੇ ਉਹਨੇ 1979 ’ਚ ਸਰੀਰਕ ਸਿਖਿਆ ਵਿਭਾਗ ਦੀ ਨੌਕਰੀ ਸੰਭਾਲੀ। ਮੈਂ ਪਿੰਡੋਂ ਨਵੇਂ ਸ਼ਹਿਰ ਨੂੰ ਘੁੰਮਣ-ਫਿਰਨ ਨਿਕਲਣਾ ਤੇ ਉਹਨੇ ਮੇਰੇ ਪਿੰਡ ਵਿੱਚੋਂ ਲੰਘ ਕੇ ਮੰਗੂਵਾਲ ਨੂੰ ਜਾਣਾ। ਲਹਿਰਾਉਂਦੀਆਂ ਫ਼ਸਲਾਂ 'ਚੀ ਉਹਨੇ ਉੱਚੀ ਉੱਚੀ ਹੇਕਾਂ ਲਾਉਦੇ ਸੰਤ ਰਾਮ ਉਦਾਸੀ ਦੇ ਗੀਤ ਗਾਉਂਦੇ ਜਾਣਾ। ਮੈਨੂੰ ਵੇਖ “ਛੋਟੇ ਕੀ ਹਾਲ ਐ...?” ਕਹਿ ਕੇ ਫਿਰ ਗੀਤ ਸ਼ੁਰੂ ਕਰ ਦੇਣਾ। ਗੋਰਾ ਚਿੱਟਾ ਰੰਗ। ਭੂਰੀਆਂ ਮੁੱਛਾਂ-ਦਾਹੜੀ। ਵਧੀਆ ਸੇਹਤ। ਕਾਲੀ ਪੱਗ ਹੇਠ ਲਾਲ ਪੱਟੀ ਬੰਨ੍ਹੀ ਕੇ ਬਣਦਾ ਫ਼ਬਦਾ ਜੁਆਨ ਸੀ। ਕੁਝ ਸਾਲ ਉਥੇ ਪੜ੍ਹਾਉਣ ਤੋਂ ਬਾਅਦ ਫਿਰ ਸੀਨੀਅਰ ਸੈਕੰਡਰੀ ਸਕੂਲ ਬੰਗਾ ਵਿਖੇ ਨੌਕਰੀ ਦੀ ਸੇਵਾ ਸੰਭਾਲੀ। ਉਥੇ ਹੀ 1991 ਤੋਂ ਲੈਕਚਰਾਰ ਪ੍ਰਮੋਟ ਹੋਇਆ ਤੇ ਅਠਾਈ ਸਾਲ ਨੌਕਰੀ ਕਰਨ ਤੋਂ ਬਾਅਦ 2006 ’ਚ ਰਿਟਾਇਰ ਹੋਇਆ।ਜਿਸ ਹਾਈ ਸਕੂਲੋਂ ਉਹਨੇ ਕਦੇ ਦਸਵੀਂ ਕੀਤੀ ਸੀ, ਉਥੇ ਹੀ ਲੈਕਚਰਾਰ ਲੱਗਾ ਤੇ ਉਥੋਂ ਹੀ ਸੇਵਾ ਮੁਕਤ ਹੋਇਆ। 5 ਮਾਰਚ ’78 'ਚ ਬੱਸੀ-ਮੁੱਦਾ (ਨਜ਼ਦੀਕ ਹੁਸ਼ਿਆਰਪੁਰ) ਦੀ ਕਮਲਜੀਤ ਕੌਰ ਨਾਲ ਆਪ ਸ਼ਾਦੀ ਦੇ ਬੰਧਨ 'ਚ ਬੰਨ੍ਹੇ ਗਏ। ਆਪ ਦੇ ਮਿਸਿਜ਼ ਕਮਲਜੀਤ ਕੌਰ ਵੀ ਲੈਕਚਰਾਰ ਸਨ। ਆਪ ਦੇ ਦੋ ਬੱਚੇ, ਲੜਕਾ ਤੇ ਲੜਕੀ। ਬੇਟੇ ਮਨਦੀਪ ਸਿੰਘ ’ਜੁਗਨੂੰ’ ਨੂੰ ਉਹ ਨਾਮਵਰ ਫ਼ੁੱਟਬਾਲ ਖਿਡਾਰੀ ਬਣਾਉਣਾ ਚਾਹੁੰਦਾ ਸੀ। ਗਰਾਊਂਡ ਵਿੱਚ ਲਿਜਾ ਕੇ ਬੇਟੀ, ਬੇਟੇ ਦੀ ਆਪ ਤਿਆਰੀ ਕਰਾਉਂਦਾ। ਬੇਟਾ ਚਾਰ ਵਾਰ ਨੈਸ਼ਨਲ ਖੇਡਣ ਤੋਂ ਇਲਾਵਾ ਆਲ ਇੰਡੀਆ ਇੰਟਰ-ਯੂਨੀਵਰਸਿਟੀ ਲਾਇਲਪੁਰ ਖਾਲਸਾ ਕਾਲਜ ਵਲੋਂ ਖੇਡਿਆ ਅਤੇ ਸਪੋਰਟਸ ਵਿੰਗ ਮਾਹਿਲਪੁਰ ਤੋਂ +2 ਕੀਤੀ। ਬੇਟੀ ਰੁਪਿੰਦਰ ਕੌਰ ਸੋਨੂੰ ਯੂਨੀ-ਵਰਸਿਟੀ ਦੀ ਤਕੜੀ ਅਥਲੀਟ ਬਣੀ। ਬੇਟੀ ਬੇਟਾ ਦੋਨੋਂ ਟਰਾਂਟੋ ਪਹੁੰਚ ਗਏ। ਰਿਟਾਇਰਮੈਂਟ ਤੋਂ ਬਾਅਦ ਪਤੀ-ਪਤਨੀ ਪੱਕੇ ਤੌਰ ’ਤੇ ਬੇਟੀ, ਬੇਟੇ ਕੋਲ ਕੈਨੇਡਾ ਆ ਗਏ। ਵੱਡੇ ਵੀਰ ਗਿਆਨ ਸਿੰਘ ਨਾਲ ’ਕੱਠੇ ਖੇਡਦੇ ਤੇ ਪਿਆਰ ਕਰਕੇ ਦੋ ਕੁ ਸਾਲ ਪਹਿਲਾਂ ਟਰਾਂਟੋ ਕਿਸੇ ਵਿਆਹ-ਸਮਾਗਮ ’ਤੇ ਗਿਆ ਹੋਣ ਕਰਕੇ ਮੈਂ ਤੇ ’ਪਿਸਟੂ ਸਟੂਡੀਓ” ਵਾਲਾ ਗੁਰਸ਼ਿੰਦਰ ਸ਼ਿੰਦਾ ਨਿਰੰਜਨ ਨੂੰ ਮਿਲਣ ਗਏ। ਨਿਰੰਜਨ ਨੂੰ ਵੇਖ ਕੇ ਹੈਰਾਨ ਰਹਿ ਗਿਆ। ਕਿਥੇ ਉਹ ਤੇ ਕਿਥੇ ਆਹ ਨਿਰੰਜਨ। ਕਮਜ਼ੋਰ ਸਿਹਤ ਵੇਖ ਕੇ ਮਨ ਬਹੁਤ ਦੁਖੀ ਹੋਇਆ। ਸ਼ਿੰਦਾ ਤੇ ਨਿਰੰਜਨ ਪੁਰਾਣੇ ਖਿਡਾਰੀਆਂ ਦੀਆਂ ਗੱਲਾਂ ਕਰੀ ਗਏ। ਮੈਂ ਸੁਣੀਂ ਗਿਆ:-

”ਇਕਬਾਲ ਸਿੰਹਾਂ, ਤੇਰਾ ਵੀਰਾ ਗਿਆਨ ਸੁੰਹ ਵੀ ਤਕੜਾ ਖਿਡਾਰੀ ਸੀ, ਇਕ ਵਾਰ ਉਹਨਾਂ ਨਾਲ ਨਵਾਂ-ਸ਼ਹਿਰ ਦੀ ਗਰਾਊਂਡ ਵਿੱਚ ਬੜਾ ਫਸਵਾਂ ਮੈਚ ਹੋਇਆ, ਗਿਆਨ ਸਟਾਪਰ ਖੇਡਦਾ ਸੀ ਮਜ਼ਾਲ ਐ ਕੋਈ ਨੇੜੇ ਫ਼ੜਕ ਵੀ ਜਾਂਦਾ, ਬਰਾਬਰ ਰਿਹਾ ਸੀ ਉਹ ਮੈਚ।”

ਬੜੇ ਧਿਆਨ ਨਾਲ ਸੁਣੀਆਂ ਮੈਂ ਉਹਦੀਆਂ ਗੱਲਾਂ। ਪਤਾ ਨਹੀਂ ਸੀ ਕਿ ਇਹ ਆਖਰੀ ਮੁਲਾਕਾਤ ਹੈ।

ਉਮਰ ਦੇ ਲਿਹਾਜ਼ ਨਾਲ ਨਿਰੰਜਨ ਨੂੰ ਬੀਮਾਰੀਆਂ ਘੇਰਨ ਲੱਗ ਪਈਆਂ। ਹਸਪਤਾਲ ’ਚ ਇਲਾਜ ਚੱਲਣ ਲੱਗ ਪਿਆ। ਜਿੰਦਗੀ ਦੀਆਂ ਤੰਗੀਆਂ, ਉਤਰਾਅ-ਚੜ੍ਹਾਅ ਤੇ ਹਰ ਰੰਗ ਵੇਖਣ ਵਾਲਾ ਨਿਰੰਜਨ ਦਾਸ 5 ਅਕਤੂਬਰ 2016 ਨੂੰ 70 ਸਾਲ ਦੀ ਉਮਰ ਭੋਗ ਕੇ ਭਰੇ ਪਰਿਵਾਰ, ਯਾਰਾਂ-ਦੋਸਤਾਂ ਤੇ ਖੇਡ ਦੁਨੀਆ ਤੋਂ ਹਮੇਸ਼ਾਂ ਹਮੇਸ਼ਾਂ ਲਈ ਚਲਦਾ ਬਣਿਆ।

# ਜੀ. ਐਚ. ਜੀ. ਅਕੈਡਮੀ ਵੱਲੋਂ ਸਲਾਨਾ ਅੰਤਰ-ਰਾਸ਼ਟਰੀ ਯੁਵਕ ਮੇਲੇ ’ਤੇ ਲੱਗੀਆਂ ਰੌਣਕਾਂ




(ਸਫਾ 13 ਦੀ ਬਾਕੀ)

ਸਾਰੇ ਪੱਤਵੰਤੇ ਸੱਜਣਾਂ ਅਤੇ ਸਹਿਯੋਗੀਆਂ ਨੂੰ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ।

ਪ੍ਰੋਗਰਾਮ ਦੌਰਾਨ ਸਟੇਜ ਸੰਚਾਲਨ ਅੰਤਰ-ਰਾਸ਼ਟਰੀ ਸਟੇਜ਼ਾਂ ਦੀ ਬੀਬੀ ਆਸ਼ਾ ਸ਼ਰਮਾ ਅਤੇ ਗੁਰਦੀਪ ਸ਼ੇਰਗਿੱਲ ਨੇ ਬਾਖੂਬੀ ਕੀਤਾ। ਸਮੁੱਚੇ ਪ੍ਰੋਗਰਾਮ ਦੀ ਕਾਮਯਾਬੀ ਲਈ ਪਰਮਜੀਤ ਧਾਲੀਵਾਲ, ਉਦੈਦੀਪ ਸਿੱਧੂ ਅਤੇ ਜੀ.ਐਚ.ਜੀ. ਅਕੈਡਮੀ ਦੇ ਸਮੂਹ ਵਧਾਈ ਦੇ ਪਾਤਰ ਹਨ।

ਯਾਦ ਰਹੇ ਕਿ ਇਹ ਕੈਂਪ ਹਰ ਸਾਲ ਜੁਲਾਈ ਦੇ ਮਹੀਨੇ ਸਕੂਲ ਤੋਂ ਛੁੱਟੀਆਂ ਦੌਰਾਨ ਲਗਾਇਆ ਜਾਂਦਾ ਹੈ। ਇਸ ਸਮੁੱਚੇ ਕਾਰਜ ਤੋਂ ਸਾਰੇ ਲੋਕ ਬਹੁਤ ਖੁਸ਼ ਸਨ। ਅੱਜ ਦੇ ਸਮੇਂ ਦੀ ਇਹ ਲੋੜ ਵੀ ਹੈ ਕਿ ਅਜਿਹੇ ਪ੍ਰੋਗਰਾਮ ਹੀ ਪੰਜਾਬੀ ਸੱਭਿਆਚਾਰ ਅਤੇ ਬੋਲੀ ਨੂੰ ਆਉਣ ਵਾਲੀਆ ਪੀੜੀਆਂ ਤੱਕ ਚੱਲਦੇ ਰੱਖਣ ਵਿੱਚ ਬਹੁਤ ਸਹਾਇਕ ਹੋਣਗੇ।

# ਸ੍ਰੀ ਰਾਮ 'ਅਰਸ਼' ਦੀਆਂ ਗਜ਼ਲਾਂ ਵਿਚ 'ਅੰਬੇਡਕਰ-ਦਰਸ਼ਨ'



**ਫਤਿਹਜੰਗ ਸਿੰਘ**
91-98726-70278

ਧਰਤੀ ਉਤੇ ਅਤੇ ਵਾਤਾਵਰਣ ਵਿਚ ਜੀਵਨ ਤੱਤਾਂ ਦੀ ਹੋਂਦ ਮਿਲਜੁਲ ਕੇ ਜ਼ਿੰਦਗੀ ਧੜਕਣ ਦਾ ਸਬੱਬ ਬਣੀ ਤਾਂ ਇਕ ਲੰਬੇ ਅਰਸੇ ਬਾਅਦ ਮਨੁੱਖ ਦੇ ਨੈਣ-ਨਕਸ਼ ਉਭਰਨੇ ਸ਼ੁਰੂ ਹੋਏ।ਉਦੋਂ ਤੋਂ ਅੱਜ ਤੱਕ ਜ਼ਿੰਦਗੀ ਸੰਘਰਸ਼ ਵਿਚੋਂ ਲੰਘਦਿਆਂ ਤਕੜੇ ਦੀ ਹੋਂਦ ਅਤੇ ਕਮਜ਼ੋਰ ਦੀ ਸਮਾਪਤੀ ਦੇ ਵਿਗਿਆਨਕ ਸਿਧਾਂਤ ਨੂੰ ਅਪਣਾਉਂਦੀ ਮਨੁੱਖ ਦੀ ਕਹਾਣੀ ਸਫ਼ਰ ਕਰਦੀ ਗਈ। ਖੋਪਰੀ ਅੰਦਰ ਪਏ ਦਿਮਾਗ ਦੇ ਵਿਕਾਸ ਨੇ ਕਈ ਕਰਵਟਾਂ ਲਈਆਂ ਅਤੇ ਚੰਗੇ ਮਾੜੇ ਕਈ ਦਿਸਹੱਦੇ ਚਿਤਰੇ। ਇਹੀ ਚੰਗੇ ਮਾੜੇ ਕਾਰਨ ਸਮੇਂ-ਸਮੇਂ ਸਿਰ ਚੰਗਾ ਮਾੜਾ ਮਨੁੱਖ, ਚੰਗੇ ਮਾੜੇ ਵਿਚਾਰ ਅਤੇ ਇਹਨਾਂ ਦੇ ਆਧਾਰ 'ਤੇ ਚੰਗੇ ਮਾੜੇ ਸਮਾਜ ਦੀ ਸਿਰਜਣਾ ਕਰਦੇ ਰਹੇ। ਇਤਿਹਾਸ ਚੰਗੇ ਮਾੜੇ ਸਮਿਆਂ ਨਾਲ ਭਰਿਆ ਪਿਆ ਹੈ, ਜਿਸਦਾ ਅਧਿਐਨ ਦੱਸਦਾ ਹੈ ਕਿ ਜਦੋਂ ਵੀ ਮਨੁੱਖਤਾ ਦੇ ਹਿੱਤ ਵਿਚ ਕੋਈ ਵਿਚਾਰਧਾਰਾ ਉਭਰੀ ਤਾਂ ਮਨੁੱਖਤਾ ਸੁਖਾਲੀ, ਜ਼ਿੰਦਗੀ ਭਰਪੂਰ ਤੇ ਖੁਸ਼ਹਾਲ ਹੋ ਨਿੱਬੜੀ ਅਤੇ ਜਦੋਂ ਕਿਸੇ ਗੈਰ-ਮਨੁੱਖੀ ਵਿਚਾਰਧਾਰਾ ਨੇ ਆਪਣੀ ਜਕੜ ਵਧਾਈ ਤਾਂ ਮਨੁੱਖਤਾ ਨਪੀੜੀ ਹੋਈ ਕੁਰਲਾਉਣ ਲੱਗੀ। ਇਸੇ ਪੈਮਾਨੇ ਨੇ ਮਨੁੱਖਤਾ, ਸਮਾਜ, ਰਾਜ ਪ੍ਰਬੰਧ, ਧਰਮਾਂ ਨੂੰ ਵੀ ਦੋ ਹਿੱਸਿਆਂ ਵਿਚ ਵੰਡੀ ਰੱਖਿਆ। ਜਿਸ ਸਮਾਜ, ਧਰਮ, ਰਾਜ ਪ੍ਰਬੰਧ ਵਿਚ ਮਨੁੱਖੀ ਹਿੱਤ ਸਨ, ਉਸ ਵਿਚ ਸਚਾਈ ਦਿਆਨਤਦਾਰੀ, ਦਇਆ, ਬਰਾਬਰਤਾ, ਆਜ਼ਾਦੀ, ਭਾਈਚਾਰਾ ਭਾਰੂ ਰਿਹਾ ਤੇ ਉਹ ਖੁਸ਼ਹਾਲੀ ਦਾ ਜਾਮਨੀ ਰਿਹਾ। ਇਸ ਤੋਂ ਉਲਟ ਗੈਰ-ਮਨੁੱਖੀ ਵਰਤਾਰੇ ਵਿਚ ਇਹਨਾਂ ਤੱਤਾਂ ਦੀ ਗੈਰ ਹਾਜ਼ਰੀ ਰਹੀ, ਜਿਸਦੇ ਸਿੱਟੇ ਵਜੋਂ ਭੁੱਖ, ਕੰਗਾਲੀ, ਮਾਰ-ਧਾੜ ਅਤੇ ਅਸ਼ਾਂਤੀ ਦਾ ਹੀ ਬੋਲਬਾਲਾ ਰਿਹਾ।

ਦੁਨੀਆਂ ਦੇ ਇਤਿਹਾਸ ਵਿਚ ਜੋ ਵੀ ਸਭਿਅਤਾਵਾਂ ਵਿਕਸਤ ਹੋਈਆਂ, ਉਹ ਵੀ ਭਾਵੇਂ ਇਸ ਵਰਤਾਰੇ ਤੋਂ ਅਛੂਤੀ ਨਹੀਂ ਰਹੀਆਂ ਪਰ ਕੁੱਲ ਮਿਲਾ ਕੇ ਜੀਵਨ ਧਾਰਾ ਚੰਗੇ ਪਾਸੇ ਨੂੰ ਕਬੂਲਦੀ ਹੋਈ ਅਗਰਸਰ ਰਹੀ। ਕੁਝ ਅਰਸੇ ਲਈ ਜੇ ਮਾੜਾ ਪੱਖ ਕਾਬਜ਼ ਰਿਹਾ ਤਾਂ ਚੰਗੇ ਪਾਸੇ ਨੇ ਜ਼ਰੂਰ ਕਰਵਟ ਲਈ। ਇਸ ਅਖਾੜੇ ਦੀ ਇਹੀ ਕਹਾਣੀ ਇਤਿਹਾਸ ਬਣਦੀ ਰਹੀ ਹੈ। ਡਾਹਢਿਆਂ ਨੇ ਜੇ ਦੁੱਖ ਤੇ ਤਸੀਹੇ ਦਿੱਤੇ ਤਾਂ ਮਲ੍ਹਮ ਲਾਉਣ ਵਾਲੇ ਵੀ ਪੈਦਾ ਹੁੰਦੇ ਰਹੇ ਹਨ। ਸ੍ਰੀ ਰਾਮ 'ਅਰਸ਼' ਨੇ ਵੀ ਇਸਨੂੰ ਇਉਂ ਚਿਤਰਿਆ ਹੈ:-

ਅਸਾਡੇ ਤੇ ਤੁਹਾਡੇ ਵਿਚ ਹੈ ਮੁਢਲਾ ਫਰਕ ਬੱਸ ਇਹੋ
ਅਸੀਂ ਦੀਵੇ ਜਗਾਏ ਹਨ, ਤੁਸੀਂ ਦੀਵੇ ਬੁਝਾਏ ਹਨ।

ਤੇ ਇੰਝ ਕਰਕੇ ਦੁਨੀਆਂ ਦੀ ਰਵਾਨਗੀ ਦੀ ਦਿਸ਼ਾ ਕੁੱਲ ਮਿਲਾ ਕੇ ਮਨੁੱਖਤਾ ਨੂੰ ਸੁਹਣਾ ਅਤੇ ਹੋਰ ਸੁਹਣੇਰਾ ਬਣਾਉਣ ਵੱਲ ਰੁਚਿਤ ਰਹੀ।

ਭਾਰਤ ਦੀ ਸਮਾਜਿਕ ਤੇ ਧਾਰਮਿਕ ਕਹਾਣੀ ਵੀ ਇਸੇ ਤੋਰ ਤੁਰੀ ਹੈ। ਇਕੱਲਾ ਮਨੁੱਖ ਪਹਿਲਾਂ ਕਬੀਲਿਆਂ ਵਿਚ ਤੇ ਫਿਰ ਕਬੀਲੇ ਦਰਿਆਵਾਂ ਕਿਨਾਰੇ ਪੱਕੇ ਟਿਕਾਣੇ ਬਣਾ ਕੇ ਵਿਕਸਤ ਹੋਣ ਲੱਗੇ। ਜਦੋਂ ਇਹ ਸਭਿਅਤਾ ਖੇਤੀ, ਪਸ਼ੂ ਧਨ, ਸੰਦ, ਭਾਂਡੇ, ਗਹਿਣੇ, ਕੱਪੜੇ ਬਣਾਉਂਦੀ ਇਮਾਰਤਸਾਜ਼ੀ ਵਿਚ ਵੀ ਨਿਪੁੰਨਤਾ ਦੀ ਸਿਖਰ 'ਤੇ ਪੁੱਜੀ ਤਾਂ ਉਸ ਵੇਲੇ ਦੁਨੀਆਂ ਦੀਆਂ ਬਾਕੀ ਸਭਿਅਤਾਵਾਂ ਮਸਾਂ ਗੋਡੀਂ ਰਿੜ੍ਹ ਰਹੀਆਂ ਸਨ। ਸਿੰਧ ਘਾਟੀ ਸਭਿਅਤਾ ਦੀ ਹੜੱਪਾ, ਮਹਿੰਜੋਦਾੜੋ ਅਤੇ ਲੋਥਲ ਦੀ ਖੁਦਾਈ ਵਿਚੋਂ ਲੱਭੀਆਂ ਨਿਸ਼ਾਨੀਆਂ ਇਸਦੀ ਗਵਾਹੀ ਭਰਦੀਆਂ ਹਨ। ਪੰਜ ਕੁ ਹਜ਼ਾਰ ਸਾਲ ਪਹਿਲਾਂ ਦੀ ਇਹ ਕਹਾਣੀ ਹੈ। ਫਿਰ ਲਗਭਗ ਚਾਰ ਕੁ ਹਜ਼ਾਰ ਸਾਲ ਪਹਿਲਾਂ ਆਰੀਅਨ ਦੇ ਆਗਮਨ ਨਾਲ ਇਕ ਲੰਬਾ ਅਰਸਾ ਦੋ ਸਭਿਅਤਾਵਾਂ ਦਾ ਜ਼ਬਰਦਸਤ ਭੇੜ ਚਲਦਾ ਰਿਹਾ ਤੇ ਸਮਾਂ ਆਰੀਅਨ ਦੇ ਹੱਕ ਵਿਚ ਭੁਗਤ ਗਿਆ। ਅਨ-ਆਰੀਅਨ ਜਾਂ ਮੂਲ ਨਿਵਾਸੀਆਂ ਦਾ ਖੁਸ਼ਹਾਲੀ ਦਾ ਸਮਾਂ ਬਦਹਾਲੀ ਨਹੀਂ ਬਹੁਤ ਹੀ ਗੰਭੀਰ ਬਦਹਾਲੀ ਵਿਚ ਵਟਣਾ ਸ਼ੁਰੂ ਹੋ ਗਿਆ। ਢਾਈ ਕੁ ਹਜ਼ਾਰ ਸਾਲ ਪਹਿਲਾਂ ਗੌਤਮ ਬੁੱਧ ਨੇ ਇਸ ਵਿਵਸਥਾ ਨੂੰ ਵਿਰਾਮ ਦਿੱਤਾ ਤੇ ਇਸਨੂੰ ਚੰਗੇ ਪਾਸੇ ਮੋੜਾ ਦਿੱਤਾ। ਇਸ ਪਰਪਾਟੀ ਨੂੰ ਅਸ਼ੋਕ ਮਹਾਨ ਨੇ ਜਾਰੀ ਰੱਖਿਆ ਅਤੇ ਉਸਦੇ ਪੋਤਰੇ ਬਹਿਦਰਥ ਦੇ ਕਤਲ ਹੋਣ ਤੱਕ ਜਾਰੀ ਰਹੀ। ਇਸ ਤੋਂ ਬਾਅਦ ਅਜਿਹਾ ਭਿਅੰਕਰ ਮੋੜ ਆਇਆ ਕਿ ਉਸਦਾ ਭਿਅੰਕਰ ਪਰਛਾਵਾਂ ਅੱਜ ਤੱਕ ਨਾਲ-ਨਾਲ ਹੀ ਚੱਲ ਰਿਹਾ ਹੈ।

ਭਾਰਤ ਦੀ ਇੱਥੋਂ ਤੱਕ ਦੀ ਕਹਾਣੀ ਤਾਂ ਭਾਵੇਂ ਦੁਨੀਆਂ ਦੇ ਇਤਿਹਾਸ ਨਾਲ ਹੀ ਮੇਲ ਖਾਂਦੀ ਹੈ ਪਰ ਇਸ ਤੋਂ ਬਾਅਦ ਜਦੋਂ ਸਾਡੀ ਸਭਿਅਤਾ ਹਮਲਾਵਰਾਂ ਦੇ ਵੱਸ ਪੈ ਕੇ ਵਰਣਾਂ ਵਿਚ ਵੰਡੀ ਗਈ ਤਾਂ ਇਹ ਬਾਕੀ ਦੁਨੀਆਂ ਤੋਂ ਅੱਡਰੀ ਕਿਸਮ ਦੀ ਸਭਿਅਤਾ ਹੋ ਨਿੱਬੜੀ। ਦੁਨੀਆਂ ਵਿਚ ਹੋਰ ਕਿਤੇ ਮਨੁੱਖਤਾ ਵਿਚ ਵੰਡੀਆਂ ਪਾ ਕੇ ਉਹਨਾਂ ਨੂੰ ਵਰਣਾਂ ਤੇ ਜਾਤੀਆਂ ਵਿਚ ਵੰਡ ਕੇ, ਊਚ-ਨੀਚ ਪੈਦਾ ਕਰਕੇ, ਊਚਿਆਂ ਵੱਲੋਂ ਨੀਵਿਆਂ ਨੂੰ ਇੰਨੇ ਤਸੀਹੇ ਨਹੀਂ ਦਿੱਤੇ ਗਏ, ਇੰਨੇ ਅੱਤਿਆਚਾਰ ਨਹੀਂ ਕੀਤੇ ਗਏ।ਬਾਕੀ ਸਭਿਅਤਾਵਾਂ ਦੀ ਕਹਾਣੀ ਤਕੜੇ ਤੇ ਮਾੜੇ, ਜਾਂ ਗਰੀਬ ਤੇ ਅਮੀਰ ਜਾਂ ਮਾਲਕ ਤੇ ਗੁਲਾਮ ਦੀ ਰਹੀ ਹੋਵੇਗੀ ਪਰ ਕਿਸੇ ਨੇ ਕਿਸੇ ਤੇ ਇੰਨੇ ਜ਼ੁਲਮ ਨਹੀਂ ਕੀਤੇ ਹੋਣਗੇ, ਜਿਸ ਤੋਂ ਮਨੁੱਖਤਾ ਹੱਦੋਂ ਵੱਧ ਸ਼ਰਮਸਾਰ ਹੋਈ ਹੋਵੇ। ਵਰਣਾਂ ਨੂੰ ਪੱਕਿਆਂ ਕਰਕੇ ਮਨੂੰਵਾਦੀ ਜਾਤਪਾਤੀ ਪ੍ਰਣਾਲੀ ਦੀ ਅਜਿਹੀ ਸਿਰਜਣਾ ਕੀਤੀ ਗਈ ਕਿ ਚੰਗੇ ਤੋਂ ਚੰਗੇ ਰਾਜ ਪ੍ਰਬੰਧ ਆਏ, ਸਿੱਖੀ ਵਰਗੀਆਂ ਹੋਰ ਕਈ ਮਨੁੱਖ ਹਿਤੈਸ਼ੀ ਲਹਿਰਾਂ ਆਈਆਂ, ਮਨੁੱਖਤਾ ਨੂੰ ਪ੍ਰਣਾਏ ਕਈ ਸੰਤ, ਗੁਰੂ, ਵਿਦਵਾਨ, ਆਗੂ ਆਏ, ਆਜ਼ਾਦੀ ਆਈ, ਲੋਕਰਾਜ ਆਇਆ, ਵਿਗਿਆਨ ਦੀ ਸਿਖਰ ਆਈ, ਸਾਰੀ ਦੁਨੀਆਂ ਇਕ ਇਕਾਈ ਵਿਚ ਵੱਟ ਗਈ ਪਰ ਅਫਸੋਸ ਇਹ ਅਣਮਨੁੱਖੀ ਜਾਤਪਾਤੀ ਵੰਡ ਕੋਈ ਨਾ ਤੋੜ ਸਕਿਆ। ਇਹੀ ਵਿਵਸਥਾ ਹੈ ਜਿਸਨੇ ਅਤੀਤ ਵਿਚ ਦੇਸ਼ ਨੂੰ ਤਰ੍ਹਾਂ-ਤਰ੍ਹਾਂ ਦੇ ਵਿਦੇਸ਼ੀਆਂ ਦਾ ਗੁਲਾਮ ਬਣਾਇਆ, ਸੋਨੇ ਦੀ ਚਿੜੀਆ ਨੂੰ ਕੰਗਾਲ ਤੇ ਭੁੱਖਮਰੀ ਦਾ ਸ਼ਿਕਾਰ ਬਣਾਇਆ ਪਰ ਇਸਨੂੰ ਕਾਇਮ ਰੱਖਿਆ ਗਿਆ। ਦੁਨੀਆਂ ਦੀਆਂ ਨਜ਼ਰਾਂ ਵਿਚ ਇਸ ਵਿਵਸਥਾ ਨੇ ਭਾਰਤ ਦਾ ਅਕਸ ਰਸਾਤਲ ਵੱਲ ਧੱਕਿਆ, ਮਨੁੱਖੀ ਹੱਕਾਂ ਦਾ ਘਾਣ ਕੀਤਾ, ਸਭ ਕੁਝ ਹੁੰਦਿਆਂ-ਸੁੰਦਿਆਂ ਅਸੀਂ ਦੁਨੀਆਂ ਦੇ ਗਰੀਬ ਮੁਲਕਾਂ ਦੀ ਕਤਾਰ ਵਿਚ ਪਿੱਛੇ ਲੱਗੇ ਰਹੇ, ਭੁੱਖ ਤੇ ਨੰਗ ਨਾਲ ਘੁਲਦੇ ਰਹੇ ਪਰ ਅਸੀਂ ਇਸ ਜਾਤਪਾਤੀ ਵਿਵਸਥਾ ਨੂੰ ਸੇਕ ਨਹੀਂ ਆਉਣ ਦਿੱਤਾ।

ਇਸ ਵਿਵਸਥਾ ਨੂੰ ਜਾਰੀ ਰੱਖਣ ਜਾਂ ਖਤਮ ਕਰਨ ਦੇ ਅੱਜ ਦੋ ਵੱਖੋ-ਵੱਖ ਖੇਮੇ ਉਭਰ ਕੇ ਭਾਰਤ ਦੇ ਨਕਸ਼ੇ 'ਤੇ ਆ ਚੁੱਕੇ ਹਨ। ਇਕ ਖੇਮਾ ਇਸਨੂੰ ਜਾਰੀ ਰੱਖ ਰਿਹਾ ਹੈ ਕਿਉਂਕਿ ਉਸ ਨੇ ਇਸ ਤੋਂ ਲਾਭ ਲਿਆ ਹੈ ਤੇ ਲੈਣਾ ਚਾਹੁੰਦਾ ਹੈ। ਦੂਜਾ ਖੇਮਾ ਇਸ ਵਿਵਸਥਾ ਦਾ ਨਪੀੜਿਆ ਹੋਇਆ ਹੈ, ਉਹ ਇਸਨੂੰ ਖਤਮ ਕਰਨਾ ਚਾਹੁੰਦਾ ਹੈ। ਦੂਜੇ ਖੇਮੇ ਦੇ ਝੰਡਾ ਬਰਦਾਰ ਹਨ ਡਾ. ਅੰਬੇਡਕਰ, ਜਿਹਨਾਂ ਦੇ ਵਿਧੀਵਤ ਸੰਘਰਸ਼ ਨੇ ਸਦੀਆਂ ਤੋਂ ਲਤਾੜੇ, ਦਬਾਏ, ਗਰੀਬੀ ਦੇ ਝੰਬੇ, ਜਾਨਵਰ ਨੁਮਾ ਮਨੁੱਖਾਂ ਨੂੰ ਮਨੁੱਖ ਹੋਣ ਦਾ ਦਰਜਾ ਤੇ ਉਹਨਾਂ ਨੂੰ ਮਨੁੱਖੀ ਹੱਕ ਦਿਵਾਉਣ ਦਾ ਨਾਮਣਾ ਖੱਟਿਆ। ਉਹਨਾਂ ਨੂੰ ਜਦੋਂ ਸੰਵਿਧਾਨ ਬਣਾਉਣ ਦਾ ਮੌਕਾ ਮਿਲਿਆ ਤਾਂ ਉਹਨਾਂ ਆਪਣੀ ਵਿਚਾਰਧਾਰਾ ਨੂੰ ਲਿਖਤੀ ਰੂਪ ਦੇ ਦਿੱਤਾ। ਸੰਖੇਪ ਵਿਚ 'ਅੰਬੇਡਕਰ-ਦਰਸ਼ਨ' ਵਿਗਿਆਨਕ ਸੋਚ ਦਾ ਹੋਕਾ ਹੈ, ਮਨੁੱਖੀ ਹੱਕਾਂ ਦਾ ਪਹਿਰੇਦਾਰ ਹੈ, ਆਜ਼ਾਦੀ ਦਾ ਰਖਵਾਲਾ ਹੈ, ਬਰਾਬਰਤਾ ਦਾ ਝੰਡਾ ਬਰਦਾਰ ਹੈ, ਸਮਾਜਿਕ ਭਾਈਚਾਰੇ ਦਾ ਲਖਾਇਕ ਹੈ, ਮਨੁੱਖ ਨੂੰ ਕੇਂਦਰ ਵਿਚ ਰੱਖ ਕੇ ਧਰਮ ਰਹਿਤ ਸਮਾਜਿਕ ਸਰੋਕਾਰਾਂ ਨਾਲ ਓਤ-ਪੋਤ ਇਹ ਖੁਸ਼ਹਾਲੀ ਦਾ ਪ੍ਰਤੀਕ ਹੈ। ਵਰਣ ਵਿਵਸਥਾ ਦੇ ਸਤਾਇਆਂ ਦਾ ਗਾਡੀਹਾਰਾ ਹੈ ਇਹ।



ਉਪਰੋਕਤ ਢਾਂਚੇ ਦੇ ਤਾਣੇ-ਬਾਣੇ ਤੋਂ ਬਣੇ ਪੈਮਾਨੇ ਰਾਹੀਂ ਇਸਦੇ ਮਾਪਦੰਡਾਂ ਦੇ ਆਧਾਰ 'ਤੇ ਅਸੀਂ ਲੇਖਕਾਂ, ਕਵੀਆਂ, ਕਹਾਣੀਕਾਰਾਂ, ਫਿਲਮਕਾਰਾਂ ਅਤੇ ਸਿਆਸਤਦਾਨਾਂ ਦੀ ਨਿਸ਼ਾਨਦੇਹੀ ਕਰ ਸਕਦੇ ਹਾਂ। ਇਸੇ ਆਧਾਰ 'ਤੇ ਜਦੋਂ ਅਸੀਂ ਆਪਣੇ ਮਸ਼ਹੂਰ ਗ਼ਜ਼ਲਗੋ ਸ੍ਰੀ ਰਾਮ 'ਅਰਸ਼' ਦੀਆਂ ਰਚਨਾਵਾਂ ਦੀ ਪਰਖ ਪੜਚੋਲ ਕਰਦੇ ਹਾਂ ਤਾਂ ਉਹ ਅੰਬੇਡਕਰਵਾਦੀ ਵਧੇਰੇ ਲੱਗਦਾ ਹੈ। ਉਹ ਮਾਰਕਸੀ ਵਿਚਾਰਧਾਰਾ ਦਾ ਲਖਾਇਕ ਵੀ ਆਖਿਆ ਜਾ ਸਕਦਾ ਸੀ ਪਰ ਉਸਨੇ ਮਾਰਕਸੀ ਵਿਚਾਰਧਾਰਾ ਅਨੁਸਾਰ ਗਰੀਬਾਂ, ਮਜ਼ਦੂਰਾਂ ਤੇ ਲੋਟੂਆਂ ਦੀ ਕਹਾਣੀ ਨੂੰ ਵਰਣ ਵੰਡ ਦੀ ਐਨਕ ਵਿਚੋਂ ਤੱਕਿਆ ਹੈ ਅਤੇ ਇਸ ਅਨੁਸਾਰ ਨਤੀਜੇ ਕੱਢੇ ਹਨ। ਆਪਣੀਆਂ ਰਚਨਾਵਾਂ ਰਾਹੀਂ ਹੀ ਉਸਨੇ ਆਪਣੇ ਆਪ ਨੂੰ ਅੰਬੇਡਕਰਵਾਦੀ ਸਾਬਤ ਨਹੀਂ ਕੀਤਾ ਸਗੋਂ ਆਪਣੇ-ਆਪ ਹੀ ਆਪਣੇ-ਆਪ ਨੂੰ ਅੰਬੇਡਕਰਵਾਦੀ ਐਲਾਨ ਵੀ ਦਿੱਤਾ ਹੈ। ਉਹਨਾਂ ਆਪਣੀ ਗਜ਼ਲਾਂ ਦੀ ਪੁਸਤਕ 'ਫਰਜ਼' ਦੇ ਆਦਿ ਕਥਨ ਵਿਚ ਲਿਖਿਆ ਹੈ-

'ਡਾ. ਅੰਬੇਡਕਰ ਦੀ ਅਦੁੱਤੀ ਮਨੁੱਖਵਾਦੀ ਵਿਚਾਰਧਾਰਾ ਦੀ ਚਿਣਗ ਨਾਲ ਜਗਾਈ ਗਈ ਦਲਿਤ ਜਾਗ੍ਰਤੀ ਦੀ ਪਾਵਨ ਮਸ਼ਾਲ ਅਜੇ ਮਹਾਰਾਸ਼ਟਰ ਦੀ ਧਰਤੀ ਦਾ ਗਮਨ ਕਰ ਰਹੀ ਸੀ ਜਦੋਂ ਮੈਂ ਤ੍ਰਾਸਦੀ ਭੋਗਦੇ ਮਨੁੱਖ ਬਾਰੇ ਇਹ ਕਿਹਾ ਸੀ-

ਉਹ ਕਿਵੇਂ ਬੋਲੇ ਕਿਵੇਂ ਇਨਸਾਫ ਮੰਗੇ ਦੋਸਤੋ
ਜੋ ਚਿਰਾਂ ਤੋਂ ਜ਼ੁਲਮ ਨੂੰ ਸਹਿ ਸਹਿ ਕੇ ਪੱਥਰ ਹੋ ਗਿਆ।

ਉਹ ਅੱਗੇ ਲਿਖਦੇ ਹਨ-

"... ਮੇਰੀ ਆਸਥਾ ਅਤੇ ਪ੍ਰਤੀਬੱਧਤਾ ਵਰਣਹੀਣ ਅਤੇ ਵਰਗਹੀਣ ਸਮਾਜ ਦੀ ਸਥਾਪਨਾ ਕਰਨ ਵਿਚ ਹੈ। ਮੈਂ ਇਸ ਅਦਭੁਤ ਸਿਧਾਂਤ ਨੂੰ ਕਰੋੜਾਂ ਲੋਕਾਂ ਦੀ ਨਿਜਾਤ ਦਾ ਸਾਧਨ ਸਮਝਦਾ ਹਾਂ। ਮੇਰੇ ਵਰਗੇ ਅਣਗਿਣਤ ਸੁਚੇਤ ਦੇਸ਼ਵਾਸੀ ਅਣਮਨੁੱਖੀ ਵਰਣ ਵਿਹੁ ਨੂੰ ਸਮਾਪਤ ਕਰਕੇ ਇਸ ਧਰਤੀ ਉਪਰ ਮਾਨਵਤਾਵਾਦੀ ਪਰਚਮ ਨੂੰ ਉੱਚਾ ਹੋਰ ਉੱਚਾ ਲਹਿਰਾਉਣ ਦੇ ਕਾਰਜ ਵਿਚ ਜੁਟੇ ਹੋਏ ਹਨ।"

ਇੰਝ ਉਹਨਾਂ ਨੇ ਬਿਨਾਂ ਕਿਸੇ ਲਾਗ ਲਪੇਟ ਤੋਂ ਆਪਣੇ-ਆਪ ਨੂੰ ਅੰਬੇਡਕਰਵਾਦ ਦੇ ਮਾਨਵਤਾਵਾਦੀ ਝੰਡੇ ਨੂੰ ਉੱਚਾ ਲਹਿਰਾਉਣ ਵਾਲਿਆਂ ਦੀ ਕਤਾਰ ਵਿਚ ਸ਼ਾਮਲ ਕਰ ਲਿਆ ਹੈ। ਇਸ ਅਦਭੁਤ ਸਿਧਾਂਤ ਨੂੰ ਉਹ ਕਰੋੜਾਂ ਲੋਕਾਂ ਦੀ ਬੰਦਖੁਲਾਸੀ ਦਾ, ਆਜ਼ਾਦੀ ਦਾ ਸਾਧਨ ਮੰਨਦੇ ਹਨ। ਇਸ ਵਿਚ ਉਸਦੀ ਆਸਥਾ ਹੈ ਪਰ ਉਹ ਉਸ ਵੇਲੇ ਦੁਖੀ ਹੁੰਦੇ ਹਨ, ਜਦੋਂ ਵੇਖਦੇ ਹਨ ਕਿ ਪੰਜਾਬੀ ਸਾਹਿਤ ਵਿਚ ਇਸ ਮਾਨਵਵਾਦੀ ਸਿਧਾਂਤ ਦੇ ਸ਼ਿਅਰਾਂ ਵੱਲ ਧਿਆਨ ਨਹੀਂ ਦਿੱਤਾ ਗਿਆ। ਇਸਨੂੰ ਉਹ ਸਾਜ਼ਿਸ਼ ਆਖਣ ਤੱਕ ਚਲੇ ਜਾਂਦੇ ਹਨ। ਉਹ ਅੱਗੇ ਲਿਖਦੇ ਹਨ-

"ਪਰ ਇਹ ਦੁੱਖ ਦੀ ਗੱਲ ਹੈ ਕਿ ਪੰਜਾਬੀ ਸਾਹਿਤ ਅਤੇ ਵਿਸ਼ੇਸਕਰ ਗਜ਼ਲ ਦੇ ਅਲੋਚਕਾਂ ਨੇ ਅਜਿਹੇ ਮਾਨਵਤਾਵਾਦੀ ਸਿਧਾਂਤ ਨਲ ਓਤ-ਪੋਤ ਸ਼ਿਅਰਾਂ ਵੱਲ ਧਿਆਨ ਹੀ ਨਹੀਂ ਮਾਰਿਆ। ਜ਼ਿਕਰ ਜ਼ਕਾਰ ਹੀ ਨਹੀਂ ਕੀਤਾ। ਅਜਿਹਾ ਕਰਨਾ ਵੀ ਤਾਂ ਇਨਸਾਨੀਅਤ ਵਿਰੋਧੀ ਸਾਜ਼ਿਸ਼ ਹੀ ਸਮਝੀ ਜਾਣੀ ਚਾਹੀਦੀ ਹੈ।"

ਪ੍ਰਸਿੱਧ ਉਸਤਾਦ ਗ਼ਜ਼ਲਗੋ ਡਾ. ਸਾਧੂ ਸਿੰਘ ਹਮਦਰਦ ਨੇ 'ਅਰਸ਼' ਦੀਆਂ ਗਜ਼ਲਾਂ ਵਿਚੋਂ ਅਜਿਹੇ ਸ਼ਿਅਰ ਲੱਭੇ ਹਨ ਜੋ ਉਪਰੋਕਤ ਵਿਚਾਰਾਂ ਦੀ ਪ੍ਰੋੜਤਾ ਕਰਦੇ ਹਨ। ਉਹ ਲਿਖਦੇ ਹਨ, "ਉਹ ਦਲਿਤ ਅਤੇ ਪੱਛੜੇ ਵਰਗ ਦੀਆਂ ਮੁਸ਼ਕਿਲਾਂ ਅਤੇ ਅਪਦਾਵਾਂ ਤੋਂ ਚੰਗੀ ਤਰ੍ਹਾਂ ਜਾਣੂ ਹੈ ਤੇ ਇਹਨਾਂ ਦੀ ਆਪਣੇ ਕਲਾਮ ਵਿਚ ਅਕਾਸੀ ਕਰਦਾ ਹੈ। ਦਲਿਤ ਜਾਤੀਆਂ ਉਤੇ ਹਜ਼ਾਰਾਂ ਸਾਲਾਂ ਤੋਂ ਮਨੂੰ ਮਹਾਰਾਜ ਦੀ ਕਿਰਪਾ ਨਾਲ ਸਵਰਣ ਜਾਤੀਆਂ ਜਬਰ ਕਰਦੀਆਂ ਆਈਆਂ ਹਨ। ਉਹਨਾਂ ਦੀ ਦਰਦ ਭਰੀ ਕਹਾਣੀ 'ਅਰਸ਼' ਨੇ ਆਪਣੇ ਸ਼ਿਅਰਾਂ ਵਿਚ ਢੁਕਵੇਂ ਢੰਗ ਨਾਲ ਬਿਆਨ ਕੀਤੀ ਹੈ"-
(ਗਜ਼ਲ ਜਨਮ ਅਤੇ ਵਿਕਾਸ- 1985)

ਡਾ. ਹਮਦਰਦ ਤੋਂ ਤਿੰਨ ਦਹਾਕੇ ਬਾਅਦ ਪ੍ਰਸਿੱਧ ਗਜ਼ਲਗੋ ਡਾ. ਐਸ. ਤਰਸੇਮ ਨੇ ਵੀ ਆਪਣੀ ਪੁਸਤਕ 'ਪੰਜਾਬੀ ਗਜ਼ਲ ਸ਼ਾਸਤਰ' ਵਿਚ ਇਸ ਤੱਥ ਨੂੰ ਤਸਲੀਮ ਕੀਤਾ ਹੈ। 'ਅਰਸ਼' ਨੇ ਆਪ ਇਸ ਬਾਰੇ ਇੰਝ ਖੁਲਾਸਾ ਕੀਤਾ ਹੈ, "ਡਾ. ਐਸ. ਤਰਸੇਮ ਨੇ ਆਪਣੀ ਮਹੱਤਵਪੂਰਨ ਪੁਸਤਕ 'ਪੰਜਾਬ ਗਜ਼ਲ ਸ਼ਾਸਤਰ' ਵਿਚ ਮੇਰੀਆਂ ਗਜ਼ਲਾਂ ਵਿਚੋਂ ਅਜਿਹੇ ਸ਼ਿਅਰ ਚੁਣ ਕੇ ਪਾਠਕਾਂ ਨੂੰ ਪਰੋਸੇ ਹਨ, ਜਿਹੜੇ ਹਾਸ਼ੀਆਗਤ ਲੋਕਾਂ ਨੂੰ ਹੰਭਲਾ ਮਾਰ ਕੇ ਸਮਾਜ ਵਿਚ ਆਪਣਾ ਬਣਦਾ ਸਥਾਨ ਪ੍ਰਾਪਤ ਕਰਨ ਦੀ ਪ੍ਰੇਰਨਾ ਵੀ ਦਿੰਦੇ ਹਨ।"

ਇੰਝ ਸ੍ਰੀ ਰਾਮ 'ਅਰਸ਼' ਨੇ ਆਪਣੇ ਆਪ ਨੂੰ ਅੰਬੇਡਕਰਵਾਦੀ ਮੰਨ ਲਿਆ ਹੈ ਅਤੇ ਮਸ਼ਹੂਰ ਗਜ਼ਲਗੋ ਆਲੋਚਕਾਂ ਨੇ ਵੀ ਇਸਦੀ ਤਾਈਦ ਕਰ ਦਿੱਤੀ ਹੈ। 'ਅਰਸ਼' ਦਾ ਤਾਂ ਮੰਤਵ ਹੀ ਸਮਾਜਿਕ ਸਰੋਕਾਰਾਂ ਨੂੰ ਪੇਸ਼ ਕਰਨਾ ਰਿਹਾ ਹੈ। ਉਹ ਕਲਾ ਨੂੰ ਕਲਾ ਲਈ ਨਹੀਂ ਸਗੋਂ ਕਲਾ ਨੂੰ ਲੋਕ ਹਿੱਤ ਵਿਚ ਵਰਤਦਾ ਹੈ। ਉਹ ਨਵੇਂ ਦੌਰ ਦਾ ਬਹੁ-ਆਯਾਮੀ ਗਜ਼ਲਗੋ ਹੈ। ਨਾ ਉਹ ਜ਼ਿਆਦਾ ਉਸਤਾਦੀ ਦਿਖਾਉਂਦਾ ਹੈ ਅਤੇ ਨਾ ਹੀ ਔਖੇ ਸ਼ਬਦਾਂ ਦਾ ਜਾਲ ਬੁਣਦਾ ਹੈ, ਬੱਸ ਸਿੱਧੀ ਸਾਦੀ ਸਰਲ ਭਾਸ਼ਾ ਵਿਚ ਸਿੱਧੀ-ਸਾਦੀ ਗੱਲ ਆਖ ਕੇ ਵੱਡੇ ਅਰਥ ਦੇ ਜਾਂਦਾ ਹੈ। ਸਮਾਜ ਦੀਆਂ ਗਲਤ ਕਦਰਾਂ ਕੀਮਤਾਂ ਨੂੰ ਇੰਝ ਪੇਸ਼ ਕਰਦਾ ਹੈ ਕਿ ਉਸ ਪ੍ਰਤੀ ਨਫਰਤ ਦਾ ਜਹਾਦ ਖੜ੍ਹਾ ਹੋ ਜਾਵੇ। ਕਿਉਂਕਿ ਗਜ਼ਲ ਦੇ ਹਰ ਸ਼ਿਅਰ ਵਿਚ ਵੱਖਰੇ ਵਿਚਾਰ ਹੁੰਦੇ ਹਨ, ਇਸ ਲਈ ਹਰ ਗਜ਼ਲ ਵਿਚ ਕੋਈ ਨਾ ਕੋਈ ਸ਼ਿਅਰ ਸਮਾਜਿਕ ਸਰੋਕਾਰ ਨੂੰ ਪ੍ਰਣਾਇਆ ਮਿਲ ਜਾਂਦਾ ਹੈ। ਅਰਸ਼ ਨੇ ਆਪਣੀ ਨਿਵੇਕਲੀ ਸ਼ੈਲੀ ਨਾਲ ਸਾਬਤ ਕਰ ਦਿੱਤਾ ਹੈ ਕਿ ਜੋ ਗਜ਼ਲ ਕਿਸੇ ਵੇਲੇ ਅਰਬੀ, ਫਾਰਸੀ ਤੇ ਉਰਦੂ ਦੀ ਵਿਦੇਸ਼ੀ ਵਿਧਾ ਮੰਨੀ ਜਾਂਦੀ ਸੀ ਅਤੇ ਬਹੁਤਾ ਕਰਕੇ ਸੁਰਾ, ਸੁਰਾਹੀ, ਜਾਮ, ਇਸ਼ਕ, ਮੁਹੱਬਤ, ਬੇਵਫਾਈ ਵਿਛੋੜੇ ਆਦਿ ਦੇ ਦੁਆਲੇ ਹੀ ਘੁੰਮਦੀ ਰਹਿੰਦੀ ਸੀ। ਉਸ ਗਜ਼ਲ ਦੇ ਪੰਜਾਬੀ ਵਿਚ ਨਾ ਸਿਰਫ ਵਿਸ਼ਾ ਵਸਤੂ ਹੀ ਬਦਲੇ ਜਾ ਸਕਦੇ ਹਨ, ਸਗੋਂ ਪੰਜਾਬੀ ਸਭਿਆਚਾਰ ਵਿਚੋਂ ਉਦਾਹਰਣਾਂ, ਬਿੰਬ, ਪ੍ਰਤੀਬਿੰਬ ਲੈ ਕੇ ਉਸਨੂੰ ਖਾਲਸ ਪੰਜਾਬੀ ਰੂਪ ਵੀ ਦਿੱਤਾ ਜਾ ਸਕਦਾ ਹੈ। 'ਅਰਸ਼( ਜਿੱਥੇ ਇਤਿਹਾਸ-ਮਿਥਿਹਾਸ ਵਿਚੋਂ ਬਿੰਬ ਲੈ ਕੇ ਉਹਨਾਂ ਨੂੰ ਨਵੇਂ ਅਰਥਾਂ ਵਿਚ ਪੇਸ਼ ਕਰਨ ਦੀ ਸਮਰੱਥਾ ਰੱਖਦਾ ਹੈ, ਉਥੇ ਪੰਜਾਬੀ ਸਭਿਆਚਾਰ ਵਿਚੋਂ ਵੀ ਆਸਾਨ ਬਿੰਬਾਂ ਪ੍ਰਤੀਬਿੰਬਾਂ ਨਾਲ ਡੂੰਘੇ ਅਰਥ ਦੇ ਸਕਦਾ ਹੈ। ਝਨਾਂ, ਹੀਰ, ਜੋਗੀ, ਰਾਂਝਾ, ਖੇੜੇ, ਤਖਤ ਹਜ਼ਾਰਾ, ਚੂਰੀ, ਬੇਲਾ, ਮੱਝਾਂ, ਪੂਰਨਮਾਸ਼ੀ, ਕੱਚੇ ਤੇ ਤੈਰਨਾ, ਕਲਜੁਗ, ਨਾਥ, ਡੇਰੇ, ਚਿਮਟਾ, ਸ਼ੰਖ, ਜਟਾਵਾਂ, ਇਕਲਵੇ, ਦਰੋਣਾਚਾਰੀਆ, ਪੂਰਨ, ਸੁੰਦਰਾਂ, ਕੁਰਖੇਤਰ ਆਦਿ ਵਰਗੇ ਕਿੰਨੇ ਹੀ ਸ਼ਬਦ ਤੇ ਬਿੰਬ ਵਰਤ ਕੇ ਅਰਸ਼ ਨੇ ਆਪਣੀਆਂ ਗਜ਼ਲਾਂ ਨੂੰ ਪੰਜਾਬੀ ਰੰਗ ਵਿਚ ਰੰਗਿਆ ਹੈ। ਉਹ ਆਪ ਵੀ ਕਹਿੰਦੇ ਹਨ:-

"ਮੈਂ ਆਪਣੇ ਗਜ਼ਲ ਦਿਆਂ ਸ਼ਿਅਰਾਂ ਨੂੰ ਪੰਜਾਬ ਦੀ ਧਰਤੀ ਉਪਰ ਵਗਦੇ ਦਰਿਆਵਾਂ ਦਾ ਅੰਮ੍ਰਿਤ ਜਲ ਪਿਆ ਕੇ ਸਦੀਵਤਾ ਪ੍ਰਦਾਨ ਕਰਨੀ ਲੋਚਦਾ ਹਾਂ।' ਤੇ ਉਹ ਇਸ ਵਿਚ ਕਾਮਯਾਬ ਹੈ। ਇਹਨਾਂ ਖਿਆਲਾਂ ਨਾਲ ਲਬਰੇਜ਼ ਉਹ ਦੋ ਕੁ ਦਰਜ਼ਨ ਪੁਸਤਕਾਂ ਪੰਜਾਬੀ ਬੋਲੀ ਨੂੰ ਅਰਪਣ ਕਰ ਚੁੱਕੇ ਹਨ। ਇਹਨਾਂ ਵਿਚੋਂ ਵਰਣ ਵਿਵਸਥਾ ਦੇ ਸਤਾਏ ਲੋਕ ਤੇ ਉਹਨਾਂ ਨੂੰ ਪੇਸ਼ ਦੁਸ਼ਵਾਰੀਆਂ ਦੇ ਸ਼ਿਅਰਾਂ ਦੀ ਵੰਨਗੀ ਪੇਸ਼ ਹੈ-

ਤੁਹਾਡੇ ਸ਼ਹਿਰ ਦੀ ਛਿਪਦੀ ਤਰਫ ਢਾਰਾ ਜੋ ਮੇਰਾ ਹੈ
ਰਵੀ ਦੇ ਹੁੰਦਿਆਂ ਵੀ ਉਸ 'ਚ ਰਹਿੰਦਾ ਕਿਉਂ ਹਨੇਰਾ ਹੈ?

ਇਹ ਕੌੜਾ ਸੱਚ ਹੈ ਕੈਸਾ! ਉਨ੍ਹਾਂ ਦਾ ਘਰ ਨਹੀਂ ਕੋਈ
ਜਿੰਨ੍ਹਾਂ ਨੇ 'ਅਰਸ਼' ਸਾਰੇ ਸ਼ਹਿਰ ਖਾਤਰ ਘਰ ਬਣਾਏ ਹਨ।

ਉਹ ਖੁਦ ਨੂੰ ਇਕ ਸੁਤੰਤਰ ਦੇਸ਼ ਦੇ ਵਾਸੀ ਕਿਵੇਂ ਸਮਝਣ
ਜਿਨ੍ਹਾਂ ਨੇ ਉਮਰ ਜ਼ਿੱਲਤ ਦੀ ਛਵੀ ਹੇਠਾਂ ਗੁਜ਼ਾਰੀ ਹੈ।

ਏਸ ਕਾਣੀ ਵੰਡ ਦਾ, ਮੈਂ ਦੋਸ਼ ਕਿਸਦੇ ਸਿਰ ਧਰਾਂ?
ਕੋਈ ਦੌਲਤਮੰਦ, ਜੋਰਾਵਰ, ਕੋਈ ਕਮਜ਼ੋਰ ਹੈ।

ਲੋਕ ਜਿਹੜੇ ਜ਼ਿੰਦਗੀ ਦੇ
ਸੋਮਿਆਂ ਤੋਂ ਦੂਰ ਹਨ
ਕਲ੍ਹ ਵੀ ਉਹ ਮਜਬੂਰ
ਸਨ ਤੇ ਅੱਜ ਵੀ ਉਹ
ਮਜਬੂਰ ਹਨ।

ਸਖਤ ਮਿਹਨਤ ਕਰਕੇ
ਵੀ ਭੁੱਖਾਂ ਦੇ ਕੈਦੀ ਹਨ
ਜਿਹੜੇ
ਸੋਚਦੀ ਹੈ ਘਾਲਣਾ ਕੇਹੋ
ਜਿਹੇ ਮਜ਼ਦੂਰ ਹਨ?

ਇਕ ਤਾਂ ਮੇਰੀ ਧਿਰ ਹੈ
ਛੋਟੀ, ਦੂਜੀ ਨਿਰਬਲ
ਉਨ੍ਹਾਂ ਤੋਂ
ਕਿੰਝ ਇਨਸਾਫ ਮਿਲੇਗਾ ਮੈਨੂੰ ਮੁਨਸਿਫ ਵੱਡੀ ਧਿਰ ਦੇ ਹਨ।

ਜਿਸਨੂੰ ਤੂੰ ਹੈ ਦਰੜਿਆ ਪੈਰਾਂ ਦੇ ਹੇਠ ਚਾਰ ਜੁਗ
ਦੋਸਤਾ ਉਸਨੂੰ ਵੀ ਹੁਣ ਜੀ ਲੈਣ ਦੇ ਇਨਸਾਨ ਵਾਂਗ।

ਸ੍ਰੀ ਰਾਮ 'ਅਰਸ਼' ਨੇ ਉਸ ਇਤਿਹਾਸ-ਮਿਥਿਹਾਸ ਦੀਆਂ ਬਰੀਕ ਪਰਤਾਂ ਨੂੰ ਲਾਹ ਕੇ ਪੇਸ਼ ਕੀਤਾ ਹੈ, ਜਿਸਨੈ ਦਲਿਤਾਂ ਨੂੰ ਜੁਗੋ ਜੁਗ ਲੁੱਟ ਦਾ ਸਾਧਨ ਬਣਾਈ ਰੱਖਣ ਵਿਚ ਬਹੁਤ ਵੱਡਾ ਰੋਲ ਅਦਾ ਕੀਤਾ।ਧਰਮ ਦੇ ਸਹਾਰੇ ਪਲਣ ਵਾਲੇ ਕਰਮਕਾਂਡਾਂ ਅਤੇ ਪਾਖੰਡਾਂ ਨੇ ਵੀ ਦਲਿਤ ਦਾਸਤਾਨ ਨੂੰ ਵਧਾਉਣ ਵਿਚ ਬਹੁਤ ਵੱਡਾ ਹਿੱਸਾ ਪਾਇਆ। ਆਪਣੇ ਸਭਿਆਚਾਰ ਵਿਚ ਵਿੱਚਰਦੀਆਂ ਇਤਿਹਾਸ-ਮਿਥਿਹਾਸ ਦੀਆਂ ਉਹਨਾਂ ਗੰਭੀਰ ਕਿਸਮ ਦੀਆਂ ਘਟਨਾਵਾਂ ਨੂੰ ਜੋ ਲੋਕਾਂ ਦਿਆਂ ਦਿਲਾਂ ਵਿਚ ਚਾਹੇ-ਅਣਚਾਹੇ, ਜਾਣੇ-ਅਣਜਾਣੇ ਖੌਰੂ ਪਾਉਂਦੀਆਂ ਰਹਿੰਦੀਆਂ ਹਨ, ਅਰਸ਼ ਨੇ ਸਹਿਜ ਰੂਪ ਨਾਲ ਆਪਣੀਆਂ ਗਜ਼ਲਾਂ ਦਾ ਹਿੱਸਾ ਬਣਾਇਆ ਹੈ-

ਜਿਸਨੇ ਸਾਗਰ ਮੰਥਨ ਕੀਤਾ ਉਸਨੂੰ ਅੰਮ੍ਰਿਤ ਮਿਲਿਆ ਨਾ
ਫਿਰ ਕਿੰਝ ਆਪਣੀ ਮਿਹਨਤ ਦਾ ਫਲ ਏਥੇ ਸਭਨੇ ਖਾਣਾ ਹੈ।

ਮਿਰਗ ਨਹੀਂ ਹੁੰਦਾ ਸੋਨੇ ਦਾ ਇਹ ਹੈ 'ਅਰਸ਼' ਛਲਾਵਾ
ਚਲਕੇ ਰਾਣੀ ਨੂੰ ਸਮਝਾਈਏ, ਪੀਰ ਫਕੀਰ ਧਿਆਈਏ।

ਇਕਲਵਿਆ ਜਿਸ ਕਮਾਨ ਥੀਂ ਬਣਿਆ ਸੀ ਤੀਰ ਅੰਦਾਜ਼
ਆਪਣੇ ਲਈ ਦਰੋਣ ਤੋਂ ਉਹੀ ਕਮਾਨ ਸੰਭਾਲ।

ਜਿਨ੍ਹਾਂ ਤੋਂ ਲੋਅ ਦੀ ਕਾਤਰ ਢਾਰਿਆਂ ਵਿਚ ਜਰ ਨਹੀਂ ਹੁੰਦੀ
ਉਹਨਾਂ ਨੇ ਸੋਚ ਨੂੰ ਤਾਲੇ ਲਗਾ ਰੱਖੇ ਰਿਵਾਜ਼ਾਂ ਦੇ।

ਜਦੋਂ ਮਿਥਿਹਾਸ ਨੇ ਵਿਰਸੇ ਨੂੰ ਟੀਸੀ 'ਤੇ ਬਿਠਾ ਦਿੱਤਾ
ਕੁਕਰਮਾਂ ਦਾ ਤਦੋਂ ਦੋਹਾਂ ਨੂੰ ਮੈਂ ਸ਼ੀਸ਼ਾ ਵਿਖਾ ਦਿੱਤਾ।

ਉਹਨਾਂ ਧਰਮ ਰਿਵਾਜ਼ਾਂ ਨੂੰ ਮੈਂ ਕੀਕਣ ਆਦਰ ਮਾਣ ਦਿਆਂ
ਬੇਇਨਸਾਫੀ ਨੂੰ ਸ਼ਹਿ ਦਿੱਤੀ ਜਿਹਨਾਂ ਧਰਮ ਰਿਚਾਵਾਂ ਨੇ।

ਉਹੀ ਕੱਲ੍ਹ ਤੱਕ ਇਸ ਧਰਤੀ 'ਤੇ 'ਅਰਸ਼' ਹਕੂਮਤ ਕਰਦੇ ਸਨ
ਵੇਖਣ ਨੂੰ ਅੱਜ ਜਿਹੜੇ ਲੋਕੀਂ ਲੱਗਦੇ ਝੱਲ ਵਲੱਲੇ ਨੇ।

ਗੁਰੂ ਦੇ ਕਹਿਣ 'ਤੇ ਅੰਗੂਠਾ ਲਾਹ ਕੇ ਦੇ ਦਿੱਤਾ
ਜਿਹੜੇ ਗੁਰੂ ਦਾ ਕਦੇ ਉਸਨੂੰ ਵਰ ਨਹੀਂ ਮਿਲਿਆ।

ਇਹ ਰਿਹਾ ਹਰ ਇਕ ਸਦੀ ਵਿਚ ਰਾਜ ਸੱਤਾ ਦਾ ਗੁਲਾਮ
ਤਦ ਹੀ ਤਾਂ ਇਤਿਹਾਸ ਵਿਚ ਹੋਈਆਂ ਨੇ ਹੇਰਾਫੇਰੀਆਂ।

ਗਿਆਨ ਦੇ ਭੰਡਾਰ ਮੇਰੇ ਪੁਰਖਿਆਂ ਦੇ ਸਾੜ ਕੇ
ਫਿਰ ਕੀ ਤੂੰ ਬਣ ਗਿਆ ਹੈਂ ਦੇਸ਼ ਦਾ ਵਿਦਵਾਨ ਯਾਰ।

ਗੈਰ ਮਲੁੱਖੀ ਤੰਤਰ ਜਿਸਨੇ ਮੈਨੂੰ ਹੀਣ ਬਣਾਇਆ ਸੀ
ਅੱਜ ਦੀ ਪੀੜ੍ਹੀ ਰੱਦ ਕਰ ਚੁੱਕੀ ਐਸੇ ਦੁਸ਼ਟ ਵਿਚਾਰਾਂ ਨੂੰ।

'ਕਲਿੰਗਾ' ਦੀ ਭਿਅੰਕਰ ਜੰਗ ਦਾ ਇਤਿਹਾਸ ਇਸ ਵਿਚ
'ਸਿਧਾਰਥ' ਦੇ ਫ਼ੁਕਤ ਕਥਨਾਂ ਦਾ ਇਹ ਵਰਕਾ ਨਹੀਂ ਹੈ।

ਉਹ ਜੋ ਬਿਨ ਕਾਰਨ ਮੇਰੇ ਤੇ ਕਰ ਰਿਹਾ ਹੈ ਜ਼ੁਲਮ ਘਿਰਣਿਤ
ਕਿਉਂ ਕੋਈ ਅਵਤਾਰ ਆ ਕੇ ਉਸਨੂੰ ਸਮਝਾਉਂਦਾ ਨਹੀਂ?

ਸੁਪਨਿਆਂ ਵਿਚ ਸਿੰਧ ਘਾਟੀ ਜਾਂ ਹੜੱਪਾ ਦੇਖਦਾਂ
ਹੋਏਗਾ ਮੇਰਾ ਉਨ੍ਹਾਂ ਦੇ ਨਾਲ ਰਿਸ਼ਤਾ ਦੂਰ ਦਾ।

ਜਿਵੇਂ ਦਲਿਤ ਨੇ ਵਰਣ ਵਿਵਸਥਾ ਅਧੀਨ ਜੁਗਾਂ ਜੁਗਾਂ ਤੀਕ ਅੱਨਿਆ, ਅੱਤਿਆਚਾਰ ਅਤੇ ਅੰਤਾਂ ਦੇ ਜ਼ੁਲਮ ਸਹਿਣ ਕੀਤੇ, ਓਸੇ ਤਰ੍ਹਾਂ ਇਸਤਰੀ ਵੀ ਜਬਰ ਜ਼ੁਲਮ ਦਾ ਸ਼ਿਕਾਰ ਰਹੀ ਹੈ। ਇਸੇ ਵਿਵਸਥਾ ਨੇ ਇਸਤਰੀ ਨੂੰ ਆਜ਼ਾਦ ਹਸਤੀ ਨਾਂ ਮੰਨ ਕੇ ਉਸਨੂੰ ਮਰਦ ਦੇ ਪਰਛਾਵੇਂ ਹੇਠ ਰੱਖਿਆ ਅਤੇ ਮੰਡੀ ਦੀ ਇਕ ਵਸਤ ਬਣਾਈ ਰੱਖਿਆ। ਉਸਨੂੰ ਜਦ ਚਾਹਿਆ ਵਰਤ ਲਿਆ ਤੇ ਜਦ ਚਾਹਿਆ ਛੱਡ ਦਿੱਤਾ। ਮਰਦ ਦੀ ਚਿਖਾ ਵਿਚ ਨਾ ਚਾਹੁੰਦਿਆਂ ਵੀ ਜ਼ਿੰਦਾ ਸੜਨਾ ਪਿਆ। ਜੂਏ

**(ਬਾਕੀ ਅਗਲੇ ਸਫੇ 'ਤੇ)**

# ਸ੍ਰੀ ਰਾਮ 'ਅਰਸ਼' ਦੀਆਂ ਗਜ਼ਲਾਂ ਵਿਚ 'ਅੰਬੇਡਕਰ-ਦਰਸ਼ਨ'











**(ਸਫਾ 19 ਦੀ ਬਾਕੀ)**

ਵਿਚ ਹਾਰਨ ਵਾਲੀ ਵਸਤ ਬਣਨਾ ਪਿਆ। ਪੰਜਾਂ ਪੰਜਾਂ ਪਤੀਆਂ ਨੂੰ ਰਿਝਾਉਣਾ ਪਿਆ। ਜੇ ਉਸਨੂੰ ਮਨ ਮਰਜ਼ੀ ਦਾ ਪਤੀ ਚੁਣਨ (ਸਵੰਬਰ) ਦਾ ਅਧਿਕਾਰ ਕਦੇ ਦਿੱਤਾ ਵੀ ਤਾਂ ਸ਼ੱਕ ਪੈਣ 'ਤੇ ਪਤੀ ਨਹੀਂ ਸਗੋਂ ਉਸਨੂੰ ਖੁਦ ਹੀ ਪਵਿੱਤਰ ਹੋਣ ਦਾ ਇਮਤਿਹਾਨ ਦੇਣਾ ਪਿਆ। ਔਰਤ ਨੂੰ ਵੀ ਦਲਿਤ ਵਾਂਗ ਅਨਪੜ੍ਹ, ਜਾਇਦਾਦ ਰਹਿਤ ਇਕ ਗੁਲਾਮ ਬਣਾ ਕੇ ਰੱਖਿਆ ਗਿਆ। ਬੱਸ ਉਹ ਦਲਿਤ ਵਾਂਗ ਇੰਨੀ ਅਛੂਤ ਨਹੀਂ ਸੀ। ਅਬਲਾ, ਕੁਲਟਾ, ਗੁੱਤ ਪਿੱਤੇ ਮੱਤ, ਵਿਭਚਾਰੀ ਆਦਿ ਵਿਸ਼ੇਸ਼ਣ ਉਸ ਲਈ ਆਮ ਵਰਤੇ ਜਾਂਦੇ ਸਨ। ਡਾ. ਅੰਬੇਡਕਰ ਨੇ ਇਸਤਰੀ ਦੇ ਅਧਿਕਾਰਾਂ ਲਈ ਅਤੇ ਉਸਦੇ ਬਰਾਬਰਤਾ ਦੇ ਦਰਜੇ ਲਈ ਸੰਘਰਸ਼ ਕੀਤਾ ਅਤੇ ਬਣਦਾ ਸਥਾਨ ਕਾਨੂੰਨ ਦੀ ਮੁਹਰ ਲੁਆ ਕੇ ਦਿੱਤਾ। ਅੱਜ ਜੇ ਇਸਤਰੀ ਹਰ ਖੇਤਰ ਵਿਚ ਮੱਲਾਂ ਮਾਰ ਰਹੀ ਹੈ ਤਾਂ ਇਸ ਪਿੱਛੇ ਡਾ. ਅੰਬੇਡਕਰ ਦੀ ਸੋਚ ਖਲੋਤੀ ਦਿਸ ਪਵੇਗੀ। ਸ੍ਰੀ ਰਾਮ 'ਅਰਸ਼' ਨੇ ਕਿੰਨੇ ਹੀ ਸ਼ਿਅਰ ਲਿਖੇ ਹਨ, ਜਿਹਨਾਂ ਵਿਚ ਇਸਤਰੀ ਦੀ ਦੁਰਦਸ਼ਾ ਦਾ ਵਰਣਨ ਹੈ। ਉਹ ਇਸਤਰੀ ਦੀ ਆਜ਼ਾਦੀ ਦਾ ਹਾਮੀ ਹੈ। ਵੰਨਗੀ ਵੇਖੋ:-

ਕਿਵੇਂ ਚਿੜੀਆਂ ਨਾਲ ਉਡਣ ਉਸ ਗਗਨ ਅੰਦਰ
ਜਿਹੜੀ ਥਾਂ ਬੇਮੁਹਾਰੇ ਝੁੰਡ ਫਿਰਦੇ ਹੋਣ ਬਾਜ਼ਾਂ ਦੇ।

ਪਹਿਲਾਂ ਉਹਨਾਂ ਨੇ ਸਾਰੀ ਬਸਤੀ ਨੂੰ ਫੂਕ ਸੁੱਟਿਆ
ਫਿਰ ਸੇਜ ਇਕ ਵਿਛਾਈ ਭੁੱਬਲ ਦੇ ਢੇਰ ਉਪਰ।

ਚੁੰਨੀ ਦੀ ਆਬਰੂ ਨੂੰ ਪਰਜਾ ਬਚਾ ਸਕੀ ਨਾ
ਕੁਦਰਤ ਨੇ ਵੈਣ ਪਾਏ ਬੱਚੀ ਦੀ ਲੇਰ ਉਪਰ।

ਉਸਦੇ ਵਿਚ ਸੁੱਤੀ ਪਈ ਮੁਟਿਆਰ ਝੰਬੀ ਜਾਏਗੀ
ਨਿਰਦਈ ਝੱਖੜ ਨੂੰ ਜਦ ਕਮਜ਼ੋਰ ਢਾਰਾ ਮਿਲ ਗਿਆ।

ਉਨ੍ਹਾਂ ਨੂੰ ਤੌਖਲਾ ਹੈ ਬਾਲੜੀ ਅੱਖਰ ਨਾ ਪੜ੍ਹ ਜਾਵੇ
ਕਦੋਂ ਜਾਏਗੀ ਤੰਗ ਨਜ਼ਰੀ ਜਨੂੰਨੀ ਜਬਰਾਂ ਵਿਚੋਂ।

ਰਾਖਸ਼ ਮਿਲ ਕੇ ਸਿਖਰ ਦੁਪਹਿਰੇ ਚੁੰਨੀ ਪੈਰਾਂ ਹੇਠ ਮਧੋਲਣ
ਫਿਰ ਵੀ ਮੇਰੇ ਜੁਗ ਦਾ ਰਹਿਬਰ ਕਿਉਂ ਹੁੰਦਾ ਬੇਦਾਰ ਨਹੀਂ।

ਜਿਹੜੀ ਮਹਿਫੂਜ਼ ਨਾ ਘਰ ਵਿਚ ਬਜ਼ਾਰਾਂ ਨਾ ਬੱਸਾਂ ਅੰਦਰ
ਜੋ ਲੀਰੋ ਲੀਰ ਹੋਈ ਹੈ ਉਹ ਚੁੰਨੀ ਸੀ ਉਸਦਾ ਗਹਿਣਾ।

ਬਾਲ ਕੰਨਿਆ ਦੀ ਹੁੰਦੀ ਬੇਪੱਤੀ ਹੈ ਰਾਤ ਦਿਨ
ਜਾਪਦੈ ਹੁਣ ਆ ਗਈ ਹੈ ਏਸ ਦੁਨੀਆਂ ਦੀ ਅਖੀਰ।

ਵਿਡੰਬਨਾ ਹੈ ਸਵੰਬਰ ਰਚਾਉਣ ਮਗਰੋਂ ਵੀ
ਸਦੀ ਨੂੰ 'ਅਰਸ਼' ਪਸੰਦੀਦਾ ਵਰ ਨਹੀਂ ਮਿਲਿਆ।

ਜੰਡ ਦੀ ਛਾਵੇਂ ਪਿਆਰ ਕਰੇਗਾ ਜਿਹੜਾ ਵੀ
ਉਸਦੇ ਬਚ ਜਾਵਣ ਦੀ ਮੈਨੂੰ ਆਸ ਨਹੀਂ।

ਦਲਿਤਾਂ ਅਤੇ ਔਰਤਾਂ 'ਤੇ ਜੋ ਮਨੂੰਵਾਦੀ ਵਿਵਸਥਾ ਰਾਹੀਂ ਜ਼ੁਲਮ ਅਤੇ ਅੱਤਿਆਚਾਰ ਢਾਏ ਗਏ, ਉਹਨਾਂ ਵਿਰੁੱਧ ਸਮੇਂ-ਸਮੇਂ 'ਤੇ ਸੰਤ, ਗੁਰੂ, ਮਹਾਂਪੁਰਖ ਆਵਾਜ਼ ਬੁਲੰਦ ਕਰਦੇ ਰਹੇ, ਜਿਸਦੇ ਇਵਜ਼ ਵਿਚ ਉਹਨਾਂ ਨੂੰ ਤਰ੍ਹਾਂ-ਤਰ੍ਹਾਂ ਦੇ ਤਸੀਹੇ ਅਤੇ ਜ਼ੁਲਮ ਅੱਤਿਆਚਾਰ ਸਹਿਣੇ ਪਏ, ਇੱਥੋਂ ਤੱਕ ਕਿ ਜਾਨ ਦੀਆਂ ਕੁਰਬਾਨੀਆਂ ਵੀ ਦੇਣੀਆਂ ਪਈਆਂ। ਇਸ ਲੜੀ ਵਿਚ ਬੁੱਧ, ਨਾਨਕ, ਨਾਮਦੇਵ, ਤੁੱਕਾ ਰਾਮ, ਬਿਸਵੰਨਾ, ਕਬੀਰ, ਰਵਿਦਾਸ, ਜਿਹੇ ਸੰਤ ਅਤੇ ਜੋਤੀਬਾ ਫੂਲੇ, ਪੈਰੀਅਰ, ਰਾਮਾਸਵਾਮੀ, ਨਰਾਇਣਾ ਗੁਰੂ, ਸ਼ਾਹੂ ਜੀ ਮਹਰਾਜ, ਬਿਰਸਾ ਮੂੰਡਾ, ਸ਼ਿਵਾ ਜੀ ਵਰਗੇ ਮਹਾਂਪੁਰਸ਼ਾਂ ਵਰਗੇ ਕਿੰਨੇ ਹੀ ਨਾਂ ਲਏ ਜਾ ਸਕਦੇ ਹਨ। ਬਾਬਾ ਨਾਨਕ ਦੀ ਸ਼ੁਰੂ ਕੀਤੀ ਲਹਿਰ ਇਸ ਵਿਵਸਥਾ ਦੇ ਵਿਰੋਧ ਵਿਚ ਹੀ ਸੀ, ਜਿਸ ਕਰਕੇ ਇਸਦੇ ਅਗਲੇ ਪੈਰੋਕਾਰਾਂ ਨੂੰ ਅੰਤਾਂ ਦੇ ਜ਼ੁਲਮ ਸਹਿਣੇ ਪਏ ਤੇ ਕਈਆਂ ਨੂੰ ਜਾਨ ਦੀਆ ਕੁਰਬਾਨੀਆਂ ਵੀ ਦੇਣੀਆਂ ਪਈਆਂ। ਡਾ. ਅੰਬੇਡਕਰ ਨੇ ਸਾਰੇ ਭਾਰਤ ਵਿਚੋਂ ਪੈਦਾ ਹੋਏ ਇਹਨਾਂ ਸੰਤਾਂ ਮਹਾਂਪੁਰਖਾਂ ਦੀਆਂ ਸਿੱਖਿਆਵਾਂ ਤੇ ਵਿਚਾਰਧਾਰਾਵਾਂ ਨੂੰ ਇਕ ਬੱਝਵੇਂ ਰੂਪ ਵਿਚ ਪੇਸ਼ ਕੀਤਾ ਅਤੇ ਇਕ ਲਹਿਰ ਬਣਾਈ, ਜੋ ਇਕ ਇਨਕਲਾਬ ਤੋਂ ਘੱਟ ਨਹੀਂ ਸੀ। ਸਮੇਂ ਦੇ ਹਾਕਮਾਂ ਨੇ ਇਸਨੂੰ ਹਰ ਪਾਸਿਉਂ ਦਬਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਪਰ ਬਹੁਤੀ ਸਫਲਤਾ ਨਾਂ ਮਿਲ ਸਕੀ। ਡਾ. ਅੰਬੇਡਕਰ ਦੇ ਜਾਣ ਤੋਂ ਦਹਾਕੇ ਬਾਅਦ ਹੀ ਇਕ ਹੋਰ ਯੋਧੇ ਆਗੂ ਕਾਂਸ਼ੀ ਰਾਮ ਨੇ ਇਸ ਲਹਿਰ ਨੂੰ ਫਿਰ ਤੋਂ ਸੁਰਜੀਤ ਕਰਕੇ ਅਗਾਂਹ ਤੋਰਿਆ ਅਤੇ ਜਨ ਜਨ ਤੱਕ ਲੈ ਕੇ ਗਏ। ਉਹਨਾਂ ਨੇ ਹੀ ਇਹ ਗੱਲ ਸਮਝਾਈ ਕਿ ਸਾਡੇ ਪੁਰਖਿਆਂ ਦੀਆਂ ਘਾਲਣਾਵਾਂ ਅਤੇ ਕੁਰਬਾਨੀਆਂ ਦਾ ਕਰਜ਼ਾ ਸਾਡੇ ਸਿਰ 'ਤੇ ਹੈ, ਜਿਸਨੂੰ ਉਤਾਰਨਾ ਪਵੇਗਾ। ਇਸੇ ਹੀ ਕਰਜ਼ੇ ਦਾ ਜ਼ਿਕਰ ਸ੍ਰੀ ਰਾਮ 'ਅਰਸ਼' ਨੇ ਆਪਣੀਆਂ ਗਜ਼ਲਾਂ ਵਿਚ ਕਈ ਕਈ ਵਾਰ ਕੀਤਾ ਹੈ। ਆਪਣੀ ਪੁਸਤਕ 'ਫਰਜ਼' ਦਾ ਨਾਮਕਰਨ ਉਸਨੇ ਇਸੇ ਲਈ ਕੀਤਾ ਹੈ ਕਿ ਪੁਰਖਿਆਂ ਦਾ ਕਰਜ਼ ਉਤਾਰਨਾ ਉਸਦਾ ਫਰਜ਼ ਬਣਦਾ ਹੈ। ਸ਼ਿਅਰ ਵੇਖੋ:-

ਜਾਣ ਲੱਗਾ ਵਕਤ ਖਬਰੇ ਉਸਨੂੰ ਕੀ ਕਹਿ ਗਿਆ?
ਉਮਰ ਭਰ ਉਹ ਪੁਰਖਿਆਂ ਦਾ ਰਿਣ ਚੁਕਾਉਂਦਾ ਰਹਿ ਗਿਆ।

ਮੇਰੇ ਪੁਰਖੇ ਖੁਸ਼ ਹੋਵਣਗੇ ਇਹ ਸੁਣਕੇ
ਮੈਂ ਉਹਨਾਂ ਸਿਰ ਚੜ੍ਹਿਆ ਕਰਜ਼ ਚੁਕਾ ਚੁੱਕਾਂ।

ਡਾ. ਅੰਬੇਡਕਰ ਦੇ ਸੰਘਰਸ਼ ਦੀ ਸ਼ਾਨਦਾਰ ਪ੍ਰਾਪਤੀ ਇਹ ਸੀ ਕਿ ਉਹ ਦੇਸ਼ ਨੂੰ ਇਕ ਵਧੀਆ ਸੰਵਿਧਾਨ ਦੇ ਗਏ ਜੋ ਹਰ ਪੱਖੋਂ ਹਰ ਇਕ ਦੀ ਆਜ਼ਾਦੀ, ਬਰਾਬਰਤਾ ਅਤੇ ਭਾਈਚਾਰੇ ਦੀ ਜਾਮਨੀ ਭਰਦਾ ਹੈ। ਜਿਹਨਾਂ ਲੋਕਾਂ ਨੂੰ ਸਦੀਆਂ ਤੋਂ ਅਧਿਕਾਰ ਰਹਿਤ ਰੱਖ ਕੇ ਇੰਨਾ ਲੁੱਟਿਆ ਖਸੁੱਟਿਆ ਗਿਆ ਕਿ ਉਹਨਾਂ ਨੂੰ ਭੁਲਾ ਹੀ ਦਿੱਤਾ ਗਿਆ ਕਿ ਉਹ ਵੀ ਇਨਸਾਨ ਹੀ ਹਨ। ਇਹਨਾਂ ਲੋਕਾਂ ਦੇ ਅਧਿਕਾਰ ਸੰਵਿਧਾਨ ਵਿਚ ਸੁਰੱਖਿਅਤ ਕਰ ਦਿੱਤੇ ਅਤੇ ਇਸਤਰੀ ਸਮੇਤ ਸਭ ਨੂੰ ਬਰਾਬਰੀ ਦੇ ਹੱਕ ਪ੍ਰਦਾਨ ਕੀਤੇ। ਇਹਨਾਂ ਅਧਿਕਾਰਾਂ ਵਿਚ ਸਭ ਲਈ ਵੋਟ ਦਾ ਅਧਿਕਾਰ ਬਹੁਤ ਮਹੱਤਵਪੂਰਨ ਹੈ ਜੋ ਇਹਨਾਂ ਨੂੰ ਆਪਣੀ ਬੰਦਖੁਲਾਸੀ ਅਤੇ ਉਨਤੀ ਲਈ ਆਪਣੀ ਮਨਮਰਜ਼ੀ ਦੀ ਸਰਕਾਰ ਚੁਣਨ ਦੀ ਤਾਕਤ ਬਖਸ਼ਦਾ ਹੈ। ਪਰ ਇਹ ਗੱਲ ਹਾਲੇ ਚੰਗੀ ਤਰ੍ਹਾਂ ਸਮਝੀ ਨਹੀਂ ਜਾ ਸਕੀ ਤੇ ਵੋਟ ਦੀ ਕੀਮਤ ਪਛਾਣੀ ਨਹੀਂ ਗਈ। ਇਸ ਸਾਰੇ ਕੁਝ ਨੂੰ 'ਅਰਸ਼' ਨੇ ਇੰਝ ਸਮਝਿਆ ਅਤੇ ਸਮਝਾਇਆ ਹੈ:-

ਮੈਂ ਆਪਣੇ ਦੇਸ਼ ਦੇ ਕਾਨੂੰਨ ਦੀ ਪ੍ਰਸਤਾਵਨਾ ਪੜ੍ਹ ਲਾਂ
ਰਤਾ ਭਰ ਰੋਕ ਕੇ ਰੱਖਣਾ ਤੁਸੀਂ ਆਪਣੇ ਸਵਾਲਾਂ ਨੂੰ।

ਵਿਸਾਰ ਛੱਡਿਐ ਤੁਸੀਂ ਲੋਕ ਰਾਜ ਦਾ ਮੰਤਰ
ਬਰਾਬਰੀ ਦਾ ਵਚਨ ਬਰਛੀਆਂ 'ਤੇ ਚਲਦਾ ਹੈ।

ਪਰਜਾ ਤੰਤਰ ਕੂਕ ਰਿਹਾ ਹੈ ਡਿੱਗੇ ਲੋਕੋ ਉਠੋ
ਲੋਕ ਵਿਰੋਧੀ ਲੋਕ ਸਭਾ ਨੂੰ ਵੋਟਾਂ ਨਾਲ ਹਰਾਈਏ।

ਫਿਰ ਗਰੀਬਾਂ ਨੇ ਲਗਾਇਆ ਮਿਲ ਕੇ ਨਾਅਰਾ ਦੇਖ ਲੈ
ਤੇਰੇ ਹੱਥੋਂ ਰਾਜ ਖੁਸ ਚੱਲਿਆ ਦੁਬਾਰਾ ਦੇਖ ਲੈ।

ਸਿਰ ਨੂੰ ਨਾ ਧਰ ਤੂੰ ਜ਼ੁਲਮ ਦੇ ਪੈਰਾਂ ਤੇ ਵਾਰ-ਵਾਰ
ਇਕ ਵਾਰ ਤੂੰ ਤਲੀ 'ਤੇ ਵੀ ਸਿਰ ਧਰ ਕੇ ਵੇਖ ਲੈ।

ਕੋਈ ਤਿਉਹਾਰ ਹੈ ਜਾਂ ਹੈ ਕੋਈ ਮੰਤਵ ਅਨੋਖਾ
ਕਿ ਆਇਆ ਬਾਦਸ਼ਾਹ ਪੈਦਲ ਗਰੀਬਾਂ ਦੇ ਦਰ 'ਤੇ।

ਨਾਗ ਦੇ ਲੰਘਣ ਮਗਰੋਂ ਉਸਦੀ ਲੀਕ ਨੂੰ ਪਿੱਟਣ ਦਾ ਕੀ ਲਾਭ?
ਆਪਣੀ ਵੋਟ ਦੀ ਸ਼ਕਤੀ ਨੂੰ ਚੋਣਾਂ ਵਿਚ ਅਜ਼ਮਾਇਆ ਕਰ।

ਮੇਰੇ ਜੁਗ ਦੇ ਨਿਰਧਨ ਲੋਕੋ ਸੋਚੋ ਸਮਝੋ ਕੀ ਕਰਦੇ ਹੋ?
ਮੇਟ ਨਾ ਸਕਿਆ ਜੋ ਨਿਰਧਨਤਾ ਉਸੇ ਦਾ ਪਾਣੀ ਭਰਦੇ ਹੋ?

ਅੱਛੇ ਦਿਨ ਹੁਣ ਲੈ ਕੇ ਆਉਣੇ ਹਨ ਲੋਕੋ
ਇਸ ਨਅਰੇ ਨੂੰ ਆਪਣਾ ਧਰਮ ਬਣਾ ਚੁੱਕਾਂ।

ਨਾਲ ਚਲੇ ਸੀ ਜਿਦ੍ਹੇ ਅੱਛੇ ਦਿਨਾਂ ਦੀ ਭਾਲ ਵਿਚ
ਉਸਨੂੰ ਮੰਜ਼ਿਲ ਮਿਲ ਗਈ ਲੋਕਾਂ ਨੂੰ ਲਾਰਾ ਮਿਲ ਗਿਆ।

'ਅਰਸ਼' ਆਪਣੇ ਇਸ ਸਫ਼ਰ ਵਿਚ ਅੱਖਾਂ ਖੋਲ੍ਹ ਕੇ ਵਿਚਰਦਾ ਹੈ। ਹਰ ਲੋਕ ਵਿਰੋਧੀ ਵਰਤਾਰੇ ਨੂੰ ਭੰਡਦਾ ਹੈ ਤੇ ਲੋਕ ਹਿੱਤ ਕਾਰਵਾਈ ਦੀ ਤਾਰੀਫ ਅਤੇ ਹੌਸਲਾ ਅਫਜ਼ਾਈ ਕਰਦਾ ਹੈ। ਉਹ ਨਿਰਬਲ ਅਤੇ ਮਜਬੂਰ ਨੂੰ ਵਾਰ-ਵਾਰ ਝੰਜੋੜਦਾ ਹੈ ਅਤੇ ਕੁਝ ਕਰ ਗੁਜ਼ਰਨ ਲਈ ਵੰਗਾਰਦਾ ਹੈ। ਸਮਾਜਿਕ ਸਰੋਕਾਰ ਦੀਆਂ ਵੱਖ-ਵੱਖ ਘਟਨਾਵਾਂ ਨੂੰ ਅਰਸ਼ ਬਾਖੂਬੀ ਚਿਤਰਦਾ ਹੈ। ਇਹ ਭਾਵੇਂ ਕਰਜ਼ਾਈ ਕਿਸਾਨ ਜਾਂ ਮਜ਼ਦੂਰ ਦੀ ਖੁਦਕੁਸ਼ੀ ਹੈ ਜਾਂ ਬਲਿਊ ਸਟਾਂਰ ਅਪਰੇਸ਼ਨ ਦੀ ਤਬਾਹੀ ਹੈ ਜਾਂ ਬਾਬਾਵਾਦ ਦੇ ਡੇਰਿਆਂ ਦੀ ਸਮੱਸਿਆ ਹੈ ਜਾਂ ਅਤਿ ਗਰੀਬੀ ਵਿਚ ਗਰੀਬ ਵੱਲੋਂ ਆਪਣੇ ਅੰਗ ਵੇਚਣਾ ਹੈ ਜਾਂ ਮੰਡੀ ਵਿਚ ਐਫ. ਡੀ. ਆਈ. ਦੀ ਆਮਦ ਹੈ, 'ਅਰਸ਼' ਨੇ ਸਭ ਨੂੰ ਨੀਝ ਲਾ ਕੇ ਤੱਕਿਆ ਹੈ ਅਤੇ ਆਪਣੇ ਕਲਾਮ ਵਿਚ ਛੋਹਿਆ ਹੈ:-

ਜ਼ਹਿਰ ਦੀ ਜੋ ਬੂੰਦ ਕਲ੍ਹ ਅੰਮ੍ਰਿਤ ਦੇ ਕੁੰਡ ਅੰਦਰ ਗਿਰੀ
ਉਸ 'ਚ ਘਿਰਦਾ ਜਾਪਦਾ ਬ੍ਰਹਿਮੰਡ ਮੌਲਾ ਮਿਹਰ ਕਰ।

ਫਿਰ ਵੀ ਬਦੀ ਸਭ ਥਾਂ ਨੇਕੀਆਂ 'ਤੇ ਭਾਰੀ ਹੈ
ਥਾਂ ਕੁ ਥਾਂ ਤੇ ਉਂਝ ਇੱਥੇ ਸਾਧੂਆਂ ਦੇ ਡੇਰੇ ਹਨ।

ਦਾਣਾ ਫੱਕਾ ਹੁੰਦੇ ਸੁੰਦੇ, ਭੁੱਖੇ ਮਰਦੇ ਜਾਈਏ
ਹਿੱਸੇ ਬਹਿੰਦਾ ਰਿਜ਼ਕ ਮਿਲੇ ਤਦ ਮੌਤ ਨੂੰ ਦੂਰ ਭਜਾਈਏ।

ਫਸਲ ਕਰਜ਼ੇ ਦੀ ਨਾ ਖੇਤਾਂ 'ਚ ਉਗਾਈ ਜਾਵੇ
ਮਾਤਮੀ ਸਫ ਨਾ ਹਰ ਇਕ ਘਰ 'ਚ ਵਿਛਾਈ ਜਾਵੇ।

ਨਾਗਾਂ ਦੇ ਵਿਸ਼ ਤੋਂ ਵੀ ਜ਼ਹਿਰੀ ਧਰਤ ਬਣੀ ਹੈ ਖੇਤਾਂ ਦੀ
ਜ਼ਹਿਰਾਂ ਵਿਚ ਉਪਜੀ ਗੰਦਮ ਨੂੰ ਕਿਹੜਾ ਪ੍ਰਾਣੀ ਖਾਏਗਾ?

ਕੀਮਤਾਂ ਵਸਤਾਂ ਦੀਆਂ ਹੁਣ ਘਟਣਗੀਆਂ ਹਰਗਿਜ਼ ਨਹੀਂ
ਕਿਉਂ ਜੁ ਮੰਡੀ ਫਿਰ ਲੈ ਆਈ ਇਜਾਰੇਦਾਰ ਨੂੰ।

ਉਨ੍ਹਾਂ ਲੋਕਾਂ ਦੀ ਵਧਦੀ ਭੀੜ ਵਿਚ ਮੈਂ ਵੀ ਤਾਂ ਸ਼ਾਮਲ ਹਾਂ
ਜਿਹੜੇ ਅੰਗਾਂ ਨੂੰ ਆਪਣੇ ਵੇਚ ਕੇ ਉਮਰਾਂ ਵਧਾਉਂਦੇ ਹਨ।

ਫਿਰ ਬਗਾਵਤ ਕਿੰਝ ਹੋਵੇਗੀ ਮਹਿਲਾਂ ਦੇ ਬੁੱਤਘਾੜੇ ਤੋਂ
ਮਿਲ ਜਾਵੇ ਜੇ ਉਸਨੂੰ ਉਸਦੀ ਮਿਹਨਤ ਦੀ ਮਜ਼ਦੂਰੀ ਯਾਰ।

ਸ੍ਰੀ ਰਾਮ 'ਅਰਸ਼' ਇਸ ਸਾਰੀ ਵਿਗੜੀ ਹੋਈ ਸਮਾਜਿਕ ਹਾਲਤ ਤੋਂ ਆਵਾਜ਼ਾਰ ਹੋਇਆ ਕਿਸੇ ਭੂਚਾਲ ਦੀ ਆਸ ਕਰਦਾ ਹੋਇਆ ਇਨਕਲਾਬ ਦੀ ਤਮੰਨਾ ਕਰਦਾ ਹੈ, ਜਿਸ ਵਿਚ ਖੁਸ਼ਹਾਲੀ ਹੀ ਖੁਸ਼ਹਾਲੀ ਹੋਵੇ। ਉਹ ਇਸ ਇਨਕਲਾਬ ਦੇ ਅੰਸ਼ ਉਹਨਾਂ ਵਿਚ ਹੀ ਲੱਭਦਾ ਹੈ ਜੋ ਇਸ ਵਿਵਸਥਾ ਦੇ ਸ਼ਿਕਾਰ ਹਨ। ਇਸ ਵਿਵਸਥਾ ਦੇ ਦਾਨਵ ਨੂੰ ਉਹ ਇਕੱਲੇ ਇਕੱਲੇ ਨਹੀਂ ਸਗੋਂ ਇਕੱਤਰ ਹੋ ਕੇ ਵੱਡੇ ਸੰਘਰਸ਼ ਨਾਲ ਹੀ ਮਾਰ ਭਜਾਉਣ ਲਈ ਆਖਦਾ ਹੈ।

ਅੰਬੇਡਕਰਵਾਦ ਦਾ ਇਹੀ ਸਿਧਾਂਤ ਹੈ ਕਿ ਪਹਿਲਾਂ ਸਿੱਖਿਅਤ ਕਰੋ, ਫਿਰ ਸੰਘਰਸ਼ ਕਰੋ ਅਤੇ ਫਿਰ ਸੰਗਠਿਤ ਹੋਵੋ। 'ਅਰਸ਼' ਨੂੰ ਆਪਣੇ ਕਲਾਮ ਦੀ ਗੰਭੀਰਤਾ ਦਾ ਵੀ ਗਿਆਨ ਹੈ ਅਤੇ ਉਸਦੇ ਨਤੀਜੇ ਤੋਂ ਵੀ ਉਹ ਵਾਕਫ ਹੈ ਪਰ ਫਿਰ ਵੀ ਉਹ ਸੰਘਰਸ਼ ਜਾਰੀ ਰੱਖਣ ਦਾ ਚਾਹਵਾਨ ਹੈ ਅਤੇ ਇਸ ਗਿਆਨ ਅਤੇ ਸੰਘਰਸ਼ ਦੀ ਮਸ਼ਾਲ ਨੂੰ ਬਿਨਾਂ ਕਿਸੇ ਡਰ ਭੈਅ ਤੋਂ ਬਾਲੀ ਰੱਖਣਾ ਚਾਹੁੰਦਾ ਹੈ। ਇਸਦੀ ਜੋ ਵੀ ਸਜ਼ਾ ਮਿਲੇ ਉਹ ਭੁਗਤਣ ਲਈ ਤਿਆਰ ਹੈ। ਗਰੀਬ ਨੂੰ ਤਾਂ ਬਿਨਾਂ ਕਾਰਨ ਹੀ ਸਜ਼ਾ ਮਿਲਦੀ ਰਹੀ ਹੈ। ਵੰਨਗੀਆਂ ਵੇਖੋ:-

ਖਾਹਸ਼ਾਂ ਦਫਨ ਹੋਣ ਜਿਸ ਥਾਂ 'ਤੇ
ਉਸ ਹੀ ਥਾਂ 'ਤੇ ਭੂਚਾਲ ਆਉਂਦਾ ਹੈ।

ਸਮਾਜਿਕ ਖੇਤ 'ਚੋਂ ਪੁੱਟ ਕੇ ਜਿੰਨ੍ਹਾਂ ਨੂੰ ਦੂਰ ਸੁੱਟਿਆ ਸੀ।
ਮਿਲੇ ਹਨ ਬੀਜ ਰੋਹ ਵਿਦਰੋਹ ਦੇ ਉਹਨਾਂ ਨਾਬਰਾਂ ਵਿਚੋਂ

ਦਿਲ 'ਚ ਹੈ ਜਿਸਦੀ ਤਮੰਨਾ ਆਏਗਾ ਉਹ ਇਨਕਲਾਬ
ਇਸ ਤਰ੍ਹਾਂ ਦਾ ਹੈ ਭਰੋਸਾ 'ਅਰਸ਼' ਖਿਦਮਤਗਾਰ ਨੂੰ।

ਸਮਾਜਿਕ ਰਹਿਤਲਾਂ ਵਿਚ ਪੈਰ ਜੋ ਡੂੰਘੇ ਜਮਾ ਚੁੱਕਾ
ਇਕੱਲੀ ਜਾਨ ਕੋਲੋਂ ਭ੍ਰਿਸ਼ਟਿਆ ਦਾਨਵ ਨਹੀਂ ਢਹਿਣਾ।

ਤੁਸੀਂ ਇਕਸਾਰਤਾ ਦੇ ਸਭ ਤਰਫ ਦੀਵੇ ਜਗਾ ਕੇ
ਨਰੋਆ ਇਨਕਲਾਬ ਇੱਥੇ ਲਿਆਉਣਾ ਲੋਚਦੇ ਹੋ।

ਜੇ ਮੇਰੀ ਆਸਥਾ ਝੁੱਗੀ 'ਚ ਪਲਦੀ ਕਿਰਤ ਅੰਦਰ ਹੈ
ਕਿਵੇਂ ਮਹਿਲਾਂ 'ਚੋਂ ਉਡਦੀ ਧੂੜ ਨੂੰ ਮੱਥੇ ਲਗਾ ਲੈਂਦਾ।

ਗਜ਼ਲ ਮੇਰੀ ਭੁਗਤਦੀ ਹੈ ਸਦਾ ਮਜ਼ਲੂਮ ਦੇ ਹੱਕ ਵਿਚ
ਤਦੇ ਅਨਿਆ ਵਿਰੁੱਧ ਇਸ ਵਿਚ ਭਖਦੀ ਚਿੰਗਾਰੀ ਹੈ।

ਸਧਾਰਨ ਸਿਰ ਕਿਵੇਂ ਇਕ ਸੀਸ ਬਣ ਜਾਂਦਾ ਹੈ ਦੁਨੀਆਂ ਵਿਚ
ਮੈਂ ਤ੍ਰਿਸਕਾਰੇ ਹੋਏ ਨੂੰ ਏਸਦਾ ਮੰਤਰ ਸਿਖਾ ਦਿੱਤਾ।

ਹਾਕਮ ਖਿਲਾਫ ਅੱਜ ਤੱਕ ਮੈਂ ਆਖਿਆ ਨਾ ਕੁਝ ਵੀ
ਉਂਝ ਹੈ ਕਲਾਮ ਮੇਰਾ ਫਾਂਸੀ ਚੜ੍ਹਾਉਣ ਜੋਗਾ।

ਤੁਸੀਂ ਹਿੰਮਤ ਜੁਟਾ ਕੇ ਘਰ 'ਚ ਉਸਨੂੰ ਲੈ ਤਾਂ ਆਏ ਹੋ
ਮਗਰ ਹੁਣ ਬਾਲ ਕੇ ਰੱਖਣਾ ਬਨੇਰੇ ਤੇ ਮਸ਼ਾਲਾਂ ਨੂੰ।

ਕਸੂਰਵਾਰ ਨਹੀਂ ਹਾਂ ਮਗਰ ਗਰੀਬ ਤੇ ਹਾਂ
ਸਜ਼ਾ ਦਿਓਗੇ ਜਿਹੜੀ ਮੈਂ ਕਬੂਲ ਕਰਲਾਂਗਾ।

ਉਸਨੂੰ ਕੁਝ ਦੈਂਤ ਲੱਭਦੇ ਫਿਰ ਰਹੇ ਹਨ
ਜਿਨ੍ਹਾਂ ਰਿਣ ਪੁਰਖਿਆਂ ਦਾ ਤਾਰਿਆ ਹੈ।

ਹੋਵੇਗਾ ਸਭ ਯਾਦ ਤੁਹਾਨੂੰ, ਭੇਂਟ ਸਿਰਾਂ ਦੀ ਕਿਉਂ ਦਿੱਤੀ ਸੀ
ਬਾਝ ਸਿਰਾਂ ਦੇ ਜਿਉਂਦੇ ਲੋਕੋ ਹੁਣ ਕਿਸ ਹੋਣੀ ਤੋਂ ਡਰਦੇ ਹੋ?

ਸਿਰ ਕਿਸੇ ਦਾ ਹੈ ਤੇਰੀ ਧੌਣ ਤੇ ਟਿਕਿਆ ਹੋਇਆ
'ਅਰਸ਼' ਜੀਣਾ ਹੈ ਤਾਂ ਉਸ ਸਿਰ ਨੂੰ ਬਚਾ ਕੇ ਰੱਖੀਂ।

ਤੇ 'ਅਰਸ਼' ਉਸ ਦਿਨ ਨੂੰ ਆਪਣੀ ਜ਼ਿੰਦਗੀ ਦਾ ਸਭ ਤੋਂ ਵਧੀਆ ਤਸੱਵਰ ਕਰਦਾ ਹੈ ਜਦੋਂ ਇਹ ਸੰਘਰਸ਼ ਕਾਮਯਾਬ ਹੋਵੇਗਾ:-

ਪ੍ਰਭ ਨੇ ਜਿਸ ਦਿਨ ਅੰਮ੍ਰਿਤ ਰਾਹੀਂ ਵਰਣਾਂ ਦੇ ਸਭ ਫਰਕ ਮਿਟਾਏ
'ਅਰਸ਼' ਲਈ ਉਸ ਦਿਨ ਤੋਂ ਵੱਡਾ ਹੋਰ ਕੋਈ ਤਿਉਹਾਰ ਨਹੀਂ।

ਸ਼ਾਲਾ!! ਉਹ ਦਿਨ ਉਸਦੀ ਜ਼ਿੰਦਗੀ ਵਿਚ ਜ਼ਰੂਰ ਆਵੇ।

*******

# ਸਰਗਰਮ ਕਲਮ ਅਤੇ ਇਨਸਾਨੀਅਤ ਦੀ ਮੂਰਤ- ਵੀਰਪਾਲ ਕੌਰ ਭੱਠਲ

ਜਿਲ੍ਹਾ ਲੁਧਿਆਣਾ ਵਿਚ ਪੈਂਦੇ ਪਿੰਡ ਭਨੋਹੜ ਮੁੱਲਾਂਪੁਰ ਦਾਖਾ ਦੀ ਵਸਨੀਕ ਬੀਬੀ ਵੀਰਪਾਲ ਕੌਰ ਭੱਠਲ ਸਾਹਿਤ ਖੇਤਰ ਵਿਚ ਬੜੀ ਤੇਜੀ ਨਾਲ ਦਿਨ-ਪਰ-ਦਿਨ ਆਪਣੀ ਕਲਮੀ ਖੁਸ਼ਬੂ ਵਿਖੇਰਦਾ ਆਪਣੀ ਮੰਜਲ ਵੱਲ ਲਗਾਤਾਰ ਵਧਦਾ ਜਾ ਰਿਹਾ ਇਕ ਐਸਾ ਖੂਬਸੂਰਤ ਨਾਂਉਂ ਹੈ ਜਿਹੜਾ ਕਿ ਆਪਣੇ ਇਲਾਕੇ ਵਿਚ ਆਪਣੀ ਕਲਮੀ-ਪਛਾਣ ਬਣਾਉਣ ਵਿਚ ਸਫਲਤਾ ਹਾਸਲ ਕਰ ਚੁੱਕਾ ਹੈ। ਸਹਿਨਸ਼ੀਲ, ਸੰਵੇਦਨਸ਼ੀਲ ਅਤੇ ਸੁਲਝੀ ਹੋਈ ਕਵਿੱਤਰੀ ਇਸ ਭੱਠਲ ਨੇ ਇਕ ਮੁਲਾਕਾਤ ਦੌਰਾਨ ਦੱਸਿਆ ਕਿ ਉਨ੍ਹਾਂ ਨੂੰ ਬਚਪਨ ਤੋਂ ਹੀ ਵਧੀਆ ਸਾਹਿਤ ਪੜ੍ਹਨ ਦੀ ਚੇਟਕ ਲੱਗ ਗਈ ਸੀ। ਪੜ੍ਹਨ ਦੀ ਇਸੇ ਚੇਟਕ ਨੇ ਜਿੱਥੇ ਉਸਦੇ ਅੰਦਰਲਾ ਸੁੱਤਾ ਕਵੀ ਜਗਾ ਕੇ ਰੱਖ ਦਿੱਤਾ, ਉਥੇ ਨਾਲ-ਹੀ-ਨਾਲ ਸਮਾਜ-ਸੇਵਾ ਦਾ ਵਲਵਲਾ ਵੀ ਜਾਗ ਪਿਆ। ਇਹੀ ਕਾਰਨ ਹੈ ਕਿ ਉਹ ਚੰਗੇ ਸਾਹਿਤ ਨੂੰ ਹੀ ਆਪਣਾ ਪ੍ਰੇਰਨਾ-ਸਰੋਤ ਮੰਨਦੀ ਹੈ। ਜਿੱਥੋ ਤੱਕ ਸੰਭਵ ਹੋ ਸਕੇ ਲੋਕ-ਭਲਾਈ ਦੇ ਕਾਰਜ ਲਈ ਹਰ ਪਲ ਅਤੇ ਹਰ ਵਕਤ ਤਿਆਰ-ਬਰ-ਤਿਆਰ ਰਹਿੰਦੀ ਹੈ ਉਹ ।

ਭੱਠਲ ਨੇ ਦੱਸਿਆ ਕਿ ਉਹ ਕੁਝ ਘਰੇਲੂ ਮਜਬੂਰੀਆਂ ਕਾਰਨ ਭਾਂਵੇ ਕਿ ਸਕੂਲੀ ਵਿਦਿਆ ਤਾਂ ਉਚ-ਦਰਜੇ ਦੀ ਨਹੀ ਕਰ ਸਕੀ ਪਰ, ਸਾਹਿਤ ਪ੍ਰਤੀ ਪੜ੍ਹਨ ਦੇ ਉਸ ਦੇ ਰੁਝਾਨ ਨੇ ਹੀ ਉਸਦੀ ਸਕੂਲੀ-ਵਿੱਦਿਆ ਦੀ ਘਾਟ ਕਾਫੀ ਹੱਦ ਤੱਕ ਪੂਰੀ ਕਰ ਦਿੱਤੀ, ਜਿਸਦੇ ਨਤੀਜਨ ਉਹ ਵਧੀਆ ਸਾਹਿਤ ਰਚਨਾ ਕਰ ਲੈਂਦੀ ਹੈ। ਨਮੂਨੇ ਮਾਤਰ ਮੈਂ ਇੱਥੇ ਭੱਠਲ ਦੀ ਇਕ ਕਾਵਿ-ਰਚਨਾ ਦੀ ਸਥਾਈ ਤੇ ਅੰਤਰਾ ਸਾਂਝਾ ਕਰਨ ਦੀ ਖੁਸ਼ੀ ਲੈ ਰਿਹਾ ਹਾਂ-



'ਦਰਦ ਇਸ਼ਕ ਦਾ ਸਹਿ ਸਹਿਕੇ
ਅਸੀਂ ਭੁੱਲ ਕੰਡਿਆਂ ਦੀ ਪੀੜ ਗਏ।
ਜਿਹੜੇ ਚੂੰਢੀ ਨਹੀ ਸੀ ਵੱਢ ਸਕਦੇ,
ਉਹ ਸੱਜਣ ਸੀਨਾ ਚੀਰ ਗਏ।
ਜਦੋਂ ਤੋਹਫਿਆਂ ਨਾ' ਉਨ੍ਹਾਂ ਖਤ ਸਾੜੇ,
ਅਸੀਂ ਦੇਖ ਵਹਾਈ ਨੀਰ ਗਏ।
'ਵੀਰਪਾਲ' ਰੁੱਸੀ ਤਕਦੀਰ ਸਾਡੀ,
ਅਸੀਂ ਐਵੇਂ ਮਨਾਈ ਪੀਰ ਗਏ।
ਜਿਹੜੇ ਚੂੰਢੀ ........

ਇਸ ਹੋਣਹਾਰ ਕਵਿੱਤਰੀ ਦਾ ਇਹ ਵੀ ਕਹਿਣ ਹੈ ਕਿ ਉਸਦੇ ਨਿੱਕੇ ਵੀਰ ਜਗਸੀਰ ਸਿੰਘ ਸੰਧੂ ਜਿਹੜੇ ਕਿ ਇਕ ਚੰਗਾ ਲਿਖਾਰੀ ਬਣਨਾ ਚਾਹੁੰਦੇ ਸਨ, ਪਰ ਮਾਲਕ ਨੂੰ ਮੰਨਜੂਰ ਨਾ ਹੋ ਸਕਿਆ ਅਤੇ ਬਦ-ਕਿਸਮਤੀ ਜਲਦੀ ਹੀ ਉਹ ਇਸ ਦੁਨੀਆਂ ਨੂੰ ਅਲਵਿਦਾ ਆਖ ਗਏ, ਦਾ ਅਧੂਰਾ ਰਹਿ ਗਿਆ ਸੁਪਨਾ ਪੂਰਾ ਕਰਨ ਲਈ ਉਸ ਨੇ ਕਲਮ ਨੂੰ ਆਪਣੀ ਸਾਥਣ ਬਣਾਇਆ ਹੈ।

ਕਵਿਤਾ, ਕਹਾਣੀ, ਗੀਤ ਅਤੇ ਖਾਸ ਕਰਕੇ ਬਾਲ-ਸਾਹਿਤ ਵਿਚ ਕਹਾਣੀ ਲਿਖਣ ਵਾਲੀ ਇਸ ਕਲਮਕਾਰਾ ਦੀਆਂ ਲਿਖਤਾਂ ਜਿੱਥੇ ਪੰਜਾਬੀ ਦੇ ਵੱਖ-ਵੱਖ ਅਖਬਾਰਾਂ-ਮੈਗਜੀਨਾਂ ਦਾ ਲੰਮੇ ਸਮੇਂ ਤੋਂ ਸ਼ਿੰਗਾਰ ਬਣਦੀਆਂ ਆ ਰਹੀਆਂ ਹਨ, ਉਥੇ ਪ੍ਰਕਾਸ਼ਨਾ ਖੇਤਰ ਵਿਚ ਉਹ 'ਜਾਦੂਗਰਨੀ ਅੰਬਿਕਾ ਦਾ ਮਹਿਲ' ਅਤੇ 'ਗਿਆਨ ਦਾ ਖ਼ਜ਼ਾਨਾ ਨਾਮੀ ਦੋ ਬਾਲ-ਕਹਾਣੀ ਸੰਗ੍ਰਹਿ ਵੀ ਸਾਹਿਤ-ਜਗਤ ਨੂੰ ਦੇ ਚੁੱਕੀ ਹੈ। ਇਸ ਤੋਂ ਇਲਾਵਾ ਸਾ-ਹਤਕ ਹਲਕਿਆਂ ਦੀ ਜਾਣੀ-ਪਛਾਣੀ ਸੰਸਥਾ ਸ਼੍ਰੋਮਣੀ ਪੰਜਾਬੀ ਲਿਖਾਰੀ ਸਭਾ ਪੰਜਾਬ (ਰਜਿ:) ਵਲੋਂ 906 ਕਲਾ-ਪ੍ਰੇਮੀਆਂ ਦੀ ਟੈਲੀਫੂਨ ਡਾਇਰੈਕਟਰੀ 'ਵਿਰਸੇ ਦੇ ਪੁਜਾਰੀ' ਵਿਚ ਉਸਦਾ ਬਾਇਓ-ਡਾਟਾ ਛਪਣ ਦਾ ਵੀ ਉਹ ਗੌਰਵ ਮਹਿਸੂਸ ਕਰਦੀ ਹੈ।



ਪ੍ਰੀਤਮ ਲੁਧਿਆਣਵੀ
9876428641

ਮਾਨ-ਸਨਮਾਨਾ ਦੀ ਗੱਲ ਛਿੜੀ ਤਾਂ ਵੀਰਪਾਲ ਨੇ ਕਿਹਾ,'ਮੈਨੂੰ ਬੇਸ਼ੱਕ ਕਾਫੀ ਵੱਖ-ਵੱਖ ਸਟੇਜਾਂ ਤੋਂ ਮਾਨ-ਸਨਮਾਨ ਮਿਲ ਚੁੱਕੇ ਹਨ, ਪਰ ਇਨ੍ਹਾਂ ਸਨਮਾਨਾਂ ਤੋਂ ਹੋਰ ਵੀ ਉਪਰ ਸਨਮਾਨ ਜੋ ਮੇਰੇ ਮਨ ਨੂੰ ਸਕੂਨ ਦਿੰਨੇ ਹਨ, ਉਹ ਪਾਠਕਾਂ ਦਾ ਲਗਾਤਾਰ ਮਿਲ ਰਿਹਾ ਪਿਆਰ, ਸੇਧ ਅਤੇ ਮੋਹ ਭਿੱਜਾ ਹੁੰਗਾਰਾ ਹੈ, ਜਿਸ ਦੇ ਲਈ ਮੈਂ ਆਪਣੇ ਪਾਠਕਾਂ ਦੀ ਦਿਲੋ-ਮਨੋ ਰਿਣੀ ਵੀ ਹਾਂ।'

ਰੱਬ ਕਰੇ ਸਾਹਿਤ, ਸੱਭਿਆਚਾਰ ਅਤੇ ਸਮਾਜ-ਸੇਵਾ ਵਿਚ ਸਾਬਤ ਕਦਮੀ ਤੁਰੀ ਹੋਈ ਇਹ ਕਲਮ ਅਤੇ ਇਨਸਾਨੀਅਤ ਦੀ ਮੂਰਤ ਇਵੇਂ ਹੀ ਛੋਟੀਆਂ ਛੋਟੀਆਂ ਮੰਜਲਾਂ ਸਰ ਕਰਦੀ ਨਿਰ-ਵਿਘਨ ਤੁਰੀ ਰਵੇ! .ਹਰ ਪੈਰ, ਹਰ, ਕਦਮ ਅਤੇ ਹਰ ਮੋੜ ਉਤੇ ਸਫਲਤਾ ਉਸਦੇ ਪੈਰ ਚੁੰਮਣ ਲਈ ਖੜ੍ਹੀ ਹੋਵੇ! ਆਮੀਨ!

# ਸਿੱਖਿਆ ਹੀ ਮਨੁੱਖ ਨੂੰ ਇਨਸਾਨ ਬਣਾਉਂਦੀ ਹੈ

ਭਗਵਾਨ ਅਨੰਤ ਹੈ-ਅਰਥਾਤ ਭਗਵਾਨ ਦੀ ਰਚੀ ਸ੍ਰਿਸ਼ਟੀ ਵੀ ਅਨੰਤ ਹੈ। ਜੇਕਰ ਸਿੱਖਿਆ ਨਾ ਹੁੰਦੀ ਤਾਂ ਮਨੁੱਖ ਅਤੇ ਪਸ਼ੂ ਵਿਚ ਕੋਈ ਅੰਤਰ ਨਾ ਸਮਝਿਆ ਜਾ ਸਕਦਾ ਹਰ ਤਰ੍ਹਾਂ ਦੇ ਗਿਆਨ ਦੀ ਪ੍ਰਾਪਤੀ ਦਾ ਸਰੋਤ ਸਿੱਖਿਆ ਹੀ ਹੈ। ਪ੍ਰੰਤੂ ਹੁਣ ਕਲਿਆਣ ਕਰਨਾਂ ਪਵੇਗਾ ਕਿ ਵਾਲਮੀਕ ਸਮਾਜ ਦੀਆਂ ਇਸਤਰੀਆਂ ਦਾ ਜੋ ਸਿੱਖਿਆ ਦੇ ਪ੍ਰਤੀ ਪੂਰਨ-ਰੂਪ ਵਿਚ ਉਦਾਸੀਨ ਹਨ। ਉਹਨਾਂ ਕੁਰੀਤੀਆਂ ਨੂੰ ਛੱਡਣਾ ਤੇ ਤਿਆਗਣਾ ਪਵੇਗਾ ਜੋ ਕਿ ਭਲੀ-ਭਾਂਤ ਵਾਲਮੀਕ ਸਮਾਜ ਦੀਆਂ ਇਸਤਰੀਆਂ ਨੂੰ ਅਜਿਹਾ ਕਰਨ ਤੋਂ ਰੋਕ ਰਹੀਆਂ ਹਨ ਅਤੇ ਉਹਨਾਂ ਨੂੰ ਸਮਾਜਿਕ ਮਾਣ-ਸਨਮਾਨ ਤੋਂ ਵਾਂਝਾ ਕਰ ਰਹੀਆਂ ਹਨ। ਕਦੋਂ ਤੱਕ ਉਹ ਸਮਾਜ ਦਾ ਬੋਝ ਆਪਣੇ ਉਪਰ ਉਠਾਉਂਦੀਆਂ ਰਹਿਣਗੀਆਂ? ਉਹਨਾਂ ਦੀ ਪਿੱਠ ਤਾਂ ਝੁਕ ਕੇ ਜ਼ਮੀਨ ਨਾਲ ਲੱਗ ਜਾਵੇਗੀ ਅਤੇ ਫਿਰ ਵੀ ਇਹ ਸਮਾਜ ਉਹਨਾਂ ਨੂੰ ਅਛੂਤ ਕਹਿੰਦਾ ਰਹੇਗਾ। ਅੱਜ ਵੀ ਬਹੁਤ ਸਾਰੇ ਪਿੰਡਾਂ ਵਿਚ ਅਛੂਤਾਂ ਲਈ ਅਲੱਗ-ਅਲੱਗ ਘਾਟ ਹਨ। ਮੰਦਰਾਂ ਵਿਚ ਜਾਣਾ ਉਹਨਾਂ ਲਈ ਮਨਾਹੀ ਹੈ ਤੇ ਉਹਨਾਂ ਦੀਆਂ ਬਸਤੀਆਂ ਵੀ ਅਲੱਗ ਅਲੱਗ ਹਨ।

ਸਵਾਲ ਇਹ ਪੈਦਾ ਹੁੰਦਾ ਹੈ ਕਿ ਇਸ ਪ੍ਰਥਾ ਦੇ ਬਣੇ ਰਹਿਣ ਦਾ ਅਸਲੀ ਕਾਰਨ ਕੀ ਹੈ? ਇਸ ਸਮਾਜ ਦੀ ਦ੍ਰਿਸ਼ਟੀ- ਛੂਆਛਾਤ ਵਿ ਲੋਕਾਂ ਦੇ ਵਿਸ਼ਵਾਸ ਦਾ ਮੁੱਖ ਕਾਰਨ ਸਿੱਖਿਆ ਦੀ ਕਮੀ ਹੈ। ਨਵੇਂ ਗਿਆਨ ਦਾ ਪ੍ਰਕਾਸ਼ ਉਹਨਾਂ ਤੱਕ ਕਿਸ ਤਰ੍ਹਾਂ ਪਹੁੰਚ ਸਕੇਗਾ, ਜਦੋਂ ਤੱਕ ਉਹਨਾਂ ਕੋਲ ਸਾਧਨ ਨਹੀਂ ਹਨ ਅਤੇ ਇਹ ਸਾਧਨ ਹਨ ਸਿੱਖਿਆ। ਪ੍ਰੰਤੂ ਇੱਥੇ ਇਕ ਸਵਾਲ ਇਹ ਵੀ ਹੈ। ਇਸਤਰੀ ਦੇ ਅਧਿਕਾਰ ਤੇ ਫਰਜ਼ ਦਾ- ਔਰਤਾਂ ਨੂੰ ਮਰਦਾਂ ਵਰਗਾ ਅਤੇ ਮਰਦਾਂ ਦੇ ਬਰਾਬਰ ਸਾਨੂੰ ਮਰਦ ਅਤੇ ਔਰਤ ਦੇ ਵਿਚ ਜੋ ਕੁਦਰਤੀ ਮੌਲਿਕ ਅੰਤਰ ਹਨ, ਉਹਨਾਂ ਨੂੰ ਧਿਆਨ ਵਿਚ ਰੱਖ ਕੇ ਔਰਤ ਦੇ ਅਧਿਕਾਰ ਦੀ ਗੱਲ ਕਰਨੀ

**ਰਾਜ ਕੁਮਾਰੀ, ਐਮ. ਏ., ਬੀ. ਐਡ**

ਚਾਹੀਦੀ ਹੈ। ਔਰਤ ਦੇ ਅਧਿਕਾਰਾਂ ਦੀ ਸਮੱਸਿਆ ਦਾ ਪਹਿਲੂ ਇਹ ਵੀ ਕਿ ਖੁਦ ਔਰਤਾਂ ਹੀ ਆਪਣੇ ਅਧਿਕਾਰਾਂ ਦੇ ਪ੍ਰਤੀ ਸੁਚੇਤ ਨਹੀਂ ਹਨ, ਬਲਕਿ ਕੁਝ ਔਰਤਾਂ ਤਾਂ ਇਸ ਪ੍ਰਤੀ ਪੂਰਨ ਰੂਪ ਵਿਚ ਅਗਿਆਨੀ ਹਨ। ਤਲਾਕ, ਵਿਆਹ, ਨੌਕਰੀ, ਦੁਰਵਿਵਹਾਰ, ਬਾਲ ਵਿਆਹ ਆਦਿ ਅਨੇਕ ਗੱਲਾਂ ਤੋਂ ਕਾਨੂੰਨੀ ਪੱਖਾਂ ਤੋਂ ਔਰਤਾਂ ਅਕਸਰ ਅਣਜਾਣ ਰਹਿੰਦੀਆਂ ਹਨ। ਉਹਨਾਂ ਨੂੰ ਅਧਿਕਾਰ ਦੇਣ ਦੀ ਗੱਲ ਕਰਨ ਤੋਂ ਪਹਿਲਾਂ ਇਹ ਬਹੁਤ ਹੀ ਜ਼ਰੂਰੀ ਹੈ ਕਿ ਉਹਨਾਂ ਨੂੰ ਉਹਨਾਂ ਦੇ ਅਧਿਕਾਰਾਂ ਪ੍ਰਤੀ ਜਾਣੂ ਅਤੇ ਇਹਨਾਂ ਅਧਿਕਾਰਾਂ ਦਾ ਸਹੀ ਉਪਯੋਗ ਕਰਨ ਦੀ ਬੁੱਧੀਮਤਾ ਪੈਦਾ ਕਰਨਾ ਵੀ ਬਹੁਤ ਜ਼ਰੂਰੀ ਹੈ। ਇਕ ਆਦਮੀ ਨੂੰ ਸਿੱਖਿਅਤ ਕਰਨ ਦਾ ਅਰਥ ਹੈ ਕਿ ਮਾਨਵ ਨੂੰ ਸਿੱਖਿਅਤ ਕਰਨਾ। ਪਰ ਇਕ ਔਰਤ ਨੂੰ ਸਿੱਖਿਅਤ ਕਰਨ ਦਾ ਅਰਥ ਹੈ ਸਾਰੇ ਪਰਿਵਾਰ ਤੇ ਸਮਾਜ ਨੂੰ ਸਿੱਖਿਅਤ ਕਰਨਾ।

ਸਿੱਖਿਆ ਹੀ ਹੈ ਜਿਹੜੀ ਅਗਿਆਨਤਾ, ਅੰਧਵਿਸ਼ਵਾਸ ਵਰਗੇ ਹਨੇਰੇ ਨੂੰ ਦੂਰ ਕਰਦੀ ਹੈ। ਮਨੁੱਖ ਅਤੇ ਮਾਨਵ ਦੇ ਸਮਾਜ ਵਿਚ ਕੀ-ਕੀ ਅਧਿਕਾਰ ਹਨ ਅਤੇ ਉਸਦਾ ਕੀ ਸਥਾਨ ਹੈ, ਦੇ ਬਾਰੇ ਵਿਚ ਗਿਆਨਤਾ ਪੈਦਾ ਕਰਦੀ ਹੈ। ਦੂਜੇ ਵਰਗ ਜੋ ਕਿ ਆਪਣੇ ਆਪ ਨੂੰ ਉਚੇ ਵਰਗਾਂ ਦੇ ਅਖਵਾਉਂਦੇ ਹਨ। ਉਹਨਾਂ ਦੇ ਕਲਿਆਣ ਦਾ ਸਿਰਫ ਇਕ ਹੀ ਕਾਰਨ ਹੈ, ਉਹਨਾਂ ਵਿਚ ਨਾਰੀ ਸਿੱਖਿਆ ਦਾ ਹੋਦਾ।

ਪ੍ਰਾਚੀਨ ਕਾਲ ਤੋਂ ਹੀ ਉਸ ਵਰਗ ਦੀਆਂ ਔਰਤਾਂ ਨੂੰ ਸਿੱਖਿਅਤ ਕੀਤਾ ਜਾਂਦਾ ਰਿਹਾ ਹੈ, ਕਿਉਂਕਿ ਕੇਵਲ ਇਸਤਰੀ ਹੀ ਹੈ ਜੋ ਆਦਮੀ ਨੂੰ, ਪਰਿਵਾਰ ਨੂੰ ਅਤੇ ਗਿਆਨਤਾ ਦੀ ਜਾਗ੍ਰਤੀ ਪੈਦਾ ਕਰਦੀ ਹੈ। ਪ੍ਰਾਚੀਨ ਕਾਲ ਦੀ ਤਾਂ ਗੱਲ ਹੋਰ ਸੀ। ਉਸ ਸਮੇਂ ਉਚ ਵਰਗ ਦਾ ਹੀ ਬੋਲਬਾਲਾ ਸੀ। ਸਾਨੂੰ ਬਹੁਤੀਆਂ ਗੱਲਾਂ ਤੋਂ ਵਾਂਝਾ ਹੀ ਰੱਖਿਆ ਜਾਂਦਾ ਹੈ, ਜਿਵੇਂ ਸਾਨੂੰ ਸਕੂਲ ਜਾਣ ਅਤੇ ਸਿੱਖਿਆ ਪ੍ਰਾਪਤ ਕਰਨ ਦੀ ਪੂਰੀ ਤਰ੍ਹਾਂ ਪਾਬੰਦੀ ਸੀ। ਆਜ਼ਾਦੀ ਤੋਂ ਬਾਅਦ ਕਈ ਨੇਤਾਵਾਂ ਦੁਆਰਾ ਸੰਘਰਸ਼ ਕਰਨ ਪਿੱਛੋਂ ਬਾਵਾ ਸਾਹਿਬ ਅੰਬੇਦਕਰ ਸੰਵਿਧਾਨ ਰਚਿਤਾ ਨੇ ਸਾਨੂੰ ਸਿੱਖਿਆ ਪ੍ਰਾਪਤ ਕਰਨ ਦਾ ਅਧਿਕਾਰ ਦਿਵਾਏ ਪ੍ਰੰਤੂ ਇਹ ਦੁੱਖ ਦੀ ਗੱਲ ਹੈ ਕਿ ਆਜ਼ਾਦੀ ਦੇ ਪੰਜਾਹ ਸਾਲ ਬੀਤ ਜਾਣ ਤੋਂ ਪਿੱਛੋਂ ਵੀ ਸਾਡੀ ਵਾਲਮੀਕਿਨ ਜਾਤੀ ਨਾਮਾਤਰ ਹੀ ਸਿੱਖਿਅਤ ਹੋ ਪਾਈ ਹੈ। ਆਰਥਿਕ ਦ੍ਰਿਸ਼ਟੀ ਤੋਂ ਘਾਟ- ਇਸ ਘਾਟ ਹੋਣ ਦੇ ਕਾਰਨ ਹੀ ਵਾਲਮੀਕਿਨ ਜਾਤੀ ਦੀ ਇਸ ਸਿੱਖਿਆ ਦਾ ਉਤਾਰਾ ਨਹੀਂ ਹੋ ਪਾ ਰਿਹਾ ਹੈ। ਮਾਤਾ-ਪਿਤਾ ਨੂੰ ਚਾਹੀਦਾ ਹੈ ਕਿ ਉਹ ਆਪਣੀਆਂ ਲੜਕੀਆਂ ਨੂੰ ਸਿੱਖਿਆ ਪ੍ਰਾਪਤ ਕਰਨ ਦੇ ਲਈ ਜ਼ਿਆਦਾ ਤੋਂ ਜ਼ਿਆਦਾ ਸਹਿਯੋਗ ਦੇਣ ਉਹਨਾਂ ਲਈ ਸਕੂਲ ਦੀ ਪੜ੍ਹਾਈ ਜ਼ਿਆਦਾ ਜ਼ਰੂਰੀ ਸਮਝਣ ਨਾ ਕਿ ਕੰਮ ਦਾ ਬੋਝ ਪਾ ਕੇ ਆਪ ਮਤਲਬੀ ਹੋ ਬੈਠਣਾ। ਸਿੱਖਿਆ ਵਿਚ ਬੇਸ਼ੱਕ ਪੱਛੜੀਆਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਦੇ ਲਈ ਰਾਖਵਾਂਕਰਨ ਦੀ ਵਿਵਸਥਾ ਸੰਵਿਧਾਨ ਨੇ ਕੀਤੀ ਹੈ ਪਰ ਫਿਰ ਵੀ ਜ਼ਿਆਦਾ ਤਰਜੀਹ, ਮਾਣ ਸਨਮਾਨ ਦੀ ਨੀਤੀ ਇਹ ਹੋ ਸਕਦੀ ਹੈ ਕਿ ਨੀਵੇਂ ਵਰਗਾਂ ਅਤੇ ਗਰੀਬ ਮਾਤਾ-ਪਿਤਾ ਦੇ ਬੱਚਿਆਂ ਨੂੰ ਫੀਸ ਦੇ ਇਲਾਵਾ, ਰੋਟੀ, ਕੱਪੜਾ, ਕਿਤਾਬਾਂ, ਡਾਕਟਰੀ ਸਹਾਇਤਾ, ਵਜੀਫੇ, ਬੱਸਾਂ, ਰੇਲ ਗੱਡੀਆ ਵਿਚ ਮੁਫਤ ਸਫਰ ਕਰਨ ਦੀ ਸੁਵਿਧਾ ਅਤੇ ਨੌਕਰੀਆਂ ਵਿਚ ਰਾਖਵਾਂਕਰਨ ਆਉਣ ਵਾਲੇ ਕਈ ਸਾਲਾਂ ਤੱਕ ਹੋਰ ਦਿੱਤਾ ਜਾਵੇ। ਜਨਸੰਖਿਆ ਨੂੰ ਨਿਯੰਤਰਣ ਵਿਚ ਰੱਖਣ ਦਾ ਇਕ ਬਹੁਤ ਸਫਲ ਢੰਗ ਹੈ। ਲੜਕੀਆਂ ਦੀ ਸਿੱਖਿਆ, ਔਰਤਾਂ ਲਈ ਨੌਕਰੀਆਂ ਅਤੇ ਵਿਧਾਨ ਸਭਾਵਾਂ ਵਿਚ ਰਾਖਵਾਂਕਰਨ ਦੇ ਵੀ ਜ਼ਿਆਦਾ ਪ੍ਰਭਾਵਸ਼ਾਲੀ ਇਹ ਹੋਵੇਗਾ ਕਿ ਨਾ ਕੇਵਲ ਸਕੂਲੀ ਸਿੱਖਿਆ ਬਲਕਿ ਕਾਲਜ ਅਤੇ ਯੂਨੀਵਰਸਿਟੀਆਂ ਪੱਧਰ ਤੇ ਵੀ ਉਹਨਾਂ ਦੀ ਸਿੱਖਿਆ ਆਉਣ ਵਾਲੇ 50 ਸਾਲਾਂ ਤੱਕ ਮੁਫਤ ਹੋਵੇ। ਸਭਿਅਤਾ ਤੇ ਸੰਸਕ੍ਰਿਤੀ ਦੀ ਉਨਤੀ ਤੋਂ ਮਾਨਵ ਦੀ ਭੌਤਿਕ, ਅਧਿਆਤਮਕ ਅਤੇ ਬੌਧਿਕ ਉਨਤੀ ਹੁੰਦੀ ਹੈ। ਸਿੱਖਿਆ ਨਾਲ ਮਨੁੱਖ ਦੀ ਮਨੋਵ੍ਰਿਤੀ ਉਜਾਗਰ ਹੁੰਦੀ ਹੈ ਅਤੇ ਅਤੇ ਜੀਵਨ ਸੰਘਰਸ਼ਾਂ ਨਾਲ ਜੂਝਣ ਲਈ ਉਹਨਾਂ ਵਿਚ ਇਕ ਅਸੀਮ ਸ਼ਕਤੀ ਦਾ ਸੰਚਾਰ ਹੁੰਦਾ ਹੈ।

**(ਕੌਮੀ ਉਡਾਰੀਆਂ 'ਚੋਂ ਧੰਨਵਾਦ ਸਹਿਤ)**

# ਕੌਮੀ ਅਣਖ ਦਾ ਸੱਤ ਸਮੁੰਦਰੋਂ ਪਾਰ ਲੋਹਾ ਮਨਵਾਉਣ ਵਾਲਾ ਸੂਰਬੀਰ ਯੋਧਾ ਸ਼ਹੀਦ ਊਧਮ ਸਿੰਘ

**(ਸਫਾ 6 ਦੀ ਬਾਕੀ)**

ਸ਼ਾਮਿਲ ਸਨ।ਆਪਣੇ ਇਸ ਪ੍ਰਣ ਨੂੰ ਪੂਰਾ ਕਰਨ ਲਈ ਉਹ ਫ਼ਰਜ਼ੀ ਨਾਮ ਤੇ ਪਾਸਪੋਰਟ ਬਣਾ ਕੇ 1934 'ਚ ਲੰਡਨ ਪਹੁੰਚ ਗਿਆ। 1927 ਵਿੱਚ ਜਨਰਲ ਡਾਇਰ ਦੀ ਲੰਮੀ ਬਿਮਾਰੀ ਕਾਰਨ ਮੌਤ ਹੋ ਗਈ ਜਿਸ ਕਾਰਨ ਹੁਣ ਸ਼ਹੀਦ ਊਧਮ ਸਿੰਘ ਦਾ ਨਿਸ਼ਾਨਾ ਉਸ ਸਮੇਂ ਪੰਜਾਬ ਦਾ ਲੈਫ਼ਟੀਨੈਂਟ ਗਵਰਨਰ ਰਿਹਾ ਮਾਈਕਲ ਉਡਵਾਇਰ ਸੀ ਜੋ ਕਿ ਆਪਣੀ ਨੌਕਰੀ ਦੇ ਕਾਰਜਕਾਲ ਤੋਂ ਬਾਅਦ ਲੰਡਨ ਵਿਖੇ ਰਹਿ ਰਿਹਾ ਸੀ।

ਆਖ਼ਰ 13 ਮਾਰਚ 1940 ਨੂੰ ਲੰਡਨ ਦੇ ਕੈਕਸਟਨ ਹਾਲ ਵਿੱਚ ਈਸਟ ਇੰਡੀਆ ਐਸੋਸੀਏਸ਼ਨ ਵੱਲੋਂ ਸੈਂਟਰਲ ਏਸ਼ੀਅਨ ਸੁਸਾਇਟੀ ਦੇ ਸਹਿਯੋਗ ਨਾਲ ਇਕ ਮੀਟਿੰਗ ਕੀਤੀ ਜਾਣ ਦੀ ਖ਼ਬਰ, ਜਿਸ ਵਿੱਚ ਮਾਈਕਲ ਉਡਵਾਇਰ ਨੂੰ ਵਿਸ਼ੇਸ਼ ਕਰਕੇ ਬੁਲਾਇਆ ਗਿਆ ਸੀ, ਸ਼ਹੀਦ ਊਧਮ ਸਿੰਘ ਤੱਕ ਪਹੁੰਚੀ ਤਾਂ ਉਨ੍ਹਾਂ ਇਸ ਸਮਾਗਮ ਵਿੱਚ ਹੀ ਮਾਈਕਲ ਉਡਵਾਇਰ ਨੂੰ ਮਾਰ ਮੁਕਾਉਣ ਦਾ ਫ਼ੈਸਲਾ ਕੀਤਾ।ਸ਼ਹੀਦ ਊਧਮ ਸਿੰਘ ਉਸ ਦਿਨ ਪ੍ਰਮਾਤਮਾ ਅੱਗੇ ਅਰਦਾਸ ਬੇਨਤੀ ਕਰਕੇ ਲੰਡਨ ਦੇ ਕੈਕਸਟਨ ਹਾਲ ਵੱਲ ਆਪਣੇ ਪ੍ਰਣ ਨੂੰ ਹਕੀਕਤ ਵਿੱਚ ਬਦਲਣ ਲਈ ਕਿਤਾਬ ਵਿੱਚ ਪਿਸਤੌਲ ਰੱਖ ਕੇ ਤੁਰ ਪਿਆ।ਕੈਕਸਟਨ ਹਾਲ ਵਿੱਚ ਜਦੋਂ ਮਾਈਕਲ ਉਡਵਾਇਰ ਨੂੰ ਬੋਲਣ ਦਾ ਸਮਾ ਦਿੱਤਾ ਗਿਆ ਤਾਂ ਉਸ ਨੇ ਜਲਿਆ ਵਾਲੇ ਬਾਂਗ ਦੇ ਖ਼ੂਨੀ ਸਾਕੇ ਨੂੰ ਸਹੀ ਠਹਿਰਾਇਆ ਤਦ ਹੀ ਊਧਮ ਸਿੰਘ ਨੇ ਆਪਣੇ ਅਮਰੀਕਨ ਪਿਸਤੌਲ ਦਾ ਨਿਸ਼ਾਨਾ ਉਡਵਾਇਰ ਨੂੰ ਬਣਾਇਆ ਤੇ ਤਾੜ ਤਾੜ ਕਰਦੀਆਂ ਦੋ ਗੋਲੀਆਂ ਉਸ ਦੀ ਛਾਤੀ ਵਿੱਚ ਦਾਗ਼ ਦਿੱਤੀਆਂ ਜਿਸ ਨਾਲ ਉਸ ਦੀ ਮੌਕੇ ਤੇ ਹੀ ਮੌਤ ਹੋ ਗਈ। ਇਕ ਗੋਲੀ ਲਾਰਡ ਜੈਟਲੈਂਡ ਜੋ ਕਿ ਇੰਡੀਆ ਸਟੇਟ ਦਾ ਸਕੱਤਰ ਸੀ ਅਤੇ ਇਕ ਗੋਲੀ ਸਰ ਲੂਈਸ ਡੈਨ ਨੂੰ ਲੱਗੀ ਇਹ ਦੋਵੇਂ ਜਾਣੇ ਜ਼ਖ਼ਮੀ ਹੋ ਗਏ।ਸ਼ਹੀਦ ਊਧਮ ਸਿੰਘ ਉੱਥੋਂ ਦੋੜੇ ਨਹੀਂ ਅਤੇ ਖ਼ੁਸ਼ੀ-ਖ਼ੁਸ਼ੀ ਆਪਣੀ ਗ੍ਰਿਫ਼ਤਾਰੀ ਦੇ ਦਿੱਤੀ।

ਸ਼ਹੀਦ ਊਧਮ ਸਿੰਘ ਵੱਲੋਂ ਮਾਈਕਲ ਉਡਵਾਇਰ ਨੂੰ ਮੌਤ ਦੇ ਘਾਟ ਉਤਾਰਨ ਵਾਲੀ ਇਸ ਘਟਨਾ ਨੂੰ ਦੁਨੀਆ ਦੇ ਵੱਖ ਵੱਖ ਅਖ਼ਬਾਰਾਂ ਨੇ ਪ੍ਰਕਾਸ਼ਿਤ ਕੀਤਾ।ਲੰਡਨ ਤੋਂ ਹੀ ਪ੍ਰਕਾਸ਼ਿਤ ਹੁੰਦੇ ਪ੍ਰਸਿੱਧ ਅਖ਼ਬਾਰ 'ਟਾਈਮਜ਼ ਆਫ਼ ਲੰਡਨ'ਨੇ ਸ਼ਹੀਦ ਊਧਮ ਸਿੰਘ ਨੂੰ 'ਅਜ਼ਾਦੀ ਦਾ ਲੜਾਕਾ' ਅਤੇ ਉਸ ਦੇ ਇਸ ਦਲੇਰੀ ਭਰੇ ਕਾਰਨਾਮੇ ਨੂੰ ਗ਼ੁਲਾਮ ਭਾਰਤੀ ਲੋਕਾਂ ਦੇ ਗ਼ੁੱਸੇ ਦਾ ਪ੍ਰਗਟਾਵਾ ਕਿਹਾ।ਜਰਮਨ ਰੇਡੀਉ ਤੋਂ ਵਾਰ ਵਾਰ ਇਹੀ ਪ੍ਰਸਾਰਿਤ ਹੁੰਦਾ ਰਿਹਾ ਕਿ "ਹਾਥੀਆਂ ਦੀ ਤਰ੍ਹਾਂ ਭਾਰਤੀ ਆਪਣੇ ਦੁਸ਼ਮਣ ਨੂੰ ਕਦੇ ਵੀ ਮਾਫ਼ ਨਹੀਂ ਕਰਦੇ ਭਾਵੇਂ ਉਨ੍ਹਾਂ ਨੂੰ ਬਦਲਾ ਲੈਣ ਲਈ ਵੀਹ ਸਾਲ ਤੋਂ ਵੱਧ ਸਮਾਂ ਕਿਉਂ ਨਾ ਲੱਗ ਜਾਵੇ"। ਉੱਥੇ ਹੀ ਸਾਡੇ ਆਪਣੇ ਦੇਸ਼ ਦੇ ਸਿਰਮੌਰ ਆਗੂ ਮਹਾਤਮਾ ਗਾਂਧੀ ਅਤੇ ਪੰਡਿਤ ਨਹਿਰੂ ਨੇ ਇਸ ਘਟਨਾ ਦੀ ਜ਼ੋਰਦਾਰ ਨਿੰਦਾ ਕੀਤੀ ਅਤੇ ਕਿਹਾ ਕਿ ਉਨ੍ਹਾਂ ਨੂੰ ਇਸ ਘਟਨਾ ਦਾ ਬੇਹੱਦ ਅਫ਼ਸੋਸ ਹੈ।ਸਿਰਫ਼ ਨੇਤਾ ਜੀ ਸੁਭਾਸ਼ ਚੰਦਰ ਬੋਸ ਨੇ ਸ਼ਹੀਦ ਊਧਮ ਸਿੰਘ ਦੇ ਇਸ ਦਲੇਰੀ ਅਤੇ ਕੁਰਬਾਨੀ ਭਰੇ ਕਦਮ ਦੀ ਸ਼ਲਾਘਾ ਕੀਤੀ।

ਆਪ ਜੀ ਨੂੰ ਗ੍ਰਿਫ਼ਤਾਰ ਕਰਕੇ ਬ੍ਰਿਕਸਟਨ ਜੇਲ੍ਹ ਵਿੱਚ ਰੱਖਿਆ ਗਿਆ। ਆਪ ਜੀ ਨੇ ਜੇਲ੍ਹ ਵਿੱਚ ਸਜ਼ਾ ਕੱਟਦੇ ਹੋਏ ਹੱਕੀ ਮੰਗਾਂ ਦੀ ਪ੍ਰਾਪਤੀ ਲਈ 42 ਦਿਨ ਲੰਮੀ ਭੁੱਖ ਹੜਤਾਲ ਵੀ ਕੀਤੀ ਅਤੇ ਜੇਲ ਦੇ ਅੰਦਰ ਤੋਂ ਹੀ ਸ਼ਿਵ ਸਿੰਘ ਜੌਹਲ ਅਤੇ ਅਮਰੀਕਾ ਵਿੱਚ ਵੱਸਦੇ ਦੇਸ਼ ਭਗਤ ਗਦਰੀਆਂ ਨੂੰ 14 ਚਿੱਠੀਆਂ ਲਿਖੀਆਂ ਜਿੰਨਾ ਨੂੰ ਪੜ੍ਹਨ ਤੇ ਸ਼ਹੀਦ ਊਧਮ ਸਿੰਘ ਜੀ ਦੀ ਸ਼ਖ਼ਸੀਅਤ ਅਤੇ ਆਪਣੇ ਦੇਸ਼ ਪ੍ਰਤੀ ਉਨ੍ਹਾਂ ਦੇ ਪਿਆਰ ਅਤੇ ਕੁਰਬਾਨੀ ਦਾ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ।ਅੰਤ 31 ਜੁਲਾਈ 1940 ਭਾਰਤ ਦੇ ਇਸ ਮਹਾਨ ਸਪੂਤ ਨੂੰ ਪੈਨਟਨਵਿਲੇ ਜੇਲ੍ਹ ਵਿੱਚ ਫਾਸੀ ਤੇ ਲਟਕਾ ਕੇ ਸ਼ਹੀਦ ਕਰ ਦਿੱਤਾ ਗਿਆ।ਜ਼ੈਲ ਅਧਿਕਾਰੀਆਂ ਨੇ ਸਿੱਖ ਰਸਮਾਂ ਅਨੁਸਾਰ ਸੰਸਕਾਰ ਕਰਨ ਆਗਿਆ ਨਾ ਦੇਣ ਕਾਰਨ ਸ਼ਹੀਦ ਊਧਮ ਸਿੰਘ ਨੂੰ ਜੇਲ੍ਹ ਵਿੱਚ ਹੀ ਦਫ਼ਨ ਦਿੱਤਾ ਗਿਆ ਸੀ ਪਰ ਉਨ੍ਹਾਂ ਦੀ ਅੰਤਿਮ ਇੱਛਾ ਅਨੁਸਾਰ ਜੁਲਾਈ 1974 ਵਿੱਚ ਸਰਦਾਰ ਊਧਮ ਸਿੰਘ ਜੀ ਦੀਆ ਅਸਥੀਆਂ ਨੂੰ ਭਾਰਤ ਲਿਆਂਦਾ ਗਿਆ ਅਤੇ ਉਨ੍ਹਾਂ ਦੇ ਜੱਦੀ ਨਗਰ ਸੁਨਾਮ ਸਿੱਖ ਰਸਮਾਂ ਅਨੁਸਾਰ ਸੰਸਕਾਰ ਕੀਤਾ ਗਿਆ।

ਹਰ ਸਾਲ 31 ਜੁਲਾਈ ਵਾਲੇ ਦਿਨ ਸ਼ਹੀਦ ਊਧਮ ਸਿੰਘ ਦੇ ਬੁੱਤ ਤੇ ਸ਼ਰਧਾ ਦੇ ਫੁੱਲ ਭੇਟ ਕੀਤੇ ਜਾਂਦੇ ਹਨ ਪਰ ਇਸ ਦੇ ਨਾਲ ਨਾਲ ਉਸ ਮਹਾਨ ਸੂਰਬੀਰ ਯੋਧੇ ਦੀ ਵਿਚਾਰਧਾਰਾ ਦਾ ਸੁਨੇਹਾ ਵੀ ਆਮ ਲੁਕਾਈ ਤੱਕ ਪਹੁੰਚਾਉਣ ਦੇ ਯਤਨ ਕਰਨੇ ਚਾਹੀਦੇ ਹਨ।ਸ਼ਹੀਦ-ਏ-ਆਜ਼ਮ ਊਧਮ ਸਿੰਘ ਜੀ ਵੱਲੋਂ ਆਪਣੇ ਜੀਵਨ ਵਿੱਚ ਆਈਆਂ ਔਕੜਾ ਅਤੇ ਦੁਸ਼ਵਾਰੀਆਂ ਦੇ ਬਾਵਜੂਦ ਵੀ ਆਪਣੇ ਜੀਵਨ ਨੂੰ ਦੇਸ਼ ਦੇ ਲੇਖੇ ਲਾ ਦਿੱਤਾ ਤਾਂ ਜੋ ਉਸ ਦੇ ਦੇਸ਼ ਦੀ ਅਵਾਮ ਇਕ ਅਜ਼ਾਦੀ ਭਰੇ ਜੀਵਣ ਦਾ ਨਿੱਘ ਮਾਣ ਸਕੇ ਜਿੱਥੇ ਹਰ ਨਾਗਰਿਕ ਨੂੰ ਬਰਾਬਰ ਦੇ ਅਧਿਕਾਰ ਅਤੇ ਸਹੂਲਤਾਂ ਮਿਲਣ ਪਰ ਬੜੇ ਅਫ਼ਸੋਸ ਨਾਲ ਦੱਸਣਾ ਬਣਦਾ ਹੈ ਕਿ ਅਜ਼ਾਦੀ ਦੇ 70 ਸਾਲ ਬੀਤ ਜਾਣ ਮਗਰੋਂ ਵੀ ਸਾਡੇ ਦੇਸ਼ ਵਿੱਚ ਜੀਵਣ ਨਿਰਬਾਹ ਕਰਨ ਲਈ ਲੋੜੀਂਦੀਆਂ ਬੁਨਿਆਦੀ ਲੋੜਾਂ ਵੀ ਪੂਰੀ ਜਨ ਮਾਨਸ ਤੱਕ ਨਹੀਂ ਪਹੁੰਚ ਸਕੀਆਂ।

ਦੇਸ਼ ਦੀਆ ਰਾਜਨੀਤਕ ਪਾਰਟੀਆਂ ਸਾਡੇ ਦੇਸ਼ ਦੇ ਮਹਾਨ ਸਪੂਤਾ ਦੇ ਨਾਮ ਤੇ ਵਾਹੋ-ਵਾਹੀ ਲੁੱਟਣ ਲਈ ਤਾਂ ਹਮੇਸ਼ਾ ਤਿਆਰ ਰਹਿੰਦੀਆਂ ਹਨ ਪਰ ਸ਼ਹੀਦ ਊਧਮ ਸਿੰਘ ਅਤੇ ਹੋਰ ਦੇਸ਼ ਭਗਤ ਸੂਰਮਿਆ ਜਿਨ੍ਹਾਂ ਨੇ ਦੇਸ਼ ਦੀ ਅਜ਼ਾਦੀ ਦੀ ਖ਼ਾਤਰ ਆਪਣੀਆਂ ਜਾਨਾਂ ਵਾਰ ਦਿੱਤੀਆਂ ਨੂੰ ਕੌਮੀ ਸ਼ਹੀਦ ਐਲਾਨਣ ਤੋਂ ਇਨਕਾਰੀ ਹਨ। ਹੋਣਾ ਤਾਂ ਇਹ ਚਾਹੀਦਾ ਸੀ ਕਿ ਸ਼ਹੀਦ ਊਧਮ ਸਿੰਘ ਜੀ ਦੇ ਨਾਮ ਤੇ ਦੇਸ਼ ਦੀਆ ਕੇਂਦਰੀ ਯੂਨੀਵਰਸਿਟੀਆਂ ਵਿੱਚ ਚੇਅਰ ਸਥਾਪਿਤ ਕੀਤੀਆਂ ਜਾਣ ਤਾਂ ਕਿ ਉਨ੍ਹਾਂ ਦਾ ਜੀਵਨ ਫ਼ਲਸਫ਼ਾ ਆਉਣ ਵਾਲੀ ਪੀੜੀ ਤੱਕ ਪਹੁੰਚ ਸਕੇ। ਅੱਜ ਦੀ ਨੌਜਵਾਨ ਪੀੜੀ ਨੂੰ ਉਨ੍ਹਾ ਦੇ ਜੀਵਨ ਤੋਂ ਇਹ ਸੇਧ ਲੈਣੀ ਚਾਹੀਦੀ ਹੈ ਕਿ ਤੁਹਾਡੇ ਜ਼ਿੰਦਗੀ ਦਾ ਨਿਸ਼ਾਨਾ ਜਾਂ ਟੀਚਾ ਭਾਵੇਂ ਕਿੰਨਾ ਵੀ ਮੁਸ਼ਕਿਲ ਜਾਂ ਵੱਡਾ ਹੋਵੇ ਪਰ ਜੇ ਤੁਸੀਂ ਉਸ ਟੀਚੇ ਨੂੰ ਪ੍ਰਾਪਤ ਕਰਨ ਲਈ ਆਪਣੇ ਆਪ ਨਾਲ ਇਕ ਅਹਿਦ ਕਰ ਲੈਂਦੇ ਹੋ ਤਾਂ ਦੁਨੀਆ ਦੀ ਕੋਈ ਵੀ ਮੁਸ਼ਕਿਲ ਜਾਂ ਚੁਨੌਤੀ ਤੁਹਾਨੂੰ ਉਸ ਨਿਸ਼ਾਨੇ ਦੀ ਪ੍ਰਾਪਤੀ ਤੋਂ ਵਾਂਝਾ ਨਹੀ ਰੱਖ ਸਕਦੀ।

# ਉੱਡਣ ਪਰੀ- ਹੀਮਾ ਦਾਸ




18 ਸਾਲ ਦੀ ਗਰੀਬ ਦੀ ਬੱਚੀ ਨੇ, ਕੀਤੀਆਂ ਨੇਕ ਕਮਾਈਆਂ,
'ਹੀਮਾ ਦਾਸ' ਦੇ ਮਾਪਿਆਂ ਤਾਂਈਂ, ਲੱਖ-ਲੱਖ ਹੋਣ ਵਧਾਈਆਂ।

ਜਿਸ ਨੂੰ ਨੀਵਾਂ, ਸ਼ੂਦਰ ਕਹਿ ਕੇ, ਦਿੰਦੇ ਰਹੇ ਫਿਟਕਾਰਾਂ,
ਮਾੜੀ ਕਿਸਮਤ ਦੀਆਂ ਮੱਥੇ ਤੋਂ, ਲੀਕਾਂ ਸਭ ਮਿਟਾਈਆਂ।

ਢੋਰ ਗੰਵਾਰ, ਸੂਦਰ ਤੇ ਨਾਰੀ, ਤਾੜਨ ਨੂੰ ਸੀ ਕਹਿੰਦੇ,
ਗਰੀਬ ਬੱਚੀ ਨੇ ਐਸੀ ਸੋਚ ਦੇ, ਕੱਸ ਚਪੇੜਾਂ ਲਾਈਆਂ।

ਪੀ ਟੀ ਊਸ਼ਾ ਤੇ ਮਿਲਖਾ ਸਿੰਘ, ਉਹ ਵੀ ਹੋਏ ਰੇਸ ਦੇ ਕਿੰਗ,
ਇਨ੍ਹਾਂ ਦਾ ਵੀ ਰਿਕਾਰਡ ਤੋੜ ਤਾਂ, ਐਸੀਆਂ ਦੌੜਾਂ ਲਾਈਆਂ।

ਉੱਡਣ ਪਰੀ ਦੇ ਵਾਂਗਰ ਦੌੜੀ, ਕੁਦਰਤ ਐਸੀ ਲਾਈ ਪਾਉੜੀ,
400 ਮੀਟਰ ਦੋੜਾਂ 51.46 ਸਕਿੰਟਾਂ ਵਿੱਚ ਮੁਕਾਈਆਂ।

ਗਰੀਬਾਂ 'ਚ ਏਨੀ ਕਾਬਲੀਅਤ ਹੁੰਦੀ, ਦੇਖ ਇਨ੍ਹਾਂ ਨੂੰ ਪੀੜ ਕਿਉਂ ਹੁੰਦੀ,
ਉੱਚ ਅਖੌਤੀ ਜਾਤ ਨੂੰ ਅਜੇ ਵੀ, ਗੱਲਾਂ ਸਮਝ ਨਾ ਆਈਆਂ।

ਦੇਸ਼ ਦਾ ਇਸ ਨੇ ਨਾਂਅ ਚਮਕਾਇਆ, ਗੋਲਡ ਮੈਡਮ ਘਰ ਵਿੱਚ ਆਇਆ,
ਪਰਸ਼ੋਤਮ ਆਖੇ ਖੁਸ਼ੀ ਦੀ ਦੇਵੀ, ਘਰ 'ਚ ਰੌਣਕਾਂ ਲਾਈਆਂ।

ਜ਼ਿਲ੍ਹਾ ਨਗਾਓਂ ਏਸ ਬੱਚੀ ਦਾ, ਢੀਂਗ ਹੈ ਇਸ ਦਾ ਗਾਂਵ (ਪਿੰਡ),
ਸਰੋਏ! ਬੱਚੀ ਘਰ ਰਹਿਣ ਸਦਾ ਈ, ਖੁਸ਼ੀਆਂ ਦੂਣ-ਸਵਾਈਆਂ।

**ਪਰਸ਼ੋਤਮ ਲਾਲ ਸਰੋਏ 91-92175-44348**

# ਚਿੱਟਾ

ਸਾਡੇ ਪੱਲੇ ਚਿੱਟਾ ਪਾਇਆ
ਸਾਡੀਆਂ ਹੀ ਸਰਕਾਰਾਂ ਨੇ,
ਸਾਨੂੰ ਚਿੱਟਾ ਚੱਖਣ ਲਾਇਆ
ਸਾਡੀਆਂ ਹੀ ਸਰਕਾਰਾਂ ਨੇ।

ਪੁੱਤ ਗੱਭਰੂ ਮਰਦੇ ਮਾਂਵਾਂ ਦੇ,
ਕਈ ਡੋਲ੍ਹਿਉਂ ਟੁੱਟੀਆਂ ਬਾਹਵਾਂ ਨੇਂ,
ਸਕੇ ਵੀਰ ਵਿੱਛੜ ਗਏ ਭੈਣਾਂ ਤੋਂ
ਬੱਹਿ ਰੋਣ ਕਬਰਾਂ ਦੀਆਂ ਰਾਹਾਂ ਤੇ।
ਅੱਧ-ਮੋਏ ਕੀਤਾ ਮਾਪਿਆ ਨੂੰ
ਅਮਲੀ ਹੋਏ ਬਰਖ਼ੁਰਦਾਰਾਂ ਨੇ।
ਸਾਨੂੰ ਚਿੱਟਾ ਚੱਖਣ ਲਾਇਆ
ਸਾਡੀਆਂ ਹੀ ਸਰਕਾਰਾਂ ਨੇ।।

ਸ਼ੱਰੇਆਮ ਹੀ ਚਿੱਟਾ ਵਿੱਕਦਾ ਏ,
ਪਿੱਛੇ ਹਾਕਮ ਦਾ ਹੱਥ ਵਿੱਖਦਾ ਏ,
ਕੋਈ ਰੋਕ ਥਾਮ ਵੀ ਨਹੀਂ ਕਰਦਾ
ਮੀਡੀਆ ਸੱਚ ਖ਼ਬਰਾਂ ਲਿਖਦਾ ਏ।
ਕੁੱਤੀ ਰਲ੍ਹ ਬੈਠੀ ਚੋਰਾਂ ਨਾਲ
ਮੂੰਹ ਸੀਅ ਲਏ ਅਹੁਦੇਦਾਰਾਂ ਨੇਂ।
ਸਾਨੂੰ ਚਿੱਟਾ ਚੱਖਣ ਲਾਇਆ
ਸਾਡੀਆਂ ਹੀ ਸਰਕਾਰਾਂ ਨੇ।।

ਚਿੱਟੇ 'ਤੇ ਚੋਬਰ ਡੁੱਲ ਗਏ ਨੇ,
ਸ਼ਾਹੀ ਕਦਰਾਂ ਕੀਮਤਾਂ ਭੁੱਲ ਗਏ ਨੇਂ,
ਸਵੈਮਾਨ ਮਿਲਾ ਕੇ ਮਿੱਟੀ ਵਿੱਚ
ਖੇਰੂੰ-ਖੇਰੂੰ ਹੋ ਰੁਲ਼ ਗਏ ਨੇ।
ਕਈ ਲੁੱਟਾਂ ਖੋਹਾਂ ਕੀਤੀਆਂ ਨੇ
ਇਹਨਾਂ ਝੋਕੀ ਪੁੱਤ ਸਰਦਾਰਾਂ ਨੇ
ਸਾਨੂੰ ਚਿੱਟਾ ਚੱਖਣ ਲਾਇਆ
ਸਾਡੀਆਂ ਹੀ ਸਰਕਾਰਾਂ ਨੇ।।

ਸੋਨੇ ਜਿੱਹੀ ਜਵਾਨੀ ਰੋਲ੍ਹਦੇ ਨੇ,
ਚੜ੍ਹਦੀ ਉਮਰੇ ਮੌਤ ਨੂੰ ਟੋਲ਼ਦੇ ਨੇ,
ਟੀਕਾ ਨਸ਼ੇ ਦਾ ਲਾਉਣਾ ਹੈ ਕਿੱਥੇ
ਨਾੜਾਂ,ਬਾਹਾਂ ਦੀਆ ਫਰੋਲਦੇ ਨੇ।
ਨੱਥ ਪਾਓਣ ਨਾਂ ਤਸਕਰ ਬਾਜ਼ਾਂ ਨੂੰ
ਦੱੜ ਵੱਟ ਲਈ ਥਾਣੇਦਾਰਾਂ ਨੇ।
ਸਾਨੂੰ ਚਿੱਟਾ ਚੱਖਣ ਲਾਇਆ
ਸਾਡੀਆਂ ਹੀ ਸਰਕਾਰਾਂ ਨੇ।।

ਘਰੀਂ ਵੈਣ ਕੀਰਨੇ ਪੈਂਦੇ ਨੇਂ,
ਬਾਂਹੋ ਰੰਗਲੇ ਚੂੜੇ ਲਹਿੰਦੇ ਨੇਂ,
ਚੁੱਕ ਅਰਥੀ ਰੋਂਦੇ ਵਿੱਲਕਦਿਆਂ
ਫਿਰ ਰਾਹ ਕਬਰਾਂ ਦੇ ਪੈਂਦੇ ਨੇਂ।
ਚਿਖਾ ਬੱਲ੍ਹਦੀ ਵੇਖ ਜਵਾਨੀ ਦੀ
ਮਚ ਰਹੀਆਂ ਹਾਹਾ ਕਾਰਾਂ ਨੇ।
ਸਾਨੂੰ ਚਿੱਟਾ ਚੱਖਣ ਲਾਇਆ
ਸਾਡੀਆਂ ਹੀ ਸਰਕਾਰਾਂ ਨੇ।।

ਨੀਲੇ-ਚਿੱਟੇ ਮੁੱਕਰੀ ਜਾਂਦੇ ਨੇ,
ਇੱਕ ਦੂਜੇ ਨੂੰ ਦੇਣ ਉਲਾਂਭੇ ਨੇ,
ਅਹਿਸਾਨ ਨਹੀਂ ਜਿੰਮੇਵਾਰੀ ਦਾ
ਜੇਬਾਂ ਆਪਣੀਆਂ ਭਰੀ ਜਾਂਦੇ ਨੇ।
ਚਿੱਟਾ ਕੋਹੜ ਸਮਾਜ ਨੂੰ ਲਾਇਆ ਹੈ
ਕੁਰਸੀ ਦੇ ਦਾਹਵੇਦਾਰਾਂ ਨੇ।
ਸਾਨੂੰ ਚਿੱਟਾ ਚੱਖਣ ਲਾਇਆ
ਸਾਡੀਆਂ ਹੀ ਸਰਕਾਰਾਂ ਨੇ।।

ਨਸ਼ੇ-ਪੱਤੇ ਨੇ ਮੱਤ ਮਾਰੀ ਹੈ,
ਰੁਲ਼ੀ ਮਿੱਟੀ ਵਿੱਚ ਸਰਦਾਰੀ ਹੈ,
ਨਛੱਤਰ ਭੋਗਲ ਵਰਗਿਆਂ ਹੈ ਰੋਲ੍ਹੀ
ਨਸ਼ਿਆ ਵਿੱਚ ਜ਼ਿੰਦਗੀ ਸਾਰੀ ਹੈ।
ਖੁਸ਼ੀਆਂ ਖੰਭ ਲਾਕੇ ਉੱਡ ਗਈਆਂ
ਅਤੇ ਮੋੜੇ ਮੁੱਖ ਬਹਾਰਾਂ ਨੇ।
ਸਾਨੂੰ ਚਿੱਟਾ ਚੱਖਣ ਲਾਇਆ
ਸਾਡੀਆਂ ਹੀ ਸਰਕਾਰਾਂ ਨੇ।।

**-ਨਛੱਤਰ ਸਿੰਘ ਭੋਗਲ**
**"ਭਾਖੜੀਆਣਾ"**

# ਕਿਉਂਕਿ ਮੈਂ ਇੱਕ ਔਰਤ ਹਾਂ

ਕਿਉਕਿ ਮੈਂ ਇੱਕ ਔਰਤ ਹਾਂ,
ਏਸੇ ਲਈ ਮੈਨੂੰ ਚਾਰ-ਦਿਵਾਰੀ 'ਚ ਬੰਦ ਕਰਿਆ

ਕਿਉਂਕਿ ਮੈਂ ਇੱਕ ਔਰਤ ਹਾਂ,
ਏਸੇ ਲਈ ਮੈਨੂੰ ਨੀਵਾਂ ਕਰਿਆ
ਹਰ ਪਦਰ ਤੇ ਬੇਇਨਸਾਫ਼ੀ ਤੇ ਹਰ ਜਗ੍ਹਾ ਹੀ ਵਿਤਕਰਾ ਕਰਿਆ
ਕਿਉਕਿ ਮੈਂ ਇੱਕ ਔਰਤ ਹਾਂ,ਏਸੇ ਲਈ ਜੁੱਤੀ ਥੱਲੇ ਧਰਿਆ

ਮੇਰੇ ਤੋਂ ਹੀ ਜਨਮ ਲੈ , ਫਿਰ ਮੈਨੂੰ ਹੀ ਖਤਮ ਕਰਿਆ,
ਤੇਰੇ ਲਈ ਹਰ ਪੀੜਾ ਸਹਿ ਲਈ ਮੈਂ,
ਪਰ ਮੇਰੀ ਵਾਰੀ ਕਿਉਂ ਤੂੰ ਕਾਤਿਲ ਬਣਿਆ
ਕਿਉਕਿ ਮੈਂ ਇੱਕ ਔਰਤ ਹਾਂ, ਕੀ ਏਸੇ ਲਈ ਮੇਰਾ ਹੱਕ ਮਰਿਆ

ਜਨਮ ਤੋਂ ਲੈ ਕੇ ਮਰਨ ਤੱਕ ਮੈਂ ਸਾਥ ਤੇਰਾ ਨਿਭਾਉਦੀ ਹਾਂ
ਮਾਂ ,ਭੈਣ ,ਦੋਸਤ ਤੇ ਪਤਨੀ ਬਣ , ਤੇਰੇ ਦੁੱਖਾਂ ਵਿਚ ਖੜ੍ਹ ਜਾਂਦੀ ਹਾਂ
ਫਿਰ ਕਿਉਂ ਮੈਨੂੰ ਨੀਵਾਂ ਰੱਖ ਕੇ , ਖੁਦ ਨੂੰ ਮਹਾਨ ਕਹਲਾਉਦਾ ਏ
ਦਸ ਤੂੰ ਏਸ ਸਬ ਵਿਚ ਕਿਹੜੀ ਮਰਦਾਨਗਿਰੀ ਫੈਲਾਉਦਾਂ ਏ
ਕਿਉਂਕਿ ਮੈਂ ਇੱਕ ਔਰਤ ਹਾਂ, ਏਸੇ ਲਈ ਲੋਚਣਾ ਚਾਹੁੰਦੇ ਏ

ਸੋਚ ਤੇਰੀ ਵਿਚ ਏਸ ਫਰਕ ਦਾ ਦੱਸ ਮੈਨੂੰ ਕੀ ਕਾਰਨ ਏ
ਕੀ ਮੇਰੇ ਦਿਲ ਵਿਚ ਉਹ ਜਜਬਾਤ ਨਹੀ ਜੋ ਤੇਰੇ ਦਿਲ ਵਿਚ ਕਾਇਮ ਨੇ

ਮੈਂ ਵੀ ਤਾਂ ਉਡਣਾ ਚਾਹੁੰਦੀ ਹਾਂ
ਪੰਛੀ ਵਾਂਗ ਮਾਰ ਉਡਾਰੀ ਵੇ
ਪਰ ਕਿਉਂ ਤੂੰ ਮੇਰੇ ਖੰਭ ਕੱਟਣ ਦੀ ਕਰਦਾ ਫਿਰੇ ਤਿਆਰੀ ਓਏ

ਜੇ ਡਰ ਲੱਗਦਾ ਹੈ ਚੰਦਰੇ ਸਮਾਜ ਤੋਂ , ਏਸੇ ਲਈ ਰੋਕਾ ਟੋਕੀ ਏ
ਫਿਰ ਸਮਾਜ ਬਦਲਣ ਦੀ ਗੱਲ ਕਰ ਕੋਈ
ਪਰ ਸੋਚ ਨ ਕਰ ਛੋਟੀ ਏ

ਗੁਲਾਮ ਬਣਾਉਣਾ ਤਾਂ ਬੁਝਦਿਲਾਂ ਦਾ ਕੰਮ
ਇਸ ਵਿਚ ਮਹਾਨ ਨਾ ਕਹਿ ਖੁਦ ਨੂੰ
ਦੇ ਤੂੰ ਮੈਨੂੰ ਹੱਕ ਮੇਰਾ
ਤੇ ਕਹਿਲਾ ਅਸਲੀ ਮਰਦ ਖੁਦ ਨੂੰ

**- ਕਿਰਨਪ੍ਰੀਤ ਕੌਰ**
**+4368864013133**



# ਗੀਤ/ ਸਾਡੇ ਪਿਆਰ ਤੋਂ

ਸਾਡੇ ਪਿਆਰ ਤੋਂ ਸੱਜਣਾ ਵੇ, ਜਾਂਦੇ ਦੇਵਤੇ ਵੀ ਬਲਿਹਾਰੇ।
ਦਿਨ ਯਾਦਾਂ ਵਿਚ ਗੁਜਰੇ, ਰਾਤ ਗੁਜਾਰਾਂ ਗਿਣ-ਗਿਣ ਤਾਰੇ।
ਡਰ ਲੱਗਦਾ ਦੁਨੀਆਂ ਤੋਂ, ਕਿਤੇ ਨਾ ਹੋ ਜਾਵੇ ਕੋਈ ਕਾਰਾ।
ਜੋ ਹੱਥੋਂ ਨਿਕਲ ਗਿਆ, ਵਕਤ ਉਹ ਆਵੇ ਨਾ ਫਿਰ ਦੁਬਾਰਾ।
ਕਿਤੋਂ ਆਉਂਦਾ ਦਿਸ ਜਾਵੇਂ, ਦੀਦ ਲਈ ਚੜ੍ਹਾਂ ਮੈਂ ਨਿੱਤ ਚੁਬਾਰੇ,
ਦਿਨ ਯਾਦਾਂ ਵਿਚ ਗੁਜਰੇ, .............
ਕਿਸੇ ਜਨਮ ਦਾ ਰਿਸ਼ਤਾ ਵੇ, ਜਿਹੜੇ ਮਿਲੇ ਹਾਂ ਅਸੀਂ ਦੁਬਾਰਾ।
ਹੁਣ ਵਿਛੜ ਨਾ ਜਾਈਏ ਵੇ, ਸੋਹਣਿਆ ਲੈਜਾ ਤੂੰ ਦਿਲਦਾਰਾ।
ਮੇਰੇ ਕੰਨੀ ਗੂੰਜਣ ਵੇ, ਹਰਦਮ ਤੇਰੇ ਹੀ ਬੋਲ ਪਿਆਰੇ,
ਦਿਨ ਯਾਦਾਂ ਵਿਚ ਗੁਜਰੇ, ...........
ਅੱਖੀਆਂ ਵਿਚ ਸੱਜਣਾ ਵੇ, ਤੇਰੇ ਅਸੀਂ ਖ਼ੁਆਬ ਸਜਾਈ ਬੈਠੇ।
ਤੇਰੇ ਨਾਲ ਹੀ ਉਮਰ ਦੀਆਂ, ਅਸੀਂ ਹੁਣ ਸਾਂਝਾ ਪਾਈ ਬੈਠੇ।
'ਮਹਿਕ' ਅਰਜ ਗੁਜਾਰ ਰਹੀ, ਬਹਿ ਕੇ ਅੱਜ ਅੱਲਾ ਦੇ ਦਰਬਾਰੇ,
ਦਿਨ ਯਾਦਾਂ ਵਿਚ ਗੁਜਰੇ, ਵੇ ਰਾਤ ਗੁਜਾਰਾਂ ਗਿਣ-ਗਿਣ ਤਾਰੇ।



**ਕੁਲਵਿੰਦਰ ਕੌਰ**
**ਮਹਿਕ**

# ਦਿਲੋਂ ਭੁੱਲ ਜਾਵਾਂ ਤੈਨੂੰ

ਦਿਲੋਂ ਭੁੱਲ ਜਾਵਾਂ ਤੈਨੂੰ, ਇਹ ਤਾਂ ਤੇਰੀ ਹੀ ਕਹੀ ਐ,
ਸ਼ੁਰੂ ਤੇਰੇ ਤੋਂ ਹੋਈ ਸੀ, ਖ਼ਤਮ ਮੇਰੇ ਤੇ ਰਹੀ ਐ,
ਹੁਣ ਝੂਠ ਨਹੀਓ ਨਿਭਣਾ, ਗੱਲ ਤੇਰੀ ਵੀ ਸਹੀ ਐ,
ਦਿਲੋਂ ਭੁੱਲ ਜਾਵਾਂ ਤੈਨੂੰ, ਇਹ ਤਾਂ ਤੇਰੀ ਹੀ ਕਹੀ ਐ,
ਹਰ ਪਲ ਚ ਤੜਫ਼ ਦੀ, ਸਾੜ ਹਿਸਾਬ ਵਹੀ ਐ,
ਜੇ ਤੂੰ ਵਿਚ ਤੂੰ ਨਹੀਂ, ਰਹਿਣਾ ਮੈਂ ਵਿਚ ਨਹੀਂ ਐ,
ਦਿਲੋਂ ਭੁੱਲ ਜਾਵਾਂ ਤੈਨੂੰ, ਇਹ ਤਾਂ ਤੇਰੀ ਹੀ ਕਹੀ ਐ,
ਗ਼ਰਜ਼ਾਂ ਦੀ ਭੀੜ ਵਿਚ, ਖ਼ਾਲੀ ਮੁਹੱਬਤੀ ਪਹੀ ਐ,
ਦਿਲ ਵਾਲੇ ਮਹਿਲਾਂ "ਭੱਟ", ਸੱਧਰ ਦੀ ਛੱਤ ਢਹੀਂ ਐ,
ਦਿਲੋਂ ਭੁੱਲ ਜਾਵਾਂ ਤੈਨੂੰ, ਇਹ ਤਾਂ ਤੇਰੀ ਹੀ ਕਹੀ ਐ।



**- ਹਰਮਿੰਦਰ ਸਿੰਘ ਭੱਟ**
**91-99140-62205**

# ਹੁਣ ਕਿਵੇਂ ਕਹੇਂਗਾ, ਮੇਰਾ ਪੰਜਾਬ ਮਹਾਨ ਬੇਲੀਉ

ਪੰਜ ਦਰਿਆਵਾਂ ਦੀ ਧਰਤੀ ਦਾ ਸੀ,
ਕਦੇ ਪੰਜਾਬ ਨੂੰ ਮਾਣ ਬੇਲੀਉ।
ਛੇਵਾਂ ਦਰਿਆ ਨਸ਼ਿਆਂ ਦਾ ਵਗਿਆ,
ਕਰਤਾ ਬੇੜਾ ਘਾਣ ਬੇਲੀਉ।
ਚਿੱਟਾ,ਭੁੱਕੀ,ਅਫ਼ੀਮ , ਤੰਬਾਕੂ ,
ਨਸ਼ੇ ਕਈ ਮੈਥੋਂ ਬੇਨਾਮ ਬੇਲੀਉ ।
ਨਸ਼ੇ ਨੇ ਅੱਜ ਕੱਲ੍ਹ ਬਹੁਤੇ ਮਹਿੰਗੇ,
ਸਸਤੇ ਭਾਅ ਬਦਾਮ ਬੇਲੀਉ ।
ਕਰਜੇ ਹੇਠ ਕਿਰਸਾਨੀ ਦੱਬਗੀ,
ਖੁਦਕੁਸ਼ੀ ਕਰੇ ਕਿਸਾਨ ਬੇਲੀਉ ।
ਭ੍ਰਿਸ਼ਟਚਾਰੀ ਤਾਂ ਹੱਦਾਂ ਟੱਪਗੀ,
ਲੱਗੇ ਅਫਸਰ ਰਿਸ਼ਵਤਾਂ ਖਾਣ ਬੇਲੀਉ।
ਬੇਰੁਜ਼ਗਾਰੀ ਹੁਣ ਮੈਂ ਕੀ ਦੱਸਾਂ,
ਵੇਖੋ ਟੈਕੀਆਂ ਤੇ ਚੜ੍ਹੇ ਜਵਾਨ ਬੇਲੀਉ ।
ਸੁਖਚੈਨ ਸਿਆਂ ਹੁਣ ਕਿਵੇਂ ਕਹੇਂਗਾ ,
ਮੇਰਾ ਪੰਜਾਬ ਮਹਾਨ ਬੇਲੀਉ ।

**- ਸੁਖਚੈਨ ਸਿੰਘ ਖੱਚੜਾਂ**
**91-98034-44704**



# ਮੇਰਾ ਕੀ ਕਸੂਰ ਹੈ?

ਬੇਹਿਸਾਬ ਪਿਆਰ ਹੈ ਕੋਈ ਕਰਦਾ
ਬੇਦਰਦ ਮੇਰੇ ਦੁੱਖਾਂ ਨੂੰ ਜਰਦਾ
ਪਿਆਰ ਦੀਆਂ ਰਾਹਾਂ ਤੋਂ ਦਿਲ ਮੇਰਾ ਕੋਹਾਂ ਦੂਰ ਹੈ
ਇਸ ਵਿਚ ਹਾਂ ਦੱਸੋ ਮੇਰਾ ਕੀ ਕਸੂਰ ਹੈ?

ਸੰਸਕਾਰ ਮਾਂ - ਬਾਪ ਦੇ ਕਿਵੇਂ ਭੁੱਲ ਜਾਵਾਂ?
ਸੋਹਣਾ ਮੁੱਖ ਵੇਖ ਕੇ ਕਿਵੇਂ ਡੁਲ ਜਾਵਾਂ?
ਸਿਰ ਮਾਪਿਆਂ ਦਾ ਉੱਚਾ ਕਰਨਾ ਮੈਂ ਜਰੂਰ ਹੈ
ਪਿਆਰ ਦੀਆਂ ਰਾਹਾਂ ਤੋਂ ਦਿਲ ਮੇਰਾ ਕੋਹਾਂ ਦੂਰ ਹੈ
ਇਸ ਵਿਚ ਹਾਂ ਦੱਸੋ ਮੇਰਾ ਕੀ ਕਸੂਰ ਹੈ?

ਉਹ ਕਹਿੰਦਾ ਬਿਨ ਤੇਰੇ ਮੈਂ ਮਰ ਜਾਵਾਂਗਾ
ਮੈਂ ਤੇਰੇ ਲਈ ਕੁਝ ਕਰ ਜਾਵਾਂਗਾ
ਮੈਂ ਉਹਦੀ ਹੋ ਨਹੀਂ ਸਕਦੀ, ਫੇਰ ਵੀ ਕਿਉਂ ਕਰਦਾ ਨਾ ਮਨਜ਼ੂਰ ਹੈ
ਪਿਆਰ ਦੀਆਂ ਰਾਹਾਂ ਤੋਂ ਦਿਲ ਮੇਰਾ ਕੋਹਾਂ ਦੂਰ ਹੈ
ਇਸ ਵਿਚ ਹਾਂ ਦੱਸੋ ਮੇਰਾ ਕੀ ਕਸੂਰ ਹੈ?

ਮਾਪਿਆਂ ਨੇ ਵਰ ਜੋ ਮੇਰੇ ਲਈ ਚੁਣਿਆ
ਮੈਂ ਬੱਸ ਉਸਦਾ ਨਾਂ ਹੀ ਦਿਲ "'ਤੇ ਬੁਣਿਆ
ਕੁੜੀ ਜਦੋ ਰੋਲਦੀ ਇਜ਼ਤਾਂ ਦਿਲ ਹੁੰਦਾ ਚੂਰ - ਚੂਰ ਹੈ
ਪਿਆਰ ਦੀਆਂ ਰਾਹਾਂ ਤੋਂ ਦਿਲ ਮੇਰਾ ਕੋਹਾਂ ਦੂਰ ਹੈ
ਇਸ ਵਿਚ ਹਾਂ ਦੱਸੋ ਮੇਰਾ ਕੀ ਕਸੂਰ ਹੈ?

**-ਕਿਰਨ, ਸ਼ਾਹ ਰਚਨ**
**91-99144-49133**






## Thinking of Buying or Selling Houses or Businesses within Sacramento to Bay Area?

**ਕੀ ਤੁਸੀਂ ਸੈਕਰਾਮੈਂਟੋ / ਬੇ-ਏਰੀਆ ਵਿਚ ਘਰ ਜਾਂ ਵਪਾਰਕ ਸੰਪਤੀ ਖਰੀਦਣ ਜਾਂ ਵੇਚਣ ਦੇ ਚਾਹਵਾਨ ਹੋ ਤਾਂ ਅੱਜ ਹੀ ਕਾਲ ਕਰੋ 916-271-5404**



2 bdrm, 2.0 full bath
1,116 sq ft
Lot size: 436
Year built 1984
Current Rent: $1450.00
Listing Price: $149,000



3 bdrm, 1.0 full bath
1,000 sq ft
Lot size: 5,998
Year built: 1984
Listing Price: $259,000



4 bdrm, 2.0 full bath
1,596 sq ft
Lot size: 6,098
Year built: 1973
Listing Price: $309,000



3-4 bdrm, 2.0 full bath
1,492 sq ft
Lot size: 6,469
Year built: 1984
Listing Price: $319,000



5 bdrm, 2.5 full bath
2,504 sq ft
Lot size: 6,574
Year built: 2003
Listing Price: $419,000



Beer & Wine
Store for Sale in Sacramento
Monthly Gross: $65K Month
Listing Price$299,000




Liquor Store
Store for Sale in Santa Clara
Monthly Gross: $90K Month
Listing Price $699,000




BERKSHIRE HATHAWAY Home Services

76 · Comfort Inn & Suites · ARCO ampm · Hampton Inn & Suites by Hilton · Holiday Inn Express & Suites · Chevron · Mobil · Courtyard Marriott · Shell

## Buying or Selling Hotels and Gas Stations? Call Now- 916-271-5404

## SEE 100% OF THE AVAILABLE HOME LISTINGS RIGHT ON YOUR PHONE!

Home Scouting MLS
A Real Estate Service of Home Buyers Marketing II, Inc
App Store · Google play

1.Go to your App Store 2.Search for "Home Scouting"
3.Download the app 4.ENTER YOUR VIP CODE

**VIP CODE: 9162715404**

## OFFICE: 7412 ELSIE AVE., SACRAMENTO, CA 95828

# ਯੂਨਾਈਟਡ ਸਪੋਰਟਸ ਕਲੱਬ ਕੈਲੇਫੋਰਨੀਆਂ, ਅਮਰੀਕਾ

## ਵਲੋਂ 14ਵਾਂ ਵਿਸ਼ਵ ਕਬੱਡੀ ਕੱਪ

ਮੁੱਖ ਮਹਿਮਾਨ



ਸੰਤ ਸੇਵਾ ਸਿੰਘ
ਖਡੂਰ ਸਾਹਿਬ ਵਾਲੇ

### ਮਿਤੀ 16 ਸਤੰਬਰ 2018 ਦਿਨ ਐਤਵਾਰ

(ਸਵੇਰ 9 ਤੋਂ ਸ਼ਾਮ 6 ਵਜੇ ਤੱਕ)

(James Logan High School 1800 H Street,
Union City, California 94587)



ਅਮੋਲਕ ਸਿੰਘ ਗਾਖਲ
ਸਰਪ੍ਰਸਤ ਯੂਨਾਈਟਡ ਸਪੋਰਟਸ ਕਲੱਬ

ਲੋਗਨ ਹਾਈ ਸਕੂਲ 1800 ਐਚ ਯੂਨੀਅਨ ਸਿਟੀ, ਕੈਲੀਫੋਰਨੀਆਂ 94587 ਦੀਆਂ ਗਰਾਊਂਡਾਂ ਵਿਚ ਕਰਵਾਇਆ ਜਾ ਰਿਹਾ ਹੈ



ਮੋਹਨ ਸਿੰਘ ਬੈਂਸ ਚੇਅਰਮੈਨ | ਇਕਬਾਲ ਸਿੰਘ ਗਾਖਲ ਉਪ ਚੇਅਰਮੈਨ | ਬਲਬੀਰ ਸਿੰਘ ਭਾਟੀਆ ਪ੍ਰਧਾਨ | ਪਲਵਿੰਦਰ ਸਿੰਘ ਗਾਖਲ ਡਾਇਰੈਕਟਰ | ਜੁਗਰਾਜ ਸਿੰਘ ਸਹੋਤਾ ਉਪ ਪ੍ਰਧਾਨ | ਐਸ ਅਸ਼ੋਕ ਭੌਰਾ ਜਨਰਲ ਸਕੱਤਰ 'ਤੇ ਮੀਡੀਆ ਇੰਚਾਰਜ | ਪਿੰਕੀ ਅਟਵਾਲ ਡਾਇਰੈਕਟਰ | ਸਾਧੂ ਸਿੰਘ ਖਲੌਰ ਸਲਾਹਕਾਰ | ਨਰਿੰਦਰ ਸਿੰਘ ਸਹੋਤਾ ਖਜਾਨਚੀ | ਮੋਹਨ ਸਿੰਘ ਧਾਲੀਵਾਲ ਡਾਇਰੈਕਟਰ







ਦਲਵਿੰਦਰ ਪੰਡਾ ਡਾਇਰੈਕਟਰ | ਨੰਬਾ ਸਿੰਘ ਗਾਖਲ ਸਲਾਹਕਾਰ | ਦੇਬੀ ਸੋਹਲ ਸਿੱਧਵਾਂ ਵਾਲਾ ਡਾਇਰੈਕਟਰ | ਇੰਦਰਜੀਤ ਸਿੰਘ ਥਿੰਦ | ਬਖਤਾਵਰ ਸਿੰਘ ਗਾਖਲ ਡਾਇਰੈਕਟਰ | ਜਸਵੀਰ ਸਿੰਘ ਗਾਖਲ ਡਾਇਰੈਕਟਰ | ਗੁਰਪ੍ਰੀਤ ਸਿੰਘ ਗਾਖਲ ਡਾਇਰੈਕਟਰ

### ਉਦਘਾਟਨ ਕਰਨ ਵਾਲੇ ਮਹਿਮਾਨ



ਸੁਰਜੀਤ ਸਿੰਘ ਟੁੱਟ | ਮਾਈਕ ਬੋਪਾਰਾਏ | ਜਸਪ੍ਰੀਤ ਸਿੰਘ ਅਟਵਾਲ | ਮੇਜਰ ਸਿੰਘ ਬੈਂਸ

### ਪਹਿਲੇ ਇਨਾਮ ਦੇ ਸਪਾਂਸਰ





ਡਾਇਮੰਡ ਟਰੱਕਿੰਗ ਸਟਾਕਟਨ ਦੇ ਗੁਰਵਿੰਦਰ ਸਿੰਘ ਗਾਖਲ, ਰੇਕੀ ਅਟਵਾਲ 'ਤੇ ਪਿੰਕੀ ਅਟਵਾਲ

### ਦੂਜੇ ਇਨਾਮ ਦੇ ਸਪਾਂਸਰ



ਸਹੋਤਾ ਪਰਿਵਾਰ ਦੇ
ਜੁਗਰਾਜ ਸਿੰਘ ਸਹੋਤਾ 'ਤੇ
ਨਰਿੰਦਰ ਸਿੰਘ ਸਹੋਤਾ

(ਪਿਤਾ ਸਵ. ਕਸ਼ਮੀਰ ਸਿੰਘ ਸਹੋਤਾ ਦੀ ਯਾਦ ਨੂੰ ਸਮਰਪਿਤ)

### Sponsor of Under-25 First Prize



Sponsored
byTakhar faimly
in memory of
late santokh s
Takhar Apna
punjab&
Northern
California club

## ਇਹ ਖੇਡ ਮੇਲਾ ਸਮੂਹ ਸਪਾਂਸਰਾਂ ਅਤੇ ਸਹਿਯੋਗੀਆਂ ਦੇ ਵਡਮੁੱਲੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ।

### ਵਿਸ਼ਵ ਕਬੱਡੀ ਕੱਪ ਵਿਚ ਪਹੁੰਚ ਰਹੇ ਇੰਟਰਨੈਸ਼ਨਲ ਸਟਾਰ ਕਬੱਡੀ ਖਿਡਾਰੀ



Mangi Bagga Pind | Pala Jalalpur | Sandip Ludhar | Sukha Bhandal | Dulla Bagga Pind | Khushi Duggan | Pehlwan Kahlwan | Kamal Nawan Pind | Yaad Kotli | Rubi Harkhowal | Jairo | Arsh Chohla | Arshi Preetam



Gurlal Ghanaur | Sultan | Sandeep Surkhpur | Deesha Aalowal | Gagan Jogewal | Bana Dhaliwal | Sattu Khadoor Sahib | Hasoos | Sandeep Nangal Ambian | Mani Sandhu | Gurpreet Burj Hari | Johny Gill

ਸਮੂਹ ਖੇਡ ਪ੍ਰੇਮੀਆਂ ਨੂੰ ਖੇਡ ਮੇਲੇ ਵਿਚ ਪਹੁੰਚਣ ਦਾ ਖੁੱਲ੍ਹਾ ਸੱਦਾ

### ਭਾਗ ਲੈਣ ਵਾਲੀਆਂ ਕਲੱਬਾਂ

1. ਸ਼ੇਰ-ਏ-ਪੰਜਾਬ ਸਪੋਰਟਸ ਕਲੱਬ, ਲਾਸ ਬੈਨਸ (ਲੱਡਰ ਭਰਾ)
2. ਰਾਇਲ ਕਿੰਗਜ਼ ਯੂ.ਐੱਸ.ਏ (ਸ਼ੱਬਾ ਥਿਆੜਾ)
3. ਮਿੱਡ ਵੈਸਟ ਕਬੱਡੀ ਟੀਮ (ਵਿੱਕੀ ਸੰਮੀਪੁਰੀਆ ਤੇ ਤਾਰੀ)
4. ਕਨੇਡਾ ਕਬੱਡੀ ਟੀਮ (ਪੰਮਾ ਦਿਓਲ ਤੇ ਸੇਵਾ ਸਿੰਘ ਰੰਧਾਵਾ)

ਵਿਸ਼ਵ ਕਬੱਡੀ ਕੱਪ ਦੇ ਮੀਡੀਆ ਇੰਚਾਰਜ
**ਐੱਸ ਅਸ਼ੋਕ ਭੌਰਾ**
Phone: 510 415 3315,
Email: ashokbhaura@gmail.com

ਯੂਨਾਈਟਡ ਸਪੋਰਟਸ ਕਲੱਬ, ਰਾਜਾ ਸਵੀਟਸ, ਗੁਰਦਵਾਰਾ ਫਰੀਮਾਂਟ, ਸੈਨਹੋਜ਼ੇ, ਸਟਾਕਟਨ ਅਤੇ ਸਿੰਘ ਸਭਾ ਮਿਲਪੀਟਸ ਗੁਰੂਘਰਾਂ ਦੇ ਸਹਿਯੋਗ ਨਾਲ ਸਾਰਾ ਦਿਨ ਚਾਹ ਪਕੌੜੇ ਅਤੇ ਗੁਰੂ ਕੇ ਲੰਗਰ ਵਰਤਾਏ ਜਾਣਗੇ।

ਪੰਜਾਬੀਆਂ ਦੀ ਮਾਂ ਖੇਡ ਕਬੱਡੀ ਨੂੰ ਨੇੜਿਓਂ ਤੱਕਣ ਲਈ ਦਰਸ਼ਕ ਜੇਮਸ ਲੋਗਨ ਹਾਈ ਸਕੂਲ ਵਿਚ ਹੁੰਮ ਹੁਮਾ ਕੇ ਪਹੁੰਚਣ.ਕਬੱਡੀ ਦੇ ਕੌਮਾਂਤਰੀ ਨਿਯਮ ਲਾਗੂ ਹੋਣਗੇ, ਅੰਤਿਮ ਫੈਸਲਾ ਯੂਨਾਈਟਡ ਸਪੋਰਟਸ ਕਲੱਬ ਦਾ ਹੋਵੇਗਾ